
ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਰਚਨਾਵਲੀ - ਭਾਗ ਗਿਆਰ੍ਹਵਾਂ



ਸੰਪਾਦਕ ਅਤੇ ਪ੍ਰਕਾਸ਼ਕ

ਪ੍ਰੀਤਮ ਸਿੰਘ ਐਮ. ਏ.

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ - ਭਾਗ ਗਿਆਰ੍ਹਵਾਂ

Panth Rattan Bhai Ditt Singh Gyani Rachnavali - Bhag Gyarvan

ਪ੍ਰੀਤਮ ਸਿੰਘ ਐਮ.ਏ.

(ਅਰਥ ਸ਼ਾਸਤਰ ਅਤੇ ਲੋਕ ਪ੍ਰਸ਼ਾਸਨ)
ਜੌਇੰਟ ਡਾਇਰੈਕਟਰ (ਰਿਟਾ:)

ਪਤਾ:-

ਮਕਾਨ ਨੰ: ੪੧੬, ਸੈਕਟਰ ੬੪,

ਐਸ.ਏ.ਐਸ. ਨਗਰ (ਮੋਹਾਲੀ)
ਜ਼ਿਲ੍ਹਾ : ਐਸ.ਏ.ਐਸ. ਨਗਰ (ਪੰਜਾਬ) -੧੬੦੦੬੨
ਫੋਨ : ੦੧੭੨-੨੨੧੨੦੨੦
ਮੋਬਾਈਲ : ੦੯੪੧੭੪੬੧੬੨੫

ਪਹਿਲੀ ਵਾਰ : ੫੦੦ ਕਾਪੀ

ਸੰਨ : ਅਕਤੂਬਰ, ੨੦੦੯ ਈ:

ਕੀਮਤ : ਮੁਫ਼ਤ ਫੰਡ

ਛਾਪਕ : ਮਜੈਸਟਿਕ ਪ੍ਰਿਟਿੰਗ ਪ੍ਰੈਸ, ਫੇਜ-੭, ਮੋਹਾਲੀ

ਲੇਖਕ ਪ੍ਰੀਤਮ ਸਿੰਘ ਐਮ. ਏ. ਦੀਆਂ ਰਚਨਾਵਾਂ

੧.	ਸੱਚੋ ਸੱਚ ਸੁਣੋ ਦੇਖੋ ਬੋਲੋ	(ਲੇਖਕ ਅਤੇ ਪ੍ਰਕਾਸ਼ਕ)	(ਨਵੰਬਰ, ੨੦੦੦ ਈ:)
੨.	ਦਲਿਤ ਰਤਨਾਂ ਦੀ ਮਾਲਾ	(ਲੇਖਕ ਅਤੇ ਪ੍ਰਕਾਸ਼ਕ)	(ਫ਼ਰਵਰੀ, ੨੦੦੨ ਈ:)
੩.	ਦਲਿਤ ਸਿੱਖ ਪੰਥ ਦੇ ਰਾਖੇ	(ਲੇਖਕ ਅਤੇ ਪ੍ਰਕਾਸ਼ਕ)	(ਜਨਵਰੀ, ੨੦੦੩ ਈ:)
੪.	ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਦੀ ਰਚਨਾ- ਪੈਂਤੀ ਅੱਖਰ	(ਸੰਪਾਦਕ ਤੇ ਪ੍ਰਕਾਸ਼ਕ)	(ਸਤੰਬਰ, ੨੦੦੩ ਈ:)
੫.	ਅਣਖੀ ਦਲਿਤ ਰਤਨ	(ਲੇਖਕ ਅਤੇ ਪ੍ਰਕਾਸ਼ਕ)	(ਜਨਵਰੀ, ੨੦੦੪ ਈ:)
੬.	ਸੌ ਸਵਾਲ-ਜਵਾਬ	(ਲੇਖਕ ਅਤੇ ਪ੍ਰਕਾਸ਼ਕ)	(ਜੁਲਾਈ, ੨੦੦੪ ਈ:)
੭.	ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ-ਭਾਗ ਪਹਿਲਾ	(ਸੰਪਾਦਕ ਅਤੇ ਪ੍ਰਕਾਸ਼ਕ)	(ਜਨਵਰੀ, ੨੦੦੫ ਈ:)
੮.	ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ-ਭਾਗ ਦੂਜਾ	(ਸੰਪਾਦਕ ਅਤੇ ਪ੍ਰਕਾਸ਼ਕ)	(ਜੁਲਾਈ, ੨੦੦੫ ਈ:)
੯.	ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਤੀਜਾ	(ਸੰਪਾਦਕ ਅਤੇ ਪ੍ਰਕਾਸ਼ਕ)	(ਜਨਵਰੀ, ੨੦੦੬ ਈ:)
੧੦.	ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਚੌਥਾ	(ਸੰਪਾਦਕ ਅਤੇ ਪ੍ਰਕਾਸ਼ਕ)	(ਅਪ੍ਰੈਲ, ੨੦੦੬ ਈ:)
੧੧.	ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਪੰਜਵਾਂ	(ਸੰਪਾਦਕ ਅਤੇ ਪ੍ਰਕਾਸ਼ਕ)	(ਸਤੰਬਰ, ੨੦੦੬ ਈ:)

ਲੇਖਕ ਪ੍ਰੀਤਮ ਸਿੰਘ ਐਮ. ਏ. ਦੀਆਂ ਰਚਨਾਵਾਂ

੧੨. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ
ਰਚਨਾਵਲੀ ਭਾਗ ਛੇਵਾਂ (ਸੰਪਾਦਕ ਅਤੇ ਪ੍ਰਕਾਸ਼ਕ) (ਜਨਵਰੀ, ੨੦੦੭ ਈ:)

੧੩. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ
ਰਚਨਾਵਲੀ ਭਾਗ ਸੱਤਵਾਂ (ਸੰਪਾਦਕ ਅਤੇ ਪ੍ਰਕਾਸ਼ਕ) (ਅਪ੍ਰੈਲ, ੨੦੦੭ ਈ:)

੧੪. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ
ਰਚਨਾਵਲੀ ਭਾਗ ਅਠੱਵਾਂ (ਸੰਪਾਦਕਅਤੇ ਪ੍ਰਕਾਸ਼ਕ) (ਸਤੰਬਰ, ੨੦੦੭ ਈ:)

੧੫. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ
ਰਚਨਾਵਲੀ ਭਾਗ ਨੌਵਾਂ (ਸੰਪਾਦਕ ਅਤੇ ਪ੍ਰਕਾਸ਼ਕ) (ਮਾਰਚ, ੨੦੦੮ ਈ:)

੧੬. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ
ਰਚਨਾਵਲੀ ਭਾਗ ਦਸਵਾਂ (ਸੰਪਾਦਕ ਅਤੇ ਪ੍ਰਕਾਸ਼ਕ) (ਜੁਲਾਈ, ੨੦੦੮ ਈ:)

੧੭. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ
ਰਚਨਾਵਲੀ ਭਾਗ ਗਿਆਰ੍ਹਵਾਂ (ਲੇਖਕ ਅਤੇ ਪ੍ਰਕਾਸ਼ਕ) (ਅਕਤੂਬਰ, ੨੦੦੮ ਈ:)

੧੮. ਪੰਜ ਨਾਦ (ਲੇਖਕ ਅਤੇ ਪ੍ਰਕਾਸ਼ਕ) (ਛਪਾਈ ਅਧੀਨ)

੧੯. ਅਨਮੋਲ ਸ਼ਬਦ (ਲੇਖਕ ਅਤੇ ਪ੍ਰਕਾਸ਼ਕ) (ਛਪਾਈ ਅਧੀਨ)

੨੦. ਖੱਟੇ ਮਿੱਠੇ ਅਨੁਭਵ (ਲੇਖਕ ਅਤੇ ਪ੍ਰਕਾਸ਼ਕ) (ਛਪਾਈ ਅਧੀਨ)

੨੧-੨੫. ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ (ਸੰਪਾਦਕ ਅਤੇ ਪ੍ਰਕਾਸ਼ਕ) (ਤਿਆਰੀ ਅਧੀਨ)
ਰਚਨਾਵਲੀ - ਭਾਗ ਬਾਰ੍ਹਵਾਂ ਤੋਂ ਸੋਲ੍ਹਵਾਂ

੨੬- ਗਿਆਨ ਸਾਗਰ (ਲੇਖਕ ਅਤੇ ਪ੍ਰਕਾਸ਼ਕ) (ਯੋਜਨਾ ਅਧੀਨ)

੨੭- ਗਿਆਨ ਪ੍ਰਕਾਸ਼ (ਲੇਖਕ ਅਤੇ ਪ੍ਰਕਾਸ਼ਕ) (ਯੋਜਨਾ ਅਧੀਨ)

(ਉਕਤ ਸਮੂਹ ਪੁਸਤਕਾਂ ਦੀ ਵੰਡ ਮੁਫ਼ਤ)

ਸਮਰਪਣ

ਸਤਾਰ੍ਹਵੀਂ ਪੁਸਤਕ

"ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ-ਭਾਗ ਗਿਆਰ੍ਹਵਾਂ"

ਪੰਥ ਦੇ ਚਾਰ ਗੁਰਸਿੱਖਾਂ ਭਾਈ ਮਰਦਾਨਾ ਜੀ, ਭਾਈ ਸੱਤਾ ਜੀ, ਭਾਈ ਬਲਵੰਡ ਜੀ ਅਤੇ ਭਾਈ ਸੁੰਦਰ ਜੀ, ਜਿਨ੍ਹਾਂ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ, ਨੂੰ ਸਮਰਪਿਤ।

ਵਿਸ਼ੈ -ਸੂਚੀ

ਮੁੱਢਲੇ ਸ਼ਬਦ

ਅੱਜ ਮੈਨੂੰ ਬੇਹੱਦ ਖੁਸ਼ੀ ਹੈ ਕਿ ਪ੍ਰਮਾਤਮਾ ਦੀ ਅਪਾਰ ਕ੍ਰਿਪਾ ਸੱਦਕਾ ਮੈਂ ਆਪਣੇ ੨੦੦੪ ਈ: ਵਿੱਚ ਵਿਉਂਤੇ ਲਕਸ਼ ਦੀ ਅੰਤਮ ਮੰਜ਼ਲ ਉਤੇ ਪਹੁੰਚ ਗਿਆ ਹਾਂ ਅਤੇ ਮਹਿਸੂਸ ਕਰ ਰਿਹਾ ਹਾਂ ਕਿ ਮੈਂ ਇਕ ਉੱਚੇ ਪਹਾੜ ਦੀ ਟੀਸੀ ਉਤੇ ਆਪਣੀ ਜਿੱਤ ਦਾ ਝੰਡਾ ਲਹਿਰਾ ਰਿਹਾ ਹਾਂ। ਇਸ ਮਹਾਨ ਮੰਜ਼ਲ ਉਤੇ ਅੱਪੜਨ ਲਈ ਢਾਈ ਲੱਖ ਰੁਪਏ ਖਰਚ ਆਏ ਅਤੇ ਅਣਥੱਕ ਮਿਹਨਤ ਦੇ ਨਾਲ-2 ਪੂਰੇ ਪੰਜ ਸਾਲਾਂ ਦਾ ਲੰਮਾ ਸਮਾਂ ਹੈ। ਇਸ ਸਮੇਂ ਦੌਰਾਨ ਮੈਂ, ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਦੇ ਗਿਆਰ੍ਹਾਂ ਭਾਗ (ਭਾਗ ੧-੧੧) ਸੰਪਾਦਿਤ ਅਤੇ ਪ੍ਰਕਾਸ਼ਿਤ ਕਰਨ ਵਿੱਚ, ਭਾਰੀ ਕਾਮਯਾਬੀ ਹਾਸਲ ਕੀਤੀ ਹੈ। ਇਹਨਾਂ ਗਿਆਰ੍ਹਾਂ ਭਾਗਾਂ ਵਿੱਚ ਗਿਆਨੀ ਜੀ ਦੀਆਂ ੭੧ ਕ੍ਰਿਤਾਂ ਵਿੱਚੋਂ ੩੩ ਕ੍ਰਿਤਾਂ ਦੀਆਂ ਪੁਨਰ-ਛਾਪਾਂ ਪ੍ਰਕਾਸ਼ਨ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ।

ਚਲ ਰਹੀ ਰਚਨਾਵਲੀ ਦੀ ਲੜੀ ਦੇ ਗਿਆਰ੍ਹਵੇਂ ਭਾਗ ਵਿੱਚ ਗਿਆਨੀ ਜੀ ਦੀਆਂ ਦੋ ਕ੍ਰਿਤਾਂ (੧) ਪ੍ਰਤੱਗਯਾ ਪਾਲਨ (੨) ਨੀਤੀ ਪ੍ਰਕਾਸ਼ ਬਤੌਰ ਪੁਨਰ-ਛਾਪ ਸ਼ਾਮਲ ਕੀਤੀਆਂ ਹਨ। ਪ੍ਰਤੱਗਯਾ ਪਾਲਨ ਮਹਾਨ ਅਧਿਆਤਮਕ ਕਾਵਿ ਰਚਨਾ ਹੈ ਜਿਸ ਵਿੱਚ ਗਿਆਨੀ ਜੀ ਨੇ ਫ਼ਰਾਖਦਿਲੀ ਨਾਲ ਸਿੱਖ ਧਰਮ ਤੋਂ ਇਲਾਵਾ ਹਿੰਦੂ ਧਰਮ, ਮੁਸਲਮਾਨ ਧਰਮ ਦੇ ਨਾਇਕਾਂ ਅਤੇ ਮਹਾਂ ਪੁਰਖਾਂ ਦੀਆਂ ਸਾਖੀਆਂ ਕਾਵਿ-ਰੂਪ ਵਿੱਚ ਪੇਸ਼ ਕੀਤੀਆਂ ਹਨ ਅਤੇ ਲੋਕਾਂ ਨੂੰ ਦਸਿਆ ਹੈ ਕਿ ਕਿਵੇਂ ਪੁਰਾਤਨ ਸਮਿਆਂ ਵਿੱਚ ਮਹਾਨ ਰਿਖੀਆਂ, ਭਗਤਾਂ, ਗੁਰੂਆਂ ਅਤੇ ਹੋਰ ਬਹੁਤ ਸਾਰੇ ਭਾਰਤ ਦੇ ਨਾਇਕਾਂ ਅਤੇ ਮਹਾਂ ਪੁਰਖਾਂ ਆਦਿ ਨੇ ਆਪਣੇ ਦਿੱਤੇ ਬਚਨ ਪੂਰੇ ਕੀਤੇ ਅਤੇ ਦੁੱਖ ਝੱਲਕੇ ਵੀ ਜੀਵਨ ਵਿੱਚ ਕੀਤੀ ਪ੍ਰਤੱਗਯਾ ਦਾ ਪਾਲਨ ਕੀਤਾ, ਨਾ ਹੀ ਕਦੀ ਬਚਨ ਭੰਗ ਕੀਤਾ ਅਤੇ ਨਾ ਕਦੀ ਪ੍ਰਤੱਗਯਾ ਭੰਗ

ਕੀਤੀ। 'ਪ੍ਰਤੱਗਯਾ ਪਾਲਨ' ਦੀ ਪਹਿਲੀ ਛਾਪ ੧੮੯੬ ਈ: ਦੀ ਹੈ ਜਿਸ ਦਾ ਛਾਪਾ ਐਨਾ ਮੱਧਮ ਪੈ ਗਿਆ ਹੈ ਕਿ ਲੈਂਨਜ ਦੀ ਵਰਤੋਂ ਨਾਲ ਹੀ ਇਸ ਕ੍ਰਿਤ ਦੀ ਪੁਨਰ-ਛਾਪ ਹੋਂਦ ਵਿੱਚ ਆ ਸਕੀ। ਜੇਕਰ ਇਸ ਕ੍ਰਿਤ ਦੀ ਪੁਨਰ-ਛਾਪ ਹੁਣ ਵੀ ਨਾ ਪ੍ਰਕਾਸ਼ਿਤ ਹੁੰਦੀ ਤਾਂ ਗਿਆਨੀ ਜੀ ਦੀ ਇਹ ਮਹਾਨ ਕ੍ਰਿਤ ਜਲਦੀ ਹੀ ਅਲੋਪ ਹੋ ਜਾਂਦੀ।

ਇਸ ਲੜੀ ਦੇ ਭਾਗ- ੧੧ ਵਿੱਚ ਪੰਥ ਰਤਨ ਭਾਈ ਦਿੱਤ ਸਿੰਘ ਜੀ ਦੀ ਮਹਾਨ ਕ੍ਰਿਤ 'ਨੀਤੀ ਪ੍ਰਕਾਸ਼' ਦੀ ਪੁਨਰ-ਛਾਪ ਵੀ ਸ਼ਾਮਲ ਕੀਤੀ ਹੈ ਜਿਸ ਵਿੱਚ ਗਿਆਨੀ ਜੀ ਦੀ ਅਧਿਆਤਮਕ ਅਤੇ ਧਾਰਮਕ ਰੁਚੀ ਪ੍ਰਕਾਸ਼ ਹੁੰਦੀ ਹੈ। ਪੁਸਤਕ ਵਿੱਚ ਗਿਆਨੀ ਜੀ ਨੇ ਲੋਕਾਂ ਨੂੰ ਜਿੰਦਗੀ ਵਿੱਚ ਸਿੱਧੇ ਰਸਤੇ ਅਤੇ ਸਿੱਖ ਧਰਮ ਦੇ ਪਵਿੱਤਰ ਮਾਰਗ ਉਤੇ ਚਲਣ ਲਈ ਆਪਣੇ ਦੁਰਲੱਭ ਨੀਤੀ ਬਚਨ ਪ੍ਰਗਟ ਕੀਤੇ ਹਨ। ਆਪ ਜੀ ਦੇ ਬਚਨਾਂ ਦਾ ਭਾਵ ਇਹ ਹੈ ਕਿ "ਭਲੇ ਪੁਰਖ ਤਾਂ ਆਪਣੀ ਭਲਾਈ ਕਰਕੇ ਪ੍ਰਸਿੱਧ ਹੋ ਜਾਂਦੇ ਹਨ ਅਤੇ ਬੁਰੇ ਪੁਰਖ ਆਪਣੀ ਬੁਰਯਾਈ ਕਰਕੇ।"

ਗਿਆਨੀ ਜੀ ਦੀਆਂ ੭੧ ਰਚਨਾਵਾਂ ਮੇਰੇ ਲਈ ੨੦੦੨ ਈ: ਵਿੱਚ ਇੱਕ ਸੁਪਨਾ ਹੀ ਸਨ। ਮੈਨੂੰ ਤਾਂ ਉਸ ਸਮੇਂ ਇਹ ਇੱਕ ਫੁਰਨਾ ਹੀ ਲੱਗਿਆ ਸੀ ਅਤੇ ਇਸ ਦੇ ਸਾਕਾਰ ਹੋਣ ਦੀ ਕੋਈ ਵੀ ਉਮੀਦ ਨਹੀਂ ਸੀ। ਅੱਜ ਜਦੋਂ ਮੈਂ ਉਸ ਮਹਾਨ ਕਵੀ/ਲੇਖਕ ਦੀਆਂ ੩੩ ਕ੍ਰਿਤਾਂ ਦੀਆਂ ਪੁਨਰ-ਛਾਪਾਂ ਰਚਨਾਵਲੀ ਦੀ ਲੜੀ ਦੇ ਗਿਆਰ੍ਹਾਂ (੧-੧੧) ਭਾਗਾਂ ਵਿੱਚ ਪ੍ਰਕਾਸ਼ਨ ਕਰਨ ਵਿੱਚ ਸਫ਼ਲ ਹੋਇਆ ਹਾਂ ਤਾਂ ਮੈਨੂੰ ਸੱਤ ਸਾਲ ਪਹਿਲਾਂ ਉੱਗਮੇ ਸੁਪਨੇ ਅੱਜ ਅਮਲੀ ਰੂਪ ਵਿੱਚ ਸਾਕਾਰ ਹੋਏ ਨਜ਼ਰ ਆ ਰਹੇ ਹਨ। ਇਸ ਤਰ੍ਹਾਂ ਮੈਨੂੰ ਮਹਿਸੂਸ ਹੋ ਰਿਹਾ ਹੈ ਕਿ ਮੈਂ ਆਪਣੀ ਅਕਾਂਕਸ਼ਾ ਦੀ ਪੌੜੀ ਦੇ ਉਪਰਲੇ ਡੰਡੇ ਉਤੇ ਪਹੁੰਚ ਗਿਆ ਹਾਂ।

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਪੰਜਾਬੀ ਪੱਤਰਕਾਰੀ ਦੇ ਪਿਤਾਮਾ ਸਨ। ਆਪ ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਅਤੇ ਲਹੌਰ ਦੇ ਬਾਨੀ

ਅਤੇ ਖਾਲਸਾ ਦਰਬਾਰ ਲਹੌਰ ਦੇ ਬਾਨੀ, ਖਾਲਸਾ ਕਾਲਜ, ਅੰਮ੍ਰਿਤਸਰ ਦੇ ਮੋਢੀ, ਖਾਲਸਾ ਪ੍ਰੈਸ ਦੇ ਮੋਢੀ, ਖਾਲਸਾ ਅਖਬਾਰ, ਲਹੌਰ ਦੇ ਪਹਿਲੇ ਐਡੀਟਰ, ਪੰਜਾਬੀ ਦੇ ਪਹਿਲੇ ਪ੍ਰੋਫੈਸਰ ਅਤੇ ਮਹਾਨ ਸੇਵਕ ਸਨ ਜਿਨ੍ਹਾਂ ਨੇ ਪੰਜਾਬੀ ਭਾਸ਼ਾ ਦੇ ਫੈਲਾਅ, ਵਿਕਾਸ ਅਤੇ ਉਨੱਤੀ ਲਈ ਸਾਰੀ ਉਮਰ ਹੱਡ ਭੰਨਵੀਂ ਮਿਹਨਤ ਕੀਤੀ। ਆਪ ਜੀ ਨੇ ਦੇਸੀ/ਪੰਜਾਬੀ ਭਾਸ਼ਾ ਬਾਰੇ ਖਾਲਸਾ ਅਖਬਾਰ, ਲਹੌਰ ਦੇ ੨੯ ਜੂਨ, ੧੮੯੩ ਈ: ਦੇ ਅੰਕ ਵਿੱਚ ਹੇਠ ਦਿੱਤੇ ਵਿਚਾਰ ਛਾਪੇ ਸਨ :-

"ਇਸ ਭੂਗੋਲ ਦੇ ਮਹਾਤਮਾ ਜੋ ਦੇਸੀ ਯਾ ਕੌਮੀ ਉਨੱਤੀ ਨੂੰ ਜਾਣਦੇ ਹਨ ਉਹ ਇਹ ਇਸ ਬਾਤ ਨੂੰ ਜਾਨਦੇ ਹੋਨਗੇ ਕਿ ਜਿਤਨਾ ਚਿਰ ਪੁਰਖ ਅਪਨੀ ਦੇਸੀ ਭਾਸ਼ਾ ਨੂੰ ਉਨੱਤੀ ਨਹੀਂ ਦੇਨਗੇ ਉਤਨਾ ਚਿਰ ਉਨ੍ਹਾਂ ਦੇ, ਦੇਸ ਯਾ ਧਰਮ ਦੀ ਉਨੱਤੀ ਨਹੀ ਹੋਵੇਗੀ, ਜਿਨਾਂ 2 ਦੇਸ ਨਿਵਾਸੀਆਂ ਨੇ ਆਪਣੀ ਉਨੱਤੀ ਕੀਤੀ ਸੋ ਦੇਸੀ ਭਾਸ਼ਾ ਦੇ ਪ੍ਰਭਾਵ ਨਾਲ ਕੀਤੀ-ਹਰ ਇਕ ਕੌਮ ਦਾ ਬਾਦਸ਼ਾਹ ਜਦ ਦੂਸਰੇ ਦੇਸ ਪਰ ਹਮਲਾ ਕਰਨ ਗਿਆ-ਤਦ ਉਸ ਨੈ ਉਸ ਦੇਸ ਦੀ ਦੌਲਤ ਅਤੇ ਭਾਸ਼ਾ ਪਰ ਹਮਲਾ ਕੀਤਾ ਅਤੇ ਅਪਨੀ ਰਸਮ ਅਰ ਭਾਸ਼ਾ ਦਾ ਉਨ੍ਹਾਂ ਨੂੰ ਆਕੇ ਦਾਨ ਦਿੱਤਾ ਜਿਸ ਦਾ ਕਾਰਨ ਇਹ ਸੀ ਕਿ ਜਦ ਉਨ੍ਹਾਂ ਦੀ ਅਸਲੀ ਭਾਸ਼ਾ ਨਸ਼ਟ ਹੋ ਗਈ ਤਦ ਉਨ੍ਹਾਂ ਦੇ ਖਯਾਲਾਤ ਜੋ ਉਨ੍ਹਾਂ ਦੀ ਭਾਸ਼ਾ ਵਿਚ ਸੇ ਭਾਵੇਂ ਉਹ ਦੁਨਯਾਵੀ ਅਤੇ ਭਾਵੇਂ ਧਰਮ ਦੇ ਸੇ ਭੀ ਨਾਲ ਹੀ ਨਸ਼ਟ ਹੋ ਗਏ।"

ਗਿਆਨੀ ਜੀ ਗਰੀਬ ਦਲਿਤ ਪ੍ਰੀਵਾਰ ਵਿਚੋਂ ਉਠਕੇ ਅੰਤਰ ਰਾਸ਼ਟਰੀ ਪੱਧਰ ਉਤੇ ਬਤੌਰ ਲੇਖਕ ਪਹੁੰਚੇ। ਪਟਿਆਲਾ ਰਿਆਸਤ ਦੇ ਪਿੰਡ ਕਲੌੜ (ਹੁਣ ਜ਼ਿਲ੍ਹਾ ਫਤਿਹਗੜ੍ਹ ਪੰਜਾਬ) ਵਿਖੇ ਜਨਮੇ ਗੁਲਾਬਦਾਸੀ ਡੇਰਾ ਤਿਉੜ ਅਤੇ ਸੰਤ ਗੁਲਾਬਦਾਸ ਦੇ ਡੇਰੇ (ਨੇੜੇ ਲਹੌਰ) ਤੋਂ ਧਾਰਮਕ ਗ੍ਰੰਥਾਂ ਦੀ ਵਿੱਦਿਆ ਪ੍ਰਾਪਤ ਕਰਕੇ ਸਿੰਘ ਸਭਾ ਲਹਿਰ ਦੇ ਚਾਲਕ ਬਣਕੇ ਖਾਲਸਾ ਪੰਥ ਦੀ ਉੱਨਤੀ ਅਤੇ ਵਿਸਥਾਰ ਲਈ ਲਹੌਰ ਡੇਰਾ ਜਮਾਇਆ। ਗਿਆਨੀ ਜੀ ਦੇ ਜੀਵਨ ਅਤੇ ਸ਼ਖ਼ਸੀਅਤ ਬਾਰੇ ਵਿਸਥਾਰ ਪੂਰਬਕ ਜਾਣਕਾਰੀ 'ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ-ਭਾਗ ਪਹਿਲਾ' ਦੇ ਪੰਨਾਂ ੧੧-੩੯ ਉੱਤੇ ਦਿੱਤੀ ਗਈ ਹੈ।

ਗਿਆਨੀ ਜੀ ਨੇ ਆਪਣੇ ਛੋਟੇ ਜਿਹੇ ਜੀਵਨ-ਕਾਲ (੧੮੫੦-੧੯੦੧ ਈ:) ਦੌਰਾਨ ਮਾਂ ਬੋਲੀ ਪੰਜਾਬੀ ਦੀ ਝੋਲੀ ੭੧ ਪੁਸਤਕਾਂ ਪਾਈਆਂ ਅਤੇ ਉਹਨਾਂ ਮਹਾਨ ਕ੍ਰਿਤਾਂ ਦੀ ਸੂਚੀ ਹੇਠ ਦਿੱਤੀ ਜਾਂਦੀ ਹੈ :-

੧. ਸ਼ੀਰੀ ਫ਼ਰਹਾਦ
੨. ਅਬਲਾ ਨਿੰਦ
੩. ਮਨ ਸੰਬੋਧਨ ਗ੍ਰੰਥ
੪. ਪੰਮਾ ਪ੍ਰਬੋਧ
੫. ਗੁੱਗਾ ਗਪੋੜਾ
੬. ਮੀਰਾਂ ਮਨੌਤ
੭. ਡਰਪੋਕ ਸਿੰਘ ਅਤੇ ਦਲੇਰ ਸਿੰਘ
੮. ਮੇਰਾ ਅਤੇ ਸਾਧੂ ਦਯਾ ਨੰਦ ਦਾ ਸੰਬਾਦ
੯. ਸ੍ਰੀ ਗੁਰੂ ਅਰਜਨ ਚਰਿੱਤ (ਸ਼ਹੀਦੀ)
੧੦. ਭਾਈ ਬੋਤਾ ਸਿੰਘ ਦੀ ਸ਼ਹੀਦੀ
੧੧. ਭਾਈ ਤਾਰਾ ਸਿੰਘ ਵਾਈਏਂ ਦੀ ਸ਼ਹੀਦੀ
੧੨. ਮੀਰਾਂ ਕੋਟੀਏ ਭਾਈ ਮਤਾਬ ਸਿੰਘ ਦੀ ਬਹਾਦਰੀ
੧੩. ਭਾਈ ਤਾਰੂ ਸਿੰਘ ਦੀ ਸ਼ਹੀਦੀ
੧੪. ਭਾਈ ਸੁਬੇਗ ਸਿੰਘ ਦੀ ਸ਼ਹੀਦੀ
੧੫. ਸਿੱਖ ਬੱਚੇ ਦੀ ਸ਼ਹੀਦੀ
੧੬. ਸਿੰਘਣੀਆਂ ਦੇ ਸਿੱਦਕ
੧੭. ਸਰਹੱਦ ਤੇ ਪਲਟਨ ਨੰ: ੧੫ ਦੀ ਬਹਾਦਰੀ
੧੮. ਸੁਪਨ ਨਾਟਕ
੧੯. ਗੁਰਮਤ ਆਰਤੀ ਪ੍ਰਬੋਧ
੨੦. ਧਰਮ ਦਰਪਣ
੨੧. ਸੁਲਤਾਨ ਪੁਆੜਾ
੨੨. ਜਨਮ ਸਾਖੀ ਗੁਰੂ ਨਾਨਕ ਦੇਵ ਜੀ
੨੩. ਸ੍ਰੀ ਗੁਰੂ ਨਾਨਕ ਪ੍ਰਬੋਧ
੨੪. ਸ੍ਰੀ ਗੁਰੂ ਨਾਨਕ ਦਰਸ਼ਨ
੨੫. ਜੀਵਨ ਕਥਾ ਗੁਰੂ ਅੰਗਦ ਦੇਵ ਜੀ
੨੬. ਗੁਰੂ ਅਮਰ ਪ੍ਰਬੋਧ (ਭਾਗ-੧)
੨੭. ਜੀਵਨ ਕਥਾ ਗੁਰੂ ਅਮਰਦਾਸ ਜੀ
੨੮. ਸ੍ਰੀ ਗੁਰੂ ਰਾਮਦਾਸ ਪ੍ਰਬੋਧ (ਭਾਗ-੧)
੨੯. ਜੀਵਨ ਕਥਾ ਗੁਰੂ ਅਰਜਨ ਦੇਵ ਜੀ
੩੦. ਸ੍ਰੀ ਗੁਰੂ ਅਰਜਨ ਪ੍ਰਬੋਧ (ਭਾਗ-੧)
੩੧. ਜੀਵਨ ਕਥਾ ਗੁਰੂ ਹਰਿ ਰਾਇ ਜੀ
੩੨. ਜੀਵਨ ਕਥਾ ਗੁਰੂ ਹਰਿ ਕ੍ਰਿਸ਼ਨ ਜੀ
੩੩. ਜੀਵਨ ਕਥਾ ਗੁਰੂ ਤੇਗ ਬਹਾਦਰ ਜੀ
੩੪. ਕਲਗੀਧਰ ਉਪਕਾਰ
੩੫. ਦਸਮ ਗੁਰੂ ਜੀ ਦੇ ਚਰਿੱਤ
੩੬. ਭਾਰਤ ਮੰਗਲ
੩੭. ਸ੍ਰੀ ਗੁਰਬਾਣੀ ਪ੍ਰਬੋਧ
੩੮. ਪ੍ਰਤੱਗਯਾ ਪਾਲਨ
੩੯. ਅੰਮ੍ਰਿਤ ਵਧਾਈ
੪੦. ਨੀਤੀ ਗੁਲਦਸਤਾ
੪੧. ਨੀਤੀ ਪ੍ਰਕਾਸ਼
੪੨. ਰਾਜ ਪ੍ਰਬੋਧ ਨਾਟਕ
੪੩. ਅਵਤਾਰ ਪ੍ਰਬੋਧ
੪੪. ਪੰਥ ਸੁਧਾਰ ਬਿਨਯ ਪੱਤਰ
੪੫. ਖਾਲਸਾ ਪੱਤਰ
੪੬. ਸਮਸਿਆ ਪੂਰਤੀ
੪੭. ਨਕਲੀ ਸਿੱਖ ਪ੍ਰਬੋਧ
੪੮*. ਨੀਤੀ ਬਚਨ
੪੯. ਦੰਭ ਵਿਦਾਰਨ
੫੦. ਦੁਰਗਾ ਪ੍ਰਬੋਧ
੫੧. ਦਿੱਤ ਹਰੀ ਉਪਦੇਸ਼ ਮਾਲਾ
੫੨. ਵੇਦਕ ਰਿਸ਼ੀਆਂ ਦੇ ਇਲਮ ਤੇ ਹੁਨਰ
੫੩*. ਸ਼ਹੀਦੀ ਪ੍ਰਬੋਧ (ਸ਼ਹੀਦੀ ਸਾਕੇ)
੫੪*. ਪੁਜਾਰੀ ਪ੍ਰਬੋਧ
੫੫*. ਪਤਿਤ ਪਾਵਨ
੫੬*. ਧਰਮ ਸੰਸਕਾਰ

੫੭*. ਗੁਰੂ ਹਰਿ ਰਾਇ ਪ੍ਰਬੋਧ	੬੫.++ ਕਿਆ ਵੇਦ ਇਲਹਾਮੀ ਹੈਂ?
੫੮*. ਪੰਥ ਪ੍ਰਬੋਧ	੬੬.++ ਵੇਦਾਂ ਦੀ ਜਾਦੂਗਰੀ
੫੯*. ਮੀਰਾਂ ਮਨੌਤ-ਸੈਲਾਨੀ ਸਿੰਘ	੬੭.++ ਵੇਦਕ ਯੱਗ ਤੇ ਕੁਰਬਾਨੀਆਂ
੬੦*. ਨੀਤੀ ਵਿਚਾਰ	੬੮.++ ਵੇਦਕ ਰਿਸ਼ੀਆਂ ਦੀ ਤਹਿਜ਼ੀਬ
੬੧.+ ਬਿਨੰਤੀ	੬੯.++ ਵੇਦਕ ਮੱਤ
੬੨**. ਗੁਰ ਗਯਾਨ ਪ੍ਰਬੋਧ	੭੦.++ ਵੇਦਕ ਗੀਤਾਂ ਰਸਮਾਂ
੬੩**. ਖਾਲਸਾ ਪ੍ਰਬੋਧ	੭੧. ਚੋਣਵੇਂ ਲੇਖ
੬੪**. ਗੁਰਮਤ ਉਪਦੇਸ਼ ਪ੍ਰਬੋਧ	

ਗਿਆਨੀ ਜੀ ਦੀਆਂ ੭੧ ਰਚਨਾਵਾਂ ਵਿਚੋਂ ੫੦ ਕ੍ਰਿਤਾਂ ਕਵਿਤਾ ਵਿੱਚ ਹਨ ਜਿਨ੍ਹਾਂ ਵਿੱਚ ਵੱਖ-੨ ਕਾਵਿ-ਕਲਾ ਦੇ ਨਮੂਨੇ ਮਿਲਦੇ ਹਨ। ਆਪ ਜੀ ਨੇ ਪੰਜਾਬੀ ਵਿੱਚ ਪ੍ਰਭਾਵਸ਼ਾਲੀ ਕਾਵਿ ਕਲਾ ਨੂੰ ਜਨਮ ਦਿੱਤਾ। ਉਨ੍ਹਾਂ ਦੀ ਸ਼ੈਲੀ ਸਰਲ ਅਤੇ ਪੇਂਡੂ ਹੈ, ਕਿਤੇ ਨਾਟਕੀ, ਕਿਤੇ ਮਹਾਂ-ਕਾਵਿ ਦੀ ਗੰਭੀਰਤਾ, ਵਿਚਿਤ੍ਰਤਾ ਅਤੇ ਪ੍ਰਭਾਵਸ਼ਾਲੀ ਹੈ। ਕਿਸੇ ਇਕੋ ਰਚਨਾ ਵਿੱਚ ਕਈ ਸ਼ੈਲੀਆਂ ਦੇ ਸਵਾਦ ਦੇਣਾ ਉਹਨਾਂ ਦੀ ਕਾਵਿ-ਕਲਾ ਦਾ ਉੱਜਲਾ ਪੱਖ ਹੈ। ਉਹਨਾਂ ਦੀ ਕਾਵਿ-ਕਲਾ ਦੀ ਦੂਜੀ ਵਿਸ਼ੇਸ਼ਤਾ ਸੁਭਾਵਿਕਤਾ ਹੈ ਜਿਸ ਦਾ ਅਧਾਰ ਸਰਲਤਾ ਹੈ। ਆਪਨੇ ਬੜੇ ਗੰਭੀਰ ਭਾਵਾਂ ਅਤੇ ਵਿਚਾਰਾਂ ਨੂੰ ਸਾਦਗੀ ਅਤੇ ਲੋਕ ਪੱਧਰ ਤੇ ਪੇਸ਼ ਕੀਤਾ ਹੈ ਕਿ ਪੇਂਡੂ ਲੋਕ ਵੀ ਉਸ ਦਾ ਰਸ ਮਾਣ ਸਕਦੇ ਹਨ। ਤੀਜੀ ਵਿਸ਼ੇਸ਼ਤਾ ਇਹ ਹੈ ਕਿ ਆਪ ਨੇ ਪ੍ਰਭਾਵ ਉਤਪੰਨ ਕਰਨ ਲਈ ਇਤਿਹਾਸਕ ਨਾਇਕਾਂ ਦੇ ਪ੍ਰਸੰਗ ਲਿਖੇ ਹਨ ਜਿਸ ਦਾ ਇਹੀ ਕਾਰਣ ਹੈ ਕਿ ਇੱਕ ਸਦੀ ਤੋਂ ਵੀ ਵੱਧ ਸਮਾਂ ਬੀਤਣ ਦੇ ਬਾਵਜੂਦ ਉਨ੍ਹਾਂ ਦੀਆਂ ਕ੍ਰਿਤਾਂ ਅੱਜ ਵੀ ਅਸਰਦਾਰ ਨਜ਼ਰ ਆ ਰਹੀਆਂ ਹਨ

* ਕ੍ਰਮ ਨੰ. ੫੩-੫੯ ਤੱਕ ਸੱਤ ਰਚਨਾਵਾਂ ਗਿਆਨੀ ਜੀ ਦੀਆਂ ਹਨ, ਜੋ ਪੰਜਾਬੀ ਲੇਖਕ ਕੋਸ਼ (ਸੰਨ 2003 ਈ:) ਸੰਪਾਦਕ ਪ੍ਰੋ: ਪ੍ਰੀਤਮ ਸਿੰਘ ਵੱਲੋਂ ਕੋਸ਼ ਦੇ ਪੰਨਾ ੩੯੮ ਉੱਤੇ ਦਰਜ ਹਨ।

\+ ਡਾ: ਕਰਨੈਲ ਸਿੰਘ ਸੋਮਲ ਦੀ ਲਿਖੀ ਪੁਸਤਕ ਭਾਈ ਦਿੱਤ ਸਿੰਘ ਗਿਆਨੀ ਜੀਵਨ, ਰਚਨਾ ਤੇ ਸ਼ਖ਼ਸ਼ੀਅਤ ਸੰਨ ੨੦੦੫ ਈ: ਵਿਚ ਛੱਪੀ ਪੁਸਤਕ ਵਿੱਚ ਦਰਜ ਹਨ।

** ਸੰਨ ਫਰਵਰੀ, ੧੯੩੨ ਈ: ਵਿੱਚ ਭਾਈ ਤਾਰਾ ਸਿੰਘ ਕਿਸ਼ਨ ਸਿੰਘ, ਮਾਲਿਕ ਦਿੱਤ ਹਰੀ ਬੁੱਕ ਡਿਪੋ, ਅੰਮ੍ਰਿਤਸਰ ਵੱਲੋਂ ਇਹ ਪੁਸਤਕਾਂ ਛੱਾਪਕੇ ਵੇਚੀਆਂ ਸਨ।

++ ਕ੍ਰਮ ਨੰ. ੬੫-੭੦ ਪੁਸਤਕਾਂ 'ਵੇਦਕ ਰਿਸ਼ੀਆਂ ਦੇ ਇਲਮ ਤੇ ਹੁਨਰ' ਦੀ ਭੂਮਿਕਾ ਦੇ ਪੰਨਾ ੨ ਉਤੇ ਦਰਜ ਹਨ।

• ਨਵੀਆਂ ਖੋਜੀਆਂ ਪੁਸਤਕਾਂ।

ਅਤੇ ਉਹਨਾਂ ਦੀਆਂ ਰਚਨਾਵਾਂ ਦੀ ਮਹਾਨਤਾ ਦੀ ਪਕੜ ਅੱਜ ਵੀ ਢਿਲੀ ਨਹੀਂ ਹੋਈ ਜਿਸ ਕਰਕੇ ਉਹਨਾਂ ਦੀ ਸ਼ਬਦ ਯੋਜਨਾ, ਕਥਨ ਸ਼ਕਤੀ, ਉਕਤੀ-ਯੁਕਤੀ, ਮਨੋਵਿਗਿਆਨਿਕ ਨੀਝ ਅਤੇ ਤੱਥ ਦਾ ਡੂੰਘਾ ਨਰੀਖਣ ਆਦਿ ਗੁਣ ਪੰਜਾਬੀ ਸਾਹਿਤ ਸਾਹਮਣੇ ਹਨ। ਚੌਥੀ ਵਿਸ਼ੇਸ਼ਤਾ ਉਨ੍ਹਾਂ ਦੀ ਕਾਵਿ ਕਲਾ ਵਿੱਚ ਉਚਿੱਤਤਾ ਅਤੇ ਮਰਯਾਦਾ-ਬੱਧਤਾ ਜੋ ਘਟਨਾ ਦੇ ਵਰਨਣ ਤੋਂ ਲੈਕੇ ਨਾਇਕਾਂ ਦੇ ਚਿੱਤ੍ਰਣ ਅਤੇ ਸੰਬਾਦਾਂ ਦੀ ਵਿਉਂਤਬੰਦੀ ਤੱਕ ਇਹ ਗੁਣ ਵਿਦਵਾਨ ਹਨ। ਪੰਜਵੀਂ ਵਿਸ਼ੇਸ਼ਤਾ ਉਨ੍ਹਾਂ ਦੀ ਕਾਵਿ-ਕਲਾ ਵਿੱਚ ਪ੍ਰੇਰਣਾ ਦੇਣ ਦੀ ਅਥਾਹ ਸ਼ਕਤੀ ਜੋ ਚਿਰ-ਸਿਥਾਈ ਹੈ ਜੋ ਸਦੀ ਲੰਘਣ ਕਰਕੇ ਵੀ ਸ਼ਿਥਲ ਨਹੀਂ ਹੋਈ। ਗਿਆਨੀ ਜੀ ਦੀਆਂ ਕਾਵਿ-ਕਲਾਂ ਦੀਆਂ ਉਕਤ ਵਿਸ਼ੇਸ਼ਤਾਵਾਂ ਸਿੱਖ ਸਮਾਜ ਦੀ ਪ੍ਰਤੀਨਿਧਤਾ ਕਰਦੀਆਂ ਹੋਈਆਂ ਅੱਜ ਵੀ ਪੰਜਾਬੀ ਸਾਹਿਤ ਲਈ ਲਾਭਦਾਇਕ ਅਤੇ ਮਾਰਗ-ਦਰਸ਼ਨ ਕਰਨ ਦੇ ਯੋਗ ਹਨ।

ਗਿਆਨੀ ਜੀ ਸਾਰੀ ਉਮਰ ਇਸ ਸੁਪਨੇ ਦੀ ਪੈਰਵੀ ਕਰਦੇ ਰਹੇ ਕਿ ਸਿੱਖੀ-ਸਿਧਾਂਤ ਸਾਰੇ ਭਾਰਤ ਅਤੇ ਸੰਸਾਰ ਵਿੱਚ ਪ੍ਰਫੁਲੱਤ ਹੋਣ। ਉਨ੍ਹਾਂ ਨੇ ਇਹ ਵੀ ਧਿਆਨ ਵਿੱਚ ਰੱਖਿਆ ਕਿ ਕਿਧਰੇ ਸਿੱਖੀ-ਸਾਹਿਤ ਰਚਨਾਵਾਂ ਦਾ ਸੂਤ ਕਚੇਰਾ ਨਾ ਕੱਤਿਆ ਜਾਵੇ ਜਾਂ ਕਿਧਰੇ ਇਹ ਉਲਝ ਨਾ ਜਾਵੇ। ਤੱਤ ਅਤੇ ਤੱਥ ਵਿਚਲੇ ਤਰਕ ਨੂੰ ਤਿੱਖਿਆਂ ਰੱਖਣ ਲਈ ਸੰਜਮ ਵਰਤਿਆ ਸੀ। ਉਨ੍ਹਾਂ ਨੇ ਬ੍ਰਹਿਮੰਡੀ ਚੇਤਨਾ ਨੂੰ ਗੁਰਮਤ-ਚਿੰਤਨ ਨਾਲ ਹਮਾਗੀਰ ਕੀਤਾ ਅਤੇ ਇਸ ਨੂੰ ਆਧੁਨਿਕ ਫਲਸਫੇ ਦੀ ਭਾਸ਼ਾ ਵਿੱਚ ਪਰਿਭਾਸ਼ਿਤ ਅਤੇ ਪ੍ਰੀਵਰਤਿਤ ਕਰਨ ਦਾ ਪਹਿਲਾ ਅਤੇ ਸਫਲ ਜਤਨ ਕੀਤਾ ਸੀ। ਉਨ੍ਹਾਂ ਦੇ ਰੱਚੇ ਸਾਹਿਤ ਦੀਆਂ ਪੈੜਾਂ ਸਾਹਿਤ-ਜਗਤ ਵਿੱਚ ਅੱਜ ਵੀ ਅਮਿੱਟ ਹਨ ਅਤੇ ਉਨ੍ਹਾਂ ਦਾ ਰੱਚਿਆ ਸਿੱਖੀ-ਸਾਹਿਤ ਅੱਜ ਵੀ ਅੱਗੇ ਵਾਂਗ-ਅਮਰ ਅਤੇ ਸੱਜਰਾ ਹੈ। ਉਨ੍ਹਾਂ ਦੀ ਕਾਵਿ-ਰਚਨਾ ਇੱਕ ਅਜ਼ਾਦ, ਬੰਧਨ-ਮੁਕਤ ਜਾਂ ਮਨੁੱਖ ਦੀ ਰਚਨਾ ਹੋਕੇ ਵੀ ਸਟੇਟ, ਨਸਲ ਅਤੇ ਅਖੌਤੀ ਮਜ਼ਬੀਅਤ ਦੇ ਖਿਲਾਫ਼ ਇੱਕ ਵਡੇਰਾ ਤਰਕ ਹੈ। ਜਾਤ-ਪਾਤ, ਛੂਤ-ਛਾਤ, ਪਖੰਡ, ਵਹਿਮ-ਭਰਮ, ਮੂਰਤੀ ਪੂਜਾ, ਵੇਦਾਂ, ਉਪਨਿਸ਼ਦਾਂ, ਪੁਰਾਣਾਂ ਅਤੇ ਸਿੰਮ੍ਰਿਤੀਆਂ ਦੇ ਵਿਰੋਧ ਵਿੱਚ ਖੜੀ ਹੈ। ਕੁਦਰਤ, ਨੇਕੀ, ਬਦੀ,

ਭਉ, ਭਾਉ ਪਿਛੇ ਲੁਕੇ ਸੁਹਜ ਦੀ ਪ੍ਰਤੀਕ ਹੈ। ਦੇਵੀ-ਦੇਵਤਿਆਂ ਦੀ ਵਿਰੋਧੀ ਅਤੇ ਇਕੋ ਕਰਤਾਰੀ/ਅਕਾਲ-ਪੁਰਖੀ ਸਿਧਾਂਤਕ ਮੁਹਾਂਦਰੇ ਨੂੰ ਪਛਾਂਣਦੀ ਹੈ। ਕਾਵਿ-ਰਚਨਾ ਵਿੱਚ ਬੁੱਧ-ਰਹੱਸ ਕਾਇਮ ਹੈ ਅਤੇ ਉਸ ਵਿੱਚ ਵਿਚਾਰ ਅਤੇ ਤਰਕ ਦੀ ਵਡੇਰੀ ਥਾਂ ਹੈ। ਮੇਰਾ ਇਹ ਉਨ੍ਹਾਂ ਦੀ ਬੋਧਿਕਤਾ ਨੂੰ ਇੱਕ ਅਦਨਾ ਜਿਹਾ ਸਮਰਪਣ ਹੈ। ਪਰੰਤੂ ਮੈਨੂੰ ਦੁੱਖ ਹੈ ਕਿ ਮੌਜੂਦਾ ਪੰਥਕ ਆਗੂਆਂ ਨੇ ਪਹਾੜ ਜਿਹੇ ਵਿਦਵਾਨ ਲੇਖਕ, ਮਹਾਂਕਵੀ ਦੇ ਸਿੱਖੀ-ਸਾਹਿਤ ਨੂੰ ਆਪਣੀ ਨਿੱਕੀ ਹਉ ਨਾਲ ਪਤਾ ਨਹੀਂ ਕਿਉਂ ਤਿਲਾਂਜਲੀ ਦੇ ਦਿੱਤੀ ਹੈ।

ਪ੍ਰਮਾਤਮਾ ਤੋਂ ਵੱਡੇ ਹਨ ਕੌਣ, ਮੇਰੇ ਤੋਂ ਕੌਣ ਛੋਟੇ।
ਪ੍ਰਮਾਤਮਾ ਤੋਂ ਖਰੇ ਕੌਣ, ਮੇਰੇ ਤੋਂ ਕੌਣ ਖੋਟੇ।

ਇੱਕ ਮੁੰਡਾ ਪਤੰਗ ਉਡਾਉਂਦਾ ਹੋਇਆ ਆਪਣੇ ਦੋਸਤ ਨਾਲ ਗੱਲਾਂ ਵੀ ਕਰਦਾ ਹੈ, ਪਰੰਤੂ ਉਸ ਦਾ ਧਿਆਨ, ਪਤੰਗ ਅਤੇ ਡੋਰ ਵਿੱਚ ਹੈ। ਇਸ ਤਰ੍ਹਾਂ ਇੱਕ ਮੁਟਿਆਰ ਸਿਰ ਉਤੇ ਪਾਣੀ ਦਾ ਭਰਿਆ ਘੜਾ ਚੁੱਕੀ ਜਾਂਦੀ ਹੋਈ ਆਪਣੀਆਂ ਸਹੇਲੀਆਂ ਨਾਲ ਗੱਲਾਂ ਵੀ ਕਰਦੀ ਜਾਂਦੀ ਹੈ ਪਰੰਤੂ ਉਸ ਦਾ ਧਿਆਨ ਪਾਣੀ ਦੇ ਭਰੇ ਘੜੇ ਵਿੱਚ ਹੈ ਕਿ ਉਹ ਕਿਤੇ ਡਿੱਗ ਨਾ ਜਾਵੇ। ਇਸ ਤਰ੍ਹਾਂ ਇੱਕ ਗਾਉ ਆਪਣੇ ਵੱਛੜੇ ਨੂੰ ਤਬੇਲੇ ਵਿੱਚ ਛੱਡਕੇ ਜੰਗਲ ਵਿੱਚ ਘਾਹ ਚਰਨ ਜਾਂਦੀ ਹੈ, ਉਥੇ ਖੁਸ਼ੀ-੨ ਘਾਹ ਚਰਦੀ ਹੈ ਪਰੰਤੂ ਪਿਛੇ ਛੱਡੇ ਵੱਛੜੇ ਨੂੰ ਉਹ ਨਹੀਂ ਭੁਲਦੀ। ਜਿਸ ਤਰ੍ਹਾਂ ਮਾਂ ਆਪਣੇ ਛੋਟੇ ਦੁੱਧ ਚੁੰਘਦੇ ਬੱਚੇ ਨੂੰ ਪੰਘੂੜੇ ਵਿੱਚ ਸੁਲਾਕੇ ਘਰ ਦੇ ਕੰਮਾਂ ਨੂੰ ਨਿਪਟਾਉਂਦੀ ਫਿਰਦੀ ਹੈ ਪਰੰਤੂ ਮਾਂ ਦਾ ਚਿੱਤ ਹਮੇਸ਼ਾਂ ਪੰਘੂੜੇ ਵਿੱਚ ਸੁੱਤੇ ਹੋਏ ਬੱਚੇ ਵਿੱਚ ਹੀ ਰਹਿੰਦਾ ਹੈ। ਇਸ ਲਈ ਹਰ ਇੱਕ ਮਨੁੱਖ ਨੂੰ ਇਸ ਦੁਨੀਆਂ ਵਿੱਚ ਰਹਿੰਦੇ ਹੋਏ, ਸੰਸਾਰੀ ਕੰਮ-ਕਾਰ ਕਰਦੇ ਹੋਏ ਪ੍ਰਮਾਤਮਾ ਨੂੰ ਕਦੀ ਵੀ ਭੁੱਲਣਾ ਨਹੀਂ ਚਾਹੀਦਾ। ਪਰੰਤੂ ਇੱਕ ਧਿਆਨ ਇਹ ਵੀ ਰੱਖਣਾ ਚਾਹੀਦਾ ਹੈ ਕਿ ਨਿਰੰਕਾਰ, ਨਿਰੰਜਨ, ਅੰਗਮ, ਅਗੋਚਰ, ਅੱਲਖ, ਅਪਰ, ਅਪਾਰ, ਮਹਾਨ ਸ਼ਕਤੀ ਵੱਲ ਜੇਕਰ ਜਾਓਗੇ ਤਾਂ ਪ੍ਰਮਾਤਮਾ ਵੀ ਤੁਹਾਡੇ ਵੱਲ ਦੋ ਕੱਦਮ ਆਕੇ ਮਿਲੇਗਾ। ਫਿਰ ਭੀ ਇਹ ਮਨ ਵਿੱਚ ਹਮੇਸਾਂ ਯਾਦ ਰੱਖਣਾ ਚਾਹੀਦਾ ਹੈ ਕਿ ਜਦੋਂ ਤੱਕ ਤੁਸੀਂ ਆਪਣੀ ਮੱਦਦ ਆਪ ਨਹੀਂ ਕਰਦੇ, ਪ੍ਰਮਾਤਮਾਂ ਤੁਹਾਡੀ

ਮੱਦਦ ਨਹੀਂ ਕਰੇਗਾ।

ਗਿਆਨੀ ਜੀ ਦੇ ਅਕਾਲ ਚਲਾਣੇ ਸਮੇਂ ਭਾਈ ਵੀਰ ਸਿੰਘ ਨੇ 'ਭਾਈ ਦਿੱਤ ਸਿੰਘ ਜੀ ਦੀ ਕਲਮ ਦਾ ਵਿਰਲਾਪ' ਕਵਿਤਾ ਲਿਖੀ ਸੀ ਜੋ ਹੇਠ ਦਿੱਤੀ ਜਾਂਦੀ ਹੈ :-

"ਪਈ ਪਾਸ ਦੁਆਤ ਹੈ ਓਹੀ।
ਵਿਚ ਸ਼ਾਹੀ ਓਵੇਂ ਹੀ ਸੋਹੀ।
ਕਲਮਦਾਨ ਓਵੇਂ ਹੀ ਧਰਿਆ।
ਪੱਤਰ ਕਾਗਤ ਡੱਬਾ ਭਰਿਆ।
ਵਿਚ ਨਿਮਾਨੀ ਬੈਠੀ ਹਾਂ ਮੈਂ।
ਸ਼ਕਤੀ ਵਾਲੇ ਤਿਆਗੀ ਕਾਨੀ।
ਰਹੀ ਤੇਰਾ ਨ ਹੁਣ ਕਤਵਾਨੀ।
ਛੋਡ ਬਿਦੇਸ਼ੀ, ਦੇਸ ਸਿਧਾਨਾ।
ਬਿਧਵਾ ਭੇਸ ਭਇਆ ਹੁਣ ਮੇਰਾ।
ਮੈਂ ਲੱਗ ਜੰਗਾਲ ਗਿਆ ਭਵਲੇਰਾ।
ਮੈਨੂੰ ਨਾਲ ਚਿਖਾ ਦੇ ਪਾਓ।
ਮੈਨੂੰ ਪਦਵੀ ਸਤੀ ਦਵਾਓ।
ਮੈਂ ਨਾ ਹੋਰ ਕਿਸੇ ਹੱਥ ਜਾਨਾ।
ਸਤ ਸਿਰ ਦੇ ਨਾਲ ਨਿਬਾਨਾ।"

ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਤ ਜੰਗਾਂ ਜਿੱਤੀਆਂ ਪਰ ਜਿੱਤੇ ਹੋਏ ਇਲਾਕੇ ਉਤੇ ਕਦੀ ਕਬਜਾ ਨਾ ਕੀਤਾ। ਨਾ ਮਸਜਿਦਾਂ, ਨਾ ਮੰਦਰ ਢਾਹੇ, ਨਾ ਕਿਸੇ ਔਰਤ ਦੀ ਬੇਇਜ਼ੱਤੀ ਕੀਤੀ। ਉਨ੍ਹਾਂ ਨੇ ਤਾਂ ਸਭ ਨੂੰ ਪ੍ਰਮਾਤਮਾ ਦੇ ਬੰਦੇ ਸਮਝਿਆ। ਉਹਨਾਂ ਲਈ ਮੰਦਰ, ਚਰਚ, ਮਸਜਿਦ, ਮਠ, ਵੇਦ, ਪੁਰਾਣ ਅਤੇ ਕੁਰਾਨ ਇਕੋ ਜਿਹੇ ਸਨ। ਲੜਾਈ ਵਿੱਚ ਜਖਮੀਆਂ ਨੂੰ ਪਾਣੀ ਪਿਲਾਇਆ ਅਤੇ ਮੱਲ੍ਹਮ ਪੱਟੀ ਵੀ ਕੀਤੀ ਅਤੇ ਲੜਾਈ ਪਿਛੋਂ ਹਿੰਦੂ ਅਤੇ ਮੁਸਲਮਾਨਾਂ ਨੂੰ ਉਹਨਾਂ ਦੀ ਰੀਤੀ ਅਨੁਸਾਰ ਅਗਨ ਭੇਟ ਕੀਤਾ ਜਾਂਦਾ ਅਤੇ

ਦਫ਼ਨਾਇਆ ਜਾਂਦਾ ਸੀ।

ਅੱਜ ਕੱਲ ਸਿੱਖ ਧਰਮ ਅਤੇ ਸਿੱਖ ਸਿਆਸਤ ਵਿੱਚ ਬਹੁਤ ਜਿਆਦਾ ਨਿਘਾਰ ਆ ਗਿਆ ਹੈ। ਸ਼ਰਮ, ਨੈਤਿਕਤਾ, ਹਿਆ ਅਤੇ ਸੁੱਚਜਾ ਪਹਿਰਾਵਾ ਖੰਭ ਲਗਾਕੇ ਉੱਡ ਗਏ ਹਨ। ਮਨੁੱਖੀ ਕਿਰਦਾਰ ਇੰਨਾ ਗਿਰ ਗਿਆ ਹੈ ਕਿ ਅੱਧ ਨੰਗੇ ਸਰੀਰਾਂ ਦੇ ਪ੍ਰਦਰਸ਼ਨ ਅਤੇ ਪੰਜਾਬੀ ਸਭਿਅਤਾ, ਪੰਜਾਬੀਅਤ, ਪੰਜਾਬੀ ਮੁਹੱਬਤ, ਭਾਈਚਾਰਾ, ਪੰਜਾਬੀ ਪਿਆਰ ਅਤੇ ਸਾਂਝੀਵਾਲਤਾ ਕਿਤੇ ਵੀ ਲੋਕਾਈ ਵਿੱਚ ਨਜ਼ਰ ਨਹੀਂ ਆ ਰਹੀ। ਗੁਰੂ ਸਹਿਬਾਨਾਂ ਪਿਛੋਂ ਸਿੱਖਾਂ ਵਿੱਚ ਬਿਪ੍ਰਨ ਦੀ ਰੀਤ ਆ ਗਈ ਹੈ। ਅੱਜ ਸਿੱਖ ਧਰਮ ਦੇ ਝੂਠੇ ਠੇਕੇਦਾਰ, ਵੀਹਵੀਂ ਸਦੀ ਦੇ ਪਹਿਲੇ ਦਹਾਕੇ ਦੌਰਾਨ ਮੈਕਾਲਿਫ਼ ਦੇ ਕਹੇ ਹੋਏ ਸ਼ਬਦ “ਭਾਰਤੀ ਜੰਗਲ ਦਾ ਸ਼ੇਸ਼ਨਾਗ ਇਹਨਾਂ ਨੂੰ ਹੱੜਪ ਕਰ ਜਾਵੇਗਾ।” ਨੂੰ ਇੱਕੀਵੀਂ ਸਦੀ ਵਿੱਚ ਵੀ ਸਮਝ ਨਹੀਂ ਰਹੇ ਅਤੇ ਸਿੱਖ ਅੱਜ ਵੀ ਬਿਪ੍ਰਨ ਦੀ ਰੀਤ ਅਪਣਾਉਂਣ ਤੋਂ ਗੁਰੇਜ਼ ਨਹੀਂ ਕਰ ਰਹੇ।

ਗਿਆਨੀ ਜੀ ਦਾ ਪੰਜਾਬੀ ਸਾਹਿਤ ਆਪਣੀ ਉਨੀਵੀਂ ਸਦੀ ਦਾ ਹੀ ਨਹੀਂ ਸਗੋਂ ਭਾਰਤ ਦੇ ਹਰ ਸਦੀ ਦੇ ਰਚੇ ਸਮਸਤ ਸਾਹਿਤ ਵਿੱਚ ਆਪ ਜੀ ਦੇ ਰਚੇ ਸਾਹਿਤ ਦਾ ਅਸਥਾਨ ਉੱਚਾ ਅਤੇ ਗੌਰਭਪੂਰਨ ਹੈ। ਵਿਦਵਾਨ ਇਸ ਰਚਨਾਵਲੀ ਦੇ ਗਿਆਰ੍ਹਾਂ ਭਾਗਾਂ ਵਿੱਚ ਉਹਨਾਂ ਦੀਆਂ ੩੩ ਪੁਨਰ-ਪ੍ਰਕਾਸ਼ਨਾ ਤੋਂ ਉਸ ਮਹਾਨ ਕਵੀ ਦੀ ਮਹਾਨ ਚੇਤਨਾ ਤੱਕ ਪੁੱਜਣ ਦਾ ਪਰਯਤਨ ਕਰਨਗੇ ਅਤੇ ਉਹਨਾਂ ਦੇ ਸੰਪੂਰਨ ਸਾਹਿਤ ਦੇ ਪ੍ਰਕਾਸ਼ਨ ਅਤੇ ਸੰਪਾਦਨ ਦਾ ਕੋਈ ਨਾ ਕੋਈ ਹੱਲ ਕੱਢ ਸਕਣਗੇ। ਆਉਣ ਵਾਲੇ ਸਮੇਂ ਦੇ ਵਿਦਵਾਨਾਂ ਨੂੰ ਜੇਕਰ ਇਸ ਰਚਨਾਵਲੀ ਦੇ ਗਿਆਰ੍ਹਾਂ ਭਾਗਾਂ ਤੋਂ ਜੋ ਕੁਝ ਲਾਭ ਹੋ ਸਕਿਆ ਤਾਂ ਮੈਂ ਆਪਣੀ ਕੋਸ਼ਿਸ਼ ਸਕਾਰਥ ਸਮਝਾਂਗਾ।

ਲਕੀਰ ਦੇ ਫਕੀਰ ਹੋਣ ਦੀ ਵਾਦੀ ਨੂੰ ਛੱਡਕੇ ਜੇਕਰ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਦੇ ਸਾਹਿਤਕ ਕਾਵਿ ਰਚਨਾਵਾਂ ਨੂੰ ਪੰਜਾਬ ਸਿੱਖਿਆ ਬੋਰਡ, ਮੋਹਾਲੀ ਸਕੂਲ ਪੱਧਰ ਦੀਆਂ ਸਾਰੀਆਂ ਕਲਾਸਾਂ ਦੇ ਪੰਜਾਬੀ ਵਿਸ਼ੇ ਦੇ ਸਲੇਬਸ ਵਿੱਚ ਗਿਆਨੀ ਜੀ ਦੇ ਜੀਵਨ ਅਤੇ ਸ਼ਖਸੀਅਤ ਦੇ ਵੱਖ-ਵੱਖ ਪੱਖ ਸ਼ਾਮਲ ਕੀਤੇ ਜਾਣ ਅਤੇ ਹਰ ਇੱਕ ਯੂਨੀਵਰਸਿਟੀ ਐਮ.ਏ. ਪਾਠ ਕ੍ਰਮ ਵਿੱਚ ਸ਼ਾਮਲ ਕਰੇ ਤਾਂ ਹੀ ਉਹਨਾਂ ਦੇ ਸਾਹਿਤ ਦਾ ਪੂਰਾ ਮੁੱਲ ਪੈ ਸਕੇਗਾ ਅਤੇ ਸਹੀ

ਸਨਮਾਨ ਹੋ ਸਕੇਗਾ। ਉਹਨਾਂ ਦੀ ਸਾਹਿਤਕ ਦੇਣ ਦਾ ਲੋਕਾਂ ਨੂੰ ਪੂਰਾ-ਪੂਰਾ ਲਾਭ ਤਦੋਂ ਹੀ ਪਹੁੰਚ ਸਕੇਗਾ।

ਮੈਂ ਸ੍ਰ: ਨਸੀਬ ਸਿੰਘ ਸੇਵਕ ਪ੍ਰਧਾਨ ਗਿਆਨੀ ਦਿੱਤ ਸਿੰਘ ਮੈਮੋਰੀਅਲ ਇੰਟਰਨੈਸ਼ਨਲ ਸੁਸਾਇਟੀ (ਰਜਿ:), ਚੰਡੀਗੜ੍ਹ ਦਾ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਗਿਆਨੀ ਜੀ ਦੀ ਕ੍ਰਿਤ-ਪ੍ਰਤੱਗਯਾ ਪਾਲਨ ਦੀ ਫੋਟੋ ਕਾਪੀ ਮੈਨੂੰ ਖੁਸ਼ੀ-ਖੁਸ਼ੀ ਪ੍ਰਦਾਨ ਕੀਤੀ ਅਤੇ ਸ੍ਰ: ਚੇਤਨ ਸਿੰਘ ਡਿਪਟੀ ਡਾਇਰੈਕਟਰ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਨੇ ਗਿਆਨੀ ਜੀ ਦੀ ਕ੍ਰਿਤ 'ਨੀਤੀ ਪ੍ਰਕਾਸ਼' ਭਾਸ਼ਾ ਵਿਭਾਗ ਦੀ ਲਾਇਬਰੇਰੀ ਵਿਚੋਂ ਲੱਭਕੇ ਉਸ ਦੀ ਫੋਟੋ ਕਾਪੀ ੧-੧੨-੨੦੦੫ ਈ: ਨੂੰ ਦਿਲੀ ਇੱਛਾ ਨਾਲ ਦਿੱਤੀ ਜਿਸ ਦਾ ਮੈਂ ਅਤਿ ਆਭਾਰੀ ਹਾਂ। ਇਸ ਕਰਕੇ ਰਚਨਾਵਲੀ ਦੀ ਲੜੀ ਦੇ ਭਾਗ ਗਿਆਰ੍ਹਵਾਂ ਵਿੱਚ ਇਹਨਾਂ ਦੋਹਾਂ ਰਚਨਾਵਾਂ ਦੀ ਪੁਨਰ-ਛਾਪ ਦੀ ਪ੍ਰਕਾਸ਼ਨਾ ਸੰਭਵ ਹੋ ਸਕੀ।

ਅੰਤ ਵਿੱਚ ਮੈਂ ਆਪਣੀ ਜੀਵਨ-ਸਾਥਣ ਸ੍ਰੀਮਤੀ ਜਾਗੀਰ ਕੌਰ, ਲੜਕੇ ਡਾ: ਜਸਬੀਰ ਸਿੰਘ ਅਤੇ ਇੰਜ: ਸੁਖਬੀਰ ਸਿੰਘ, ਲੜਕੀ ਡਾ: ਬਲਜੀਤ ਕੌਰ, ਜਵਾਈ ਡਾ: ਨਿਸ਼ਾਨ ਸਿੰਘ, ਨੂੰਹ ਸ੍ਰੀਮਤੀ ਸੁਖਬੀਰ ਕੌਰ ਅਤੇ ਇੰਜ: ਇੰਦਰਜੀਤ ਕੌਰ, ਭਰਾ ਗਿਆਨੀ ਭਜਨ ਸਿੰਘ, ਭਤੀਜਾ ਸ੍ਰ: ਜਗਜੀਤ ਇੰਦਰ ਸਿੰਘ ਡਿਪਟੀ ਡੀ.ਈ.ਓ. (ਰਿਟਾ:) ਸਭ ਦਾ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਮੈਨੂੰ 'ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ' ਦੀ ਲੜੀ ਪ੍ਰਕਾਸ਼ਿਤ ਕਰਨ ਉਪਰੰਤ ਮੁਫ਼ਤ ਵੰਡਣ ਲਈ ਉਤਸ਼ਾਹ ਅਤੇ ਹੌਸਲਾ ਦਿੱਤਾ।

ਮੈਨੂੰ ਪੂਰਣ ਆਸ ਹੈ ਕਿ ਮੇਰੇ ਇਸ ਨਿਮਾਣੇ ਜਿਹੇ ਉੱਦਮ ਸਦਕਾ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਦੀਆਂ ਮੂਲ ਕ੍ਰਿਤਾਂ/ਰਚਨਾਵਾਂ/ਲਿਖਤਾਂ ਦੀਆਂ ਪੁਨਰ-ਛਾਪਾਂ ਰਾਹੀਂ ਸਿੱਖ ਪੰਥ ਨੂੰ ਉਨੀਵੀਂ ਸਦੀ ਵਿੱਚ ਦਿਖਾਏ ਮਾਰਗ-ਦਰਸ਼ਨ ਸਦਕਾ ਇੱਕੀਵੀਂ ਸਦੀ ਵਿੱਚ ਅਮਰ ਹੋ ਜਾਣਗੀਆਂ।


ਪ੍ਰੀਤਮ ਸਿੰਘ

ਮਿਤੀ : ੫ ਅਕਤੂਬਰ, ੨੦੦੯ ਈ: ਪ੍ਰੀਤਮ ਸਿੰਘ ਐਮ.ਏ.

ਸਥਾਨ : ਮੋਹਾਲੀ (ਪੰਜਾਬ) ਸੰਪਾਦਕ ਅਤੇ ਪ੍ਰਕਾਸ਼ਕ

ੴ ਸਤਿਗੁਰ ਪ੍ਰਸਾਦਿ॥

੩੨ ਪ੍ਰਤੱਗਯਾ ਪਾਲਨ



ਕ੍ਰਿਤ

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਪੁਨਰ ਛਾਪ

ਸੰਨ : ਅਕਤੂਬਰ, ੨੦੦੯ ਈ:

ਸੰਪਾਦਕ ਅਤੇ ਪ੍ਰਕਾਸ਼ਕ

ਪ੍ਰੀਤਮ ਸਿੰਘ ਐਮ.ਏ.

'ਪ੍ਰਤੱਗਯਾ ਪਾਲਨ' ਬਾਰੇ

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਨੇ ਇਸ ਕ੍ਰਿਤ ਦੀ ਰਚਨਾ ਸੰਨ ੧੮੯੫ ਈ: ਦੇ ਅੰਤ ਵਿੱਚ ਕੀਤੀ ਸੀ ਕਿਉਂਕਿ ਇਹ ਪੁਸਤਕ ਨੂੰ ਪਹਿਲੀ ਵਾਰ ਖਾਲਸਾ ਪ੍ਰੈਸ, ਲਹੌਰ ਨੇ ਜਨਵਰੀ, ੧੮੯੬ ਈ: ਵਿੱਚ ਛਾਪਿਆ ਸੀ। ਪਹਿਲੀ ਛਾਪ ਦੇ ਟਾਈਟਲ ਪੰਨੇ ਉਤੇ ਇਹ ਛੱਪਿਆ ਹੋਇਆ ਹੈ ਕਿ ਇਹ ਪੁਸਤਕ ਪਹਿਲੀ ਵਾਰੀ ਨਾਨਕ ਸ਼ਾਹੀ ਸੰਮਤ ੪੨੭ ਵਿੱਚ ਮਾਘ ਦੇ ਮਹੀਨੇ ਖਾਲਸਾ ਪ੍ਰੈਸ, ਲਹੌਰ ਵਿੱਚ ਛੱਪੀ ਸੀ ਜਿਸ ਦੀਆਂ ੧੦੦੦ ਕਾਪੀਆਂ ਸਨ ਅਤੇ ਮੋਖ ਕੇਵਲ ਤਿੰਨ ਆਨੇ ਸਨ। ਇਸ ਪੁਸਤਕ ਦੇ ੮੪ ਪੰਨੇ ਹਨ। ਪੁਸਤਕ ਦੇ ਅੰਤ ਉਤੇ ਇਹ ਛਪਿਆ ਹੋਇਆ ਹੈ 'ਇਤੀ ਸ੍ਰੀ ਪ੍ਰਤੱਗਯਾ ਪਾਲਨ ਕ੍ਰਿਤ ਭਾਈ ਦਿੱਤ ਸਿੰਘ ਗਯਾਨੀ, ਅੱਧਯਾਪਕ ਔਰੀਐਂਟਲ ਕਾਲਜ, ਲਹੌਰ।'

ਸਮੁੱਚੀ ਪੁਸਤਕ ਕਾਵਿ ਰੂਪ ਵਿੱਚ ਹੈ। ਗਿਆਨੀ ਜੀ ਨੇ ਇਸ ਕਾਵਿ ਰਚਨਾ ਵਿੱਚ ਦੋਹਰਾ ਅਤੇ ਚੌਪਈ ਛੰਦਾਂ ਦੀ ਵਰਤੋਂ ਕੀਤੀ ਹੈ। ਪੁਸਤਕ ਪੰਜਾਬੀ ਬੋਲੀ ਦੀ ਕਵਿਤਾ ਵਿੱਚ ਹੈ ਪਰੰਤੂ ਪੁਸਤਕ ਦੀ ਭਾਸ਼ਾ ਉੱਤੇ ਹਿੰਦੀ ਰੰਗ ਚੜ੍ਹਿਆ ਨਜ਼ਰ ਆ ਰਿਹਾ ਹੈ। ਪੁਸਤਕ ਭਾਵੇਂ ਵੱਖ-ਵੱਖ ਅਧਿਆਏ ਵਿੱਚ ਨਹੀਂ ਵੰਡੀ ਹੋਈ, ਫਿਰ ਵੀ ਪੁਸਤਕ ਦੀ ਰਚਨਾ ਨੂੰ ਵੱਖ-ਵੱਖ ਸਿਰਲੇਖਾਂ-ਰਾਜਾ ਦਸਰਥ, ਭਗਤ ਕਬੀਰ ਜੀ, ਪਾਂਡਵ, ਰਾਜਾ ਹਰੀ ਚੰਦ ਜੀ, ਦਧੀਚ ਰਿਖੀ ਜੀ, ਵਸ਼ਿਸ਼ਟ ਮੁਨੀ ਜੀ, ਰਾਜਾ ਬਲ ਜੀ, ਨੰਦ ਰਾਜਾ ਦੀ ਕੰਨਿਯਾ, ਚਾਣਕ ਰਿਖੀ ਜੀ, ਸ਼ੰਮਸ ਤਬਰੇਜ਼, ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਮਰ ਦੇਵ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਹਰਿਗੋਬਿੰਦ ਜੀ, ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਦਸਮ ਪਾਤਸ਼ਾਹਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਅਤੇ ਹਕੀਕਤ ਰਾਇ ਧਰਮੀ,

ਹੇਠ ਵੰਡ ਕੇ ਪੁਸਤਕ ਨੂੰ ਸੁਚੱਜੀ ਰਚਨਾ ਬਣਾਇਆ ਹੈ।

ਉਪਰੋਕਤ ਤੋਂ ਭਲੀ-ਭਾਂਤ ਸਪਸ਼ਟ ਹੋ ਜਾਂਦਾ ਹੈ ਕਿ ਪੰਥ ਦੇ ਪ੍ਰਮੁੱਖ ਕਵੀ ਅਤੇ ਪੰਥ ਦੇ ਮਹਾਨ ਲੇਖਕ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਨੇ ਪੁਰਾਤਨ ਸਮਿਆਂ ਵਿੱਚ ਹੋ ਚੁੱਕੇ ਅਨੇਕ ਨਾਇਕਾਂ ਅਤੇ ਮਹਾਂਪੁਰਖਾਂ ਵਲੋਂ ਕੀਤੇ ਬਚਨ/ਪ੍ਰਤੱਗਯਾ ਦੀ ਪਾਲਨਾ ਕਰਨ ਲਈ ਕੁਰਬਾਨੀਆਂ ਦਿੱਤੀਆਂ ਅਤੇ ਕਈਆਂ ਨਾਇਕਾਂ ਨੂੰ ਵੱਡੇ-ਵੱਡੇ ਦੁੱਖ ਸਹਿਣੇ ਪਏ ਆਦਿ ਦਾ ਵਰਣਨ ਕੀਤਾ ਹੈ। ਹਕੀਕਤ ਰਾਇ ਧਰਮੀ ਸ਼ਹੀਦ ਤਾਂ ਹੋ ਗਿਆ ਪਰੰਤੂ ਬਚਨ ਨਹੀਂ ਤੋੜਿਆ। ਮਨਸੂਰ ਸੂਲੀ ਚੜ੍ਹ ਗਿਆ ਪਰੰਤੂ ਪ੍ਰਤੱਗਯਾ ਭੰਗ ਨਹੀਂ ਕੀਤੀ। ਸ਼ੰਮਸ ਤਬਰੇਜ਼ ਨੇ ਪੁੱਠੀ ਖੱਲ ਲੁਹਾਈ ਪਰ ਬਚਨ ਤੋਂ ਹਾਰਿਆ ਨਹੀਂ। ਰਾਜਾ ਬਲ ਨੇ ਰਾਜ ਖੁਹਾ ਲਿਆ ਪਰ ਪ੍ਰਤੱਗਯਾ ਦਾ ਪਾਲਨ ਜ਼ਰੂਰ ਕੀਤਾ। ਰਾਜਾ ਹਰੀ ਚੰਦ ਨੇ ਰਾਜ ਵੀ ਗੁਆ ਲਿਆ, ਆਪਣੇ ਬੱਚੇ ਨੂੰ ਵੀ ਵੇਚ ਦਿੱਤਾ, ਰਾਣੀ ਨੂੰ ਮਹਿਲਾਂ ਤੋਂ ਬਾਹਰ ਕਢਵਾ ਲਿਆ ਪਰੰਤੂ ਕੀਤੇ ਬਚਨ ਪੂਰੇ ਨਿਭਾਏ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਅਨੇਕਾਂ ਲੜਾਈਆਂ ਜਿੱਤੀਆਂ, ਸਰਬੰਸ ਵਾਰ ਦਿੱਤਾ ਪਰੰਤੂ ਪ੍ਰਤੱਗਯਾ ਦੀ ਹਮੇਸ਼ਾਂ ਹੀ ਪਾਲਨਾ ਕੀਤੀ। ਅਜਿਹੇ ਮਹਾਂਪੁਰਖਾਂ ਨੂੰ ਗਿਆਨੀ ਜੀ ਨੇ 'ਭਾਰਤ ਭੂਮ ਪੁਨੀਤ, ਪੁੰਨਵੰਤ, ਧਰਮ ਪਾਲ ਅਤੇ ਯਸ਼ ਹੋਗ' ਕਿਹਾ ਹੈ ਕਿਉਂਕਿ ਪੁਰਾਤਨ ਮਹਾਂਪੁਰਖਾਂ ਨੇ ਸਾਰੀ ਉਮਰ ਦਿੱਤੇ ਬਚਨ ਪੂਰੇ ਕੀਤੇ ਅਤੇ ਹਮੇਸ਼ਾਂ ਹੀ ਆਪਣੀ ਕੀਤੀ ਪ੍ਰਤੱਗਯਾ ਦਾ ਦੁੱਖ ਝੱਲਕੇ ਵੀ ਪਾਲਨਾ ਕੀਤੀ, ਨੂੰ ਇਸ ਪੁਸਤਕ ਵਿੱਚ ਗਿਆਨੀ ਨੇ ਦ੍ਰਿੜਾਇਆ ਹੈ ਜਿਸ ਕਰਕੇ ਅਜਿਹੇ ਪੁਰਾਤਨ ਮਹਾਂਪੁਰਖਾਂ ਦਾ ਯਸ਼, ਅੱਜ ਵੀ ਸਦੀਆਂ ਤੋਂ ਲੋਕ, ਗਾ ਰਹੇ ਹਨ।

ਗਿਆਨੀ ਜੀ ਨੇ ਪੁਸਤਕ ਦਾ ਅਰੰਭ ਇਸ ਤਰ੍ਹਾਂ ਕੀਤਾ ਹੈ :-

ਦੋਹਰਾ

ਭਾਰਤ ਭੂਮ ਪੁਨੀਤ ਮੇਂ ਪੁੰਨਵੰਤ ਜੋ ਲੋਗ॥

ਵਿੱਚ ਪ੍ਰਕਾਸ਼ਤ ਭਾਨ ਸਮ ਧਰਮਪਾਲ ਯਸ਼ ਹੋਗ॥੧॥

ਚੌਪਈ

ਬਚਨ ਕਰੋ ਫਿਰ ਨਹਿ ਉਲਟਾਯੋ। ਧ੍ਰਮਪਾਲ ਜਗ ਮੇਂ ਯਸ਼ ਪਾਇਯੋ॥

ਉਨ ਕੇ ਅਪਨਾ ਮੁੱਖ ਸੇ ਕਹਿਯੋ। ਬਹੁਰ ਬਿਗਾਨਾ ਹੋਵਨ ਰਹਿਯੋ॥

ਧੁਨਖਾਧਾਰ ਛੱਤ੍ਰੀ ਵਡ ਜੋਧੇ। ਚੁਨ ਚੁਨ ਸਤ੍ਰ ਜਿਨੋਂ ਨੇ ਸੋਧੇ॥

ਤਿਨੇ ਬਚਨ ਹਾਥ ਬਿਕਵਾਏ। ਕਰੇ ਕੌਲ ਨਾਹੀਂ ਉਲਟਾਏ॥੨॥

ਦੋਹਰਾ

ਬਚਨ ਭੰਗ ਤੋ ਕੀਜੀਏ ਜੋ ਥਿਰ ਰਹਿਨਾ ਹੋਇ॥

ਥੋੜੇ ਜੀਵਨ ਕਾਰਨੇ ਬਚਨ ਨ ਚਲੀਏ ਖੋਇ॥੩॥"

ਪੁਸਤਕ ਦੇ ਪੰਨਾ ੭ ਉਤੇ 'ਭਗਤ ਕਬੀਰ ਜੀ' ਸਿਰਲੇਖ ਹੇਠ ਦਿਤੀ ਸਾਖੀ ਹੇਠ ਦਿੱਤੇ, ਦੋਹਰਾ ਨਾਲ ਅਰੰਭ ਕੀਤੀ ਹੈ :-

ਦੋਹਰਾ

"ਕਹਾਂ ਭੂਤਨੀ ਕੇ ਲਖੈਂ ਪ੍ਰਤੱਗਯਾ ਕਯਾ ਚੀਜ॥

ਕਯਾ ਦੇਵੇ ਫਲ ਆਂਬ ਕਾ ਅਹੋ ਹੰਡੋਲੀ ਬੀਜ॥੧੬॥"

ਇਸੇ ਤਰ੍ਹਾਂ ਪੁਸਤਕ ਦੇ ਪੰਨਾ ੩੪ ਉਤੇ 'ਸ਼ੰਮਸ ਤਬਰੇਜ਼' ਸਿਰਲੇਖ ਹੇਠ ਦਿੱਤੀ ਸਾਖੀ ਹੇਠ ਦਿੱਤੇ ਦੋਹਰਾ ਨਾਲ ਸ਼ੁਰੂ ਕੀਤੀ ਹੈ :-

"ਸ਼ੰਮਸ ਇੱਕ ਤਬਰੇਜ਼ ਸੀ ਆਰਫ਼ ਲੋਗ ਫ਼ਕੀਰ॥

ਜਿਸ ਨੂੰ ਹਨ ਅੱਜ ਆਖਦੇ ਮੁਸਲਮਾਨ ਸਭ ਪੀਰ॥੪੭॥"

ਇਸ ਤਰ੍ਹਾਂ ਹੀ ਪੁਸਤਕ ਦੇ ਸਿਰਲੇਖ 'ਸ੍ਰੀ ਗੁਰੂ ਨਾਨਕ ਦੇਵ ਜੀ' ਹੇਠ ਦਿੱਤੀ ਸਾਖੀ ਮਲਕ ਭਾਗੋ ਬਾਰੇ ਪੁਸਤਕ ਦੇ ਪੰਨਾ ੩੯ ਉਤੇ ਦਿੱਤੇ ਦੋਹਰਾ ਰਾਹੀਂ ਪੇਸ਼ ਕੀਤੀ ਹੈ :-

ਦੋਹਰਾ

"ਮਲਮ ਭਾਗੋ ਨੂੰ ਖਬਰ ਜਦ ਲੋਕਾਂ ਦਿੱਤੀ ਜਾਇ।
ਉਹ ਸਾਧੂ ਨਾ ਮਲਕ ਜੀ ਤੇਰੇ ਘਰ ਦਾ ਖਾਇ।੫੪।।"

ਪੁਸਤਕ ਦੇ ਸਿਰਲੇਖ 'ਦਸਮ ਪਾਤਸ਼ਾਹਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ' ਦੇ ਪ੍ਰਸੰਗ ਵਿੱਚ ਪੁਸਤਕ ਦੇ ਪੰਨਾ ੭੪ ਉਤੇ ਦਿੱਤਾ ਦੋਹਰਾ ਇਸ ਤਰ੍ਹਾਂ ਦਰਜ ਹੈ :-

ਦੋਹਰਾ

"ਇਹ ਪ੍ਰਤੱਗਯਾ ਗੁਰੂ ਨੇ ਪਾਲਨ ਕਰੀ ਜਹਾਨ।।
ਸਭ ਪਖੰਡ ਮਤ ਖੰਡ ਕਰ ਰਚਿਓ ਪੰਥ ਮਹਾਨ।।੧੧੯।।"

ਗਿਆਨੀ ਜੀ ਨੇ ਇਸ ਕਾਵਿ ਰਚਨਾ ਦਾ ਅੰਤ ਪੁਸਤਕ ਦੇ ਪੰਨਾ ੮੪ ਉਤੇ ਸ੍ਵੈਯਾ ਨਾਲ ਇਸ ਤਰ੍ਹਾਂ ਕੀਤਾ ਹੈ :-

ਸ੍ਵੈਯਾ

"ਬੋਲ ਕਹਿਓ ਜਿਨ ਨਾਹਿ ਫਿਰਾ ਅਰ ਖੇਦ ਸਹੇ ਤਨ ਊਪਰ ਭਾਰੇ।।
ਆਪ ਗੁਵਾਇ ਦਯੋ ਪਰਕੇ ਹਿਤ ਆਰਤ ਕੋਟਨ ਕੋਟ ਉਧਾਰੇ।।
ਨਾਹਿੰ ਸਨੇਹੁ ਕਰਾ ਤਨ ਸੋ ਪੁਨ ਬੰਧ ਚਲੇ ਸਭ ਮੋ ਤੋਂ ਅਪਾਰੇ।।
ਧੰਨ ਵਹੀ ਜਗ ਨਾਲ ਸਦਾ ਯਸ਼ ਗਾਵਤ ਦਿੱਤ ਹਰੀ ਤਿਹ ਸਾਰੇ।੧੪੧।।"

ਪ੍ਰੀਤਮ ਸਿੰਘ ਐਮ.ਏ.
ਸੰਪਾਦਕ ਅਤੇ ਪ੍ਰਕਾਸ਼ਕ

ੴ ਸਤਿਗੁਰ ਪ੍ਰਸਾਦਿ॥

ਪ੍ਰਤੱਗਯਾ ਪਾਲਨ

ਦੋਹਰਾ

ਭਾਰਤ ਭੂਮ ਪੁਨੀਤ ਮੇਂ ਪੁੰਨਵੰਤ ਜੇ ਲੋਗ।
ਵਿੱਚ ਪ੍ਰਕਾਸ਼ਤ ਭਾਨ ਸਮ ਧਰਮਪਾਲ ਯਸ਼ ਹੋਗ।।੧।।

ਚੌਪਈ

ਪੰਜਾਬ ਵਰਤ ਦੇਸ ਇਸ ਕੇਰਾ।ਪਰਾ ਨਾਮ ਇਸ ਹੀ ਤੇ ਹੇਰਾ।।
ਥੇ ਪੁਰਖ ਧਰਮਾਤਮ ਭਾਰੇ।ਕਰੇ ਬਚਨ ਜਿਨ ਨੈਕ ਨਾ ਹਾਰੇ।।
ਮਰ ਕਰ ਤਨ ਊਪਰ ਸਹਿਕੇ। ਫਿਰੇ ਨਹੀਂ ਥਰ ਮੁਖ ਸੇ ਕਹਿਕੇ।।
ਉਨ ਵਡੇ ਧਰਮਾਤਮ ਸੰਤਾਂ।ਘੋਰ ਵਡੇ ਜੋਧੇ ਬਲਵੰਤਾ।।
ਤਿਨ ਤਨ ਮਨ ਧਨ ਸਭ ਦੀਏ। ਕਹੇ ਬਚਨ ਫਿਰ ਭੰਗ ਨ ਕੀਏ।
ਕਹੁ ਸਾਧੂ ਜੋ ਮੁਖ ਤੇ ਭਾਖੀ। ਫਿਰ ਮਿੱਥਯਾ ਵਹੁਕ ਭੀ ਨ ਆਖੀ।
ਬਚਨ ਕਰੋ ਫਿਰ ਨਹਿ ਉਲਟਾਯੋ। ਧ੍ਰਮਪਾਲ ਜਗ ਮੇਂ ਯਸ਼ ਪਾਇਯੋ।।
ਉਨ ਕੇ ਅਪਨਾ ਮੁਖ ਸੇ ਕਹਿਯੋ। ਬਹੁਰ ਬਿਗਾਨਾ ਹੋਵਨ ਰਹਿਯੋ।।
ਧੁਨਖਾਧਾਰ ਛੱਡੀ ਵਡ ਜੋਧੇ। ਚੁਨ ਚੁਨ ਸਤ ਜਿਨੋਂ ਨੇ ਸੋਧੇ।।
ਤਿਨੇਂ ਬਚਨ ਹਾਥ ਬਿਕਵਾਵੇ।ਕਰੇ ਕੌਲ ਨਾਹੀਂ ਉਲਟਾਏ।੨।।

ਦੋਹਰਾ

ਬ੍ਰਚਨ ਭੰਗ ਤੋ ਕੀਜੀਏ ਜੇ ਥਿਰ ਰਹਿਨਾ ਹੋਇ।।
ਥੋੜੇ ਜੀਵਨ ਕਾਰਨੇਂ ਬਚਨ ਨ ਚਲੀਏ ਖੋਇ।੩।।

ਰਾਜਾ ਦਸ਼ਰਥ ਜੀ

ਚੌਪਈ

ਰਾਜ ਕਾਜ ਕੇ ਜਿਤ ਕਿਵ ਹਾਰਾ। ਹੁਤੋਂ ਬਚਨ ਪਰ ਤਿਨ ਕੋ ਸਾਰਾ॥
ਅਹੋ ਸਮਾਵ੍ਰੁ ਥੋ ਵਡਭਾਗੀ। ਜਬ ਥੇ ਸੱਤ ਬਚਨ ਅਨੁਰਾਗੀ॥
ਸੀਸ ਦੇਨ ਕੋ ਨੀਕਾ ਜਾਨੇ। ਮਿੱਥਯਾ ਬੋਲਨ ਪਾਪ ਪਛਾਨੇ॥
ਇਸ ਪਰ ਸੁਨਹੁ ਕਥਾ ਕੁਛ ਪਿਯਾਰੇ। ਕਹੇ ਬਚਨ ਕੈਸੇ ਤਿਨ ਪਿਯਾਰੇ॥
ਰਘੁਵੰਸੀ ਦਸ਼ਰਥ ਮਹਿਰਾਜਾ। ਜਾਂਕੋ ਯਸ਼ ਸਭ ਭੂਮ ਬਿਰਾਜੇ॥
ਤਿਸ ਕੀ ਕਥਾ ਸਕਲ ਜਗ ਜਾਨੇ। ਦਏ ਪ੍ਰਾਨ ਜਿਨ ਬਚਨ ਹਿਰਾਨੇ॥
ਸੁਨੋ ਬਲਿਪ ਸੀਤਾ ਕੀ ਗਾਥਾ। ਧਰਮ ਨੀਤ ਪਾਲਨ ਵਖਲਾਯਾ॥
ਏਕ ਸੇ ਮਹਿਰਾਜਾ ਬਲਹਾਰੀ। ਚੜ੍ਹਾ ਯੁੱਧ ਕੋ ਸੈਨ ਸੁਧਾਰੇ॥
ਰਨਭੂਮੀ ਮਹਿ ਹਾਥ ਦਿਖਾਏ। ਚੁੱਨ ਚੁੱਨ ਸਤ੍ਰ ਹਜ਼ਾਰਾਂ ਮਾਰੇ॥
ਰਥ ਪਰ ਭੂਪ ਧਿਰਾਸਤ ਐਸੇ। ਕੋਟ ਭਾਨ ਪ੍ਰਕਾਸ਼ਤ ਜੈਸੇ॥
ਹਾਥ ਕਮਾਨ ਬਾਨ ਪਰ ਭਾਰੀ। ਸੈਨਾ ਅਹਿਕੀ ਬਹੁਤ ਬਿਦਾਰੀ॥
ਪਰ ਤਹਿ ਦੇਵ ਨੇਤ ਕਰ ਭਾਰਾ। ਰਥ ਕਾ ਧੁਰਾ ਟੂਟ ਪਰ ਮਾਰਾ॥
ਪਰ ਭੂਪਤ ਕੋ ਕੋਪ ਮਕਾਰੇ। ਰੰਚਕ ਹਰੀ ਨ ਤਾਂ ਕੀ ਸਾਕਾਰੇ॥
ਅਹੋ ਚਰਤ ਤਹਿ ਕੈਸੇ ਭਯੋ। ਰਾਣੀ ਸ਼ੰਗ ਏਕ ਤਹਿਯੋ॥
ਨਾਮ ਕਕੇਈ ਬਹੁਤ ਸੁਤਾਕੋ। ਸਭੀ ਲੋਕ ਜਾਨਤ ਹੋ ਸੁਭਾਕੋ॥
ਤਿਨ ਲਹਿ ਤੁਰਤ ਉੱਤਰ ਰਥ ਸੇਤੀ। ਕਰੀ ਬਾਤ ਤਬ ਸੁੰਦਰ ਭੇਤੀ॥
ਰਥ ਕੇ ਤਲੇ ਦਯੋ ਨਿਜ ਮੋਰਾ। ਬਹੁਤ ਖੇਦ ਤਬ ਤਿਨ ਨੇ ਝੇਰਾ॥
ਅਰ ਭੂਪਤ ਕੇ ਗਿਰਨ ਨਾ ਦੀਆ। ਭਾਰ ਆਪ ਨੇ ਤਨ ਪਰ ਲੀਆ॥
ਅਬ ਇਤਨੇ ਮਹਿ ਦਸ਼ਰਥ ਜੂ ਰਾਊ। ਭਈ ਜੀਤ ਅਰਿ ਦਲ ਕੋ ਘਾਊ॥
ਅੰਤ ਬਾਰ ਜੇ ਕਹੀ ਦੁਰਜਨ ਪਰ ਜਬ ਹੀ। ਉਤਰ ਯੋਕੇ ਪਹੁਤੋ ਮਨ ਸਭਹੀ॥

ਪਗ ਨੀਚੇ ਜਬ ਰਥਹਿ ਨਿਹਾਰਾ। ਨਿਜ ਰਾਨੀ ਸਭ ਭਾਰ ਸਹਾਰਾ॥

ਰਾਜਾ ਪ੍ਰਸੰਨ ਹੋ ਕਰ ਮੁਖ ਭਾਖੀ। ਮਾਂਗਉ ਵਰ ਜੋ ਮਨ ਮਹਿ ਕਾਖੀ॥

ਸੁਨੇਤ ਕਹੀ ਰਾਨੀ ਸੁਣ ਰਾਜਾ। ਮਾਂਗਉ ਦੁਇ ਵਰ ਜਬਹੁ ਇਕਾਦਾ॥

ਇਹੋ ਇਮਾਨਤ ਇਹ ਵਰ ਦੇਉ। ਸਮਯ ਉਚਤ ਪਰ ਮਾਂਗਉ ਸੋਊ॥

ਦਿਵਯ ਕਾਲ ਇਸ ਭਾਂਤ ਬਿਤਾਯੋ। ਰਾਜ ਤਿਲਕ ਰਘੁਵਰ ਕੋ ਆਇਯੋ॥

ਮੁੱਖ ਤਿਨ ਕੋ ਵਰ ਪਤਿ ਜੋ ਮਾਂਗੇ। ਮਾਨਸੁ ਦੁਇ ਉਰ ਮਾਗੀ ਜਾਗੇ॥

ਫੇਰ ਰਾਮ ਕੋ ਦੇ ਬਨਬਾਸੂ। ਮੇਰੇ ਸੁਤ ਕੋ ਰਾਜ ਬਿਲਯੂ॥੪॥

ਦੋਹਰਾ

ਦੁਖ ਪਾਇਯੋ ਭੂਪਤ ਮਹਾਂ ਬਿਲ ਲਾਇਯੋ ਬਹੁ ਆਇ।
ਡੇਗ ਬਚਨ ਕੀਨੇ ਨਹੀਂ ਪਾਲੇ ਸੋ ਸਤਿ ਭਾਇ॥੫॥

ਚੌਪਈ

ਅਰ ਮੀਰ ਬਨਬਾਸ ਪਠਾਏ। ਭਰਤ ਹੇਤ ਤਬ ਰਾਜ ਦਵਾਏ॥

ਦਸ਼ਰਥ ਪ੍ਰਾਨ ਪਾਲਕ ਮਹਿ ਦੀਨੇ। ਪ੍ਰਨਿਜ ਬਚਨ ਭੰਗ ਨਹਿ ਕੀਨੇ॥

ਐਸੇ ਰਾਜਨ ਕਾ ਜਗ ਮੇਂ ਯਸ਼ ਹੋ ਹੈ। ਦਸ਼ਰਥ ਸਮ ਬਚ ਪਾਲਕ ਕੋ ਹੈ॥

ਪ੍ਰਾਨ ਦਏ ਸੁਨ ਬਚਨ ਨ ਹਾਰੇ। ਸੋ ਰਣਭੂਮੀ ਮਾਂਹਿ ਉਚਾਰੇ॥

ਮਨਮੀਤ ਸੁਖ ਮਾਰ ਬਚਾਵੋ। ਬਚਨ ਭੰਗ ਕਰ ਕਯਾ ਸੁਖ ਪਾਵੋ॥

(ਮੂਲ ਵਿਚੋਂ ਦੋ ਪੰਨੇ ੪-੫ ਲੁਪਤ ਹਨ)

ਸੁਨਤ ਬੈਨ ਰਘੁਵਰ ਕੇ ਐਸੇ। ਕਹੀ ਸੁਗ੍ਰੀਵ ਕੋ ਬਨੈ ਯਹ ਕੈਸੇ॥

ਆਇ ਮਿਲੋ ਜਬ ਰਾਵਨ ਭਾਈ। ਲੰਕਾ ਜੀਤ ਹਿਨ ਕੁਰਾਈ॥

ਬਹੁਰ ਕਹੋ ਰਾਵਨ ਜੇ ਐਹੈ। ਚਰਨ ਕਵਲ ਪਰ ਸੀਸ ਨਵੈਹੈ॥

ਕਹੇ ਦੇਹੁ ਪ੍ਰਭ ਮੁੜਕੋ ਕਾਈ। ਫਿਰ ਕਹਿ ਕੀ ਦੇਹੋ ਠੁਕਰਾਈ॥

ਸੁਨਤ ਰਾਮਚੰਦ੍ਰ ਹਮ ਦੀਆ। ਅਹੋ ਭਬੀਖਨ ਨੇ ਵਰ ਲੀਆ॥

ਸੋ ਨ ਫਿਰੈ ਅਬਕੇ ਕਹਿੰ ਰੀਤੀ। ਪੂਰਨ ਹੋਇ ਮੁਖੋਂ ਜੋ ਕੀਤੀ॥

ਪਰ ਮੈਂ ਪਹਿਲੇ ਕੀਨ ਵਿਚਾਰਾ। ਜੇ ਰਾਵਨ ਆ ਬਨੇ ਹਮਾਰਾ॥

ਤੌਂ ਮੈਂ ਰਾਜ ਅਜੁੱਧਯਾ ਦੈਹੋਂ। ਆਪ ਨਹੰ ਜਾਕੇ ਤਾਂ ਸੇ ਲੈਹੋਂ॥

ਮੈਂ ਰਾਵਨ ਕੋ ਰਾਜ ਬਠਾਊਂ। ਸੀਤਾ ਸੇਹਜ ਆਪ ਬਨ ਜਾਊਂ॥

ਕਰੋਂ ਜੋਗ ਰਹਿਕਰ ਬਨ ਮਾਹੀਂ। ਜਿਸ ਪਰ ਮਹਿਂ ਰੰਚ ਭੈ ਨਾਹੀਂ॥

ਯਹ ਸੁਨ ਕਰਕੇ ਰਾਜ ਸੁਗ੍ਰੀਵਾ। ਕਰੀ ਸਰਮ ਖਾਹ ਨੀਚੇ ਗ੍ਰੀਵਾ॥

ਦੇਖਹੁ ਬਚਨ ਰਾਮ ਜਹਿ ਫੇਰਾ। ਅਪਨੋਂ ਧਾਮ ਦੇਨ ਤਹਿ ਟੇਰਾ॥੧੩॥

ਦੋਹਰਾ

ਫਿਰ ਜਬ ਰਾਵਨ ਮਾਰਯੋ ਲਛਮਨ ਬਰਛੀ ਸੰਗ॥

ਤਬ ਰਘੁਪਤਿ ਸਭ ਮੇਂ ਕਹੀ ਬਚਨ ਨ ਕੀਜੇ ਭੰਗ॥੧੪॥

ਚੌਪਈ

ਰੋਇ ਪੁਕਾਰ ਕਰੀ ਤਬ ਐਸੀ। ਪਰਮਾਤਮਾ ਮੇਂ ਚਾਹੀਏ ਜੈਸੀ॥

ਅਰੋ ਬੀਰ ਤੁਮਰੋ ਜੋ ਮਰਨੋਂ। ਔਰ ਜਾਨਕੀ ਕੋ ਜੋ ਹਰਨੇਂ॥

ਬਹੁਰ ਥਾਪ ਬਨਵਾਸ ਪਠਾਏ। ਔਰ ਪਿਤਾ ਮਰ ਲੋਕ ਸਿਧਾਏ॥

ਇਨ ਬਚਨ ਕੋ ਮੁਹਿ ਡਰ ਨਾਹੀਂ। ਪ੍ਰਗਟ ਕੀਓ ਸਭ ਹੀ ਕੇ ਮਾਹੀਂ॥

ਪਰ ਅਬ ਮੁਝ ਕੋ ਯਹ ਡਰ ਭਾਰੀ। ਝੂਠ ਗਿਰਾ ਕਬਹੂੰ ਨ ਉਚਾਰੀ॥

ਜੋ ਮੁਖ ਕਹੀ ਸਾਚ ਸੋ ਕੀਨੀ। ਝੂਠੀ ਬਾਤ ਨ ਕਾਹੂੰ ਦੀਨੀ॥

ਪਰ ਅਬ ਬਚਨ ਭੰਗ ਮਮ ਹੋਵੈ। ਯਾਹੀ ਤੇ ਮਨ ਅਤਿ ਦੁਖ ਜੋਵੈ॥

ਕਹੀ ਭਥੀਖਨ ਲੰਕਾ ਦੈਹੋਂ। ਰਾਵਨ ਮਾਰ ਵਡੋ ਯਸ਼ ਲੈਹੋਂ॥

ਤੁਮ ਮਰ ਕਰ ਮੁਹ ਕੀਨੋ ਰੰਕਾ। ਅਰ ਇਸ ਨੇ ਨਹੀਂ ਪਾਈ ਲੰਕਾ॥

ਤਾਂ ਤੇ ਮਰ ਨਹਿ ਤਬ ਲਗ ਭਾਈ। ਨਹਿ ਦੈਹੋ ਜੋ ਲੌਠ ਕਰਾਈ॥

ਯਾਕੋ ਰਾਜ ਲੰਕ ਕੋ ਦੀਜੈ। ਬਹੁਰ ਬਾਸ ਸੁਰ ਪਰਕੋ ਕੀਜੈ॥

ਅਹੋ ਰਾਮ ਕੋ ਬੋਲ ਅਮੋਲਕ। ਕਹੋ ਕੌਨ ਨਹਿ ਕਹੇ ਅਤੋਲਕ॥
ਭ੍ਰਾਤ ਮਰਨ ਹਰਨੋ ਸੀਆ ਜੋਊ। ਤਾਂ ਕੋ ਸੰਕ ਨ ਜਾਨਤੇ ਸੋਊ॥
ਪਰੇ ਬਚਨੋਂ ਕੋ ਹਾਰ ਨ ਜੋਈ। ਲਖਾ ਦੋਸ ਜਾਨੇ ਅਤਿ ਸੋਈ॥੧੫॥

ਭਗਤ ਕਬੀਰ ਜੀ

ਦੋਹਰਾ

ਕਹਾਂ ਭੂਤਨੀ ਕੇ ਲਖੈਂ ਪ੍ਰਤੱਗਯਾ ਕਯਾ ਚੀਜ।
ਕਯਾ ਦੇਵੇ ਫਲ ਆਂਬ ਕਾ ਅਹੋ ਹੰਡੋਲੀ ਬੀਜ॥੧੬॥

ਚੌਪਈ

ਭਗਤ ਕਬੀਰ ਮਹਾਂ ਹਰਿ ਪਿਯਾਰਾ। ਸਭ ਜਾਨਤ ਜਾਂ ਕੋ ਸੰਸਾਰਾ॥
ਤਾਂ ਕੀ ਕਥਾ ਕਹਤ ਜਨ ਸਿਯਾਨੇ। ਮੁਖ ਬਚ ਭੰਗ ਕਰੇ ਨਹਿੰ ਜਾਨੇ॥
ਕਹਤ ਲੋਗ ਯਹ ਉਨਕੀ ਸਾਖੀ। ਕੀਨ ਪ੍ਰਤੱਗਯਾ ਨਹਿੰ ਜਹਿ ਨਾਖੀ॥
ਏਕ ਚੋਰ ਕਾਹੂੰ ਗ੍ਰਹ ਆਇਯੋ। ਲੂਟਨ ਦਰਬ ਕਹੂੰ ਕੋ ਧਾਇਯੋ॥
ਤਬ ਘਰ ਕੇ ਮਾਲਕ ਨਰ ਜਾਗੇ। ਦੇਖ ਚੋਰ ਤਿਨ ਕੇ ਤਬ ਭਾਗੇ॥
ਅਰ ਗ੍ਰਹ ਮਾਲਕ ਪਾਛੇ ਧਾਏ। ਆਗੇ ਚੋਰ ਜਾਤ ਦੁਖ ਪਾਏ॥
ਪਰਤਿ ਨ ਪੀਛਾ ਐਸਾ ਕਰਿਯੋ। ਤਿਸ ਕਰ ਦੇਖ ਜਾਹਿ ਕੋ ਡਰਿਯੋ॥
ਅਰ ਅਪਨੇ ਬਚਨੋ ਤਿਨ ਜੋਈ। ਕਠਨ ਪਛਾਨਯੋਂ ਮਨ ਮਹਿੰ ਸੋਈ॥
ਹੋਇ ਲਚਾਰ ਕਾਮ ਯਹ ਕੀਯੋ। ਓਟ ਕਬੀਰ ਜਾਇ ਤਿਨ ਲੀਯੋ॥
ਜਾਇ ਚਰਨ ਪਰ ਸੀਸ ਨਵਾਇਯੋ। ਅਰ ਮੁਖ ਤੇ ਤਿਨ ਐਸ ਅਲਾਯੋ॥
ਪ੍ਰਾਨ ਦਾਨ ਪ੍ਰਭ ਮੋ ਕੋ ਦੀਜੈ। ਯਾਹਿ ਸਮੇਂ ਰਖਯਾ ਮੁਹਿ ਕੀਜੈ॥
ਜਿਸ ਪਰ ਭਾਗ ਦਯਾ ਮਨ ਆਈ। ਸਰਨ ਪਰੇ ਕੀ ਲਾਜ ਰਖਾਈ॥
ਤਬ ਵਹ ਚੋਰ ਲਯੋ ਨਿਜ ਮੰਗਾ। ਦਯੋ ਸੁਵਾਇ ਸੁਤਾਕੇ ਸੰਗਾ॥
ਜਬ ਪੀਛੇ ਸੇ ਮਾਨਸ ਆਏ। ਚੋਰ ਚੋਰ ਕਰ ਮੁਖੋਂ ਅਲਾਏ॥

ਅਰ ਕਬੀਰ ਕੋ ਕਹਨੇ ਲਾਗੇ। ਤੁਮੇ ਗ੍ਰਹ ਮੈਂ ਹੈਂ ਚੋਰ ਸੁ ਭਾਗੇ॥

ਕਹੀ ਕਬੀਰ ਸੁਨੋਂ ਤੁਮ ਭਾਈ। ਢੂੰਡੋ ਚੋਰ ਮੋਰ ਗ੍ਰਹ ਆਈ॥

ਪਰ ਮੈਂ ਹੂੰ ਗ੍ਰਹ ਕੋ ਪੁਰਖ ਬਤਾਊਂ। ਹੋਇ ਅਧਕ ਜੋ ਤੁਮੇ ਫੜਾਊਂ॥

ਯਹ ਮੈਂ ਹੂੰ ਅਰ ਮੇਰੀ ਨਾਰੀ। ਦੂਸਰ ਸੁਤ ਅਰ ਤਹਿ ਦੁਹਲਾਰੀ॥

ਤਿਤੀਏਂ ਸੁਤਾ ਜੁਆਈ ਦੋਏਂ। ਏਸ ਪਲੰਘ ਪਰ ਹੈ ਯਹ ਸੋਏ॥

ਇਨ ਤੇ ਬਿਨ ਹੈ ਚੋਰ ਤੁਮਾਰਾ। ਵਹੁ ਮਾਨਸ ਨਹਿ ਲਖੋ ਹਮਾਰਾ॥

ਤਬ ਤਿਨ ਦੇਖ ਧਾਮ ਸਭ ਲੀਆ। ਅਰ ਨਿਸਚਾ ਮਨ ਮਹਿ ਯਹ ਕੀਆ॥

ਨਹੀਂ ਚੋਰ ਇਸ ਜਾਗਾ ਕੋਊ। ਔਰ ਦਿਸ਼ਾ ਕੋ ਭਗਾਯੋ ਸੋਊ॥

ਜਬ ਵਹ ਘਰ ਤੇ ਬਾਹਰ ਗਏ। ਭਗਤ ਹੋਰ ਕੋ ਬੋਲਤ ਭਏ॥

ਅਬ ਕਰਨੋਂ ਚੋਰੀ ਕੋ ਤਯਾਗੋ। ਸੱਤ ਧਰਮ ਕੋ ਮਾਰਗ ਲਾਗੋ॥

ਅਰ ਮੈਂ ਅਪਨੀ ਜੋ ਯਹ ਬੇਟੀ। ਦੀਨੀ ਤੋਹ ਸੰਕ ਸਭ ਮੇਟੀ॥

ਕਰ ਬਿਵਾਹ ਤਿਸ ਹਾਥ ਫੜਾਈ। ਬਚਨ ਪਾਲ ਜਗ ਲਈ ਵਡਾਈ॥

ਆਜ ਤਲਕ ਜਗ ਯਸ਼ ਕੋ ਗਾਵੈ। ਧੰਨ ਕਬੀਰ ਮੁਖੋਂ ਬਤਲਾਵੈ॥

ਧਰਮਾਤਮ ਜਨ ਬਚਨ ਨ ਹਾਰੇ। ਮਹਾਂ ਖੇਦ ਤਨ ਮਾਂਹਿ ਸਹਾਰੇ।੧੭॥

ਪਾਂਡਵ

ਦੋਹਰਾ

ਕਹਾਂ ਲਖੇ ਇਸ ਭੇਦ ਕੋ ਜੋ ਨਰ ਊਤ ਕਪੂਤ।

ਕਹਾਂ ਦੇਵ ਕੇ ਗੁਣ ਗਹੇ ਜੋ ਮਸਾਨ ਕਾ ਭੂਤ।੧੮॥

ਤੇਗ ਧਨੀ ਛੱਤ੍ਰੀ ਲਖੇ ਕਹੇ ਬਚਨ ਕੋ ਪਾਸ।

ਕਯਾ ਜਾਨੇ ਮਾਤਾ ਜਿਸੇ ਭਾਰ ਮੁਈ ਨੌ ਮਾਸ।੧੯॥

ਚੌਪਈ

ਪੰਡ ਭੂਪ ਸੁਤ ਪਾਂਡਵ ਭਾਈ। ਪਾਂਚੋ ਭ੍ਰਾਤ ਧਰਮ ਧੁਜ ਗਾਈ॥

ਸੂਰਬੀਰ ਧਰ ਧਨਖ ਧਰੰਤੇ। ਧਰਮ ਕਰਮ ਮਹਿ ਸਦ ਵਿੱਚ ਰੱਤੇ॥
ਜਿਨਕੇ ਬਲ ਕੀ ਅਬ ਲੋ ਸਾਥੀ। ਭਾਰਤ ਦੇਤ ਗੋਪ ਨਹਿੰ ਰਾਖੀ॥
ਜਬ ਤਿਨਕੋ ਮਿਲਯੋ ਬਨਬਾਸੂ। ਤਯਾਗ ਗਏ ਗ੍ਰਹ ਤਬ ਸੁਖ ਰਾਸੂ॥
ਬਨ ਬਨ ਫਿਰਤ ਅਧਕ ਦੁਖ ਪਾਏ। ਕਰੇ ਬਚਨ ਸੋ ਨਹਿੰ ਉਲਟਾਏ॥
ਅਰ ਮਾਤਾ ਕੁੰਤੀ ਤਿਨ ਕੇਹੇ। ਜਿਸਕੇ ਪਦਕੇ ਥੇ ਸਭ ਚੇਰੇ॥
ਫਿਰਨ ਉਜਾਰਨ ਮਹਿੰ ਵਿਚਾਰੇ। ਖਾਨ ਮ੍ਰਿਗ ਬਨ ਕੇ ਤਹਿੰ ਮਾਰੇ॥
ਨਸਾ ਕਹੀਂ ਦਿਨ ਕਹੀ ਬਤਾਵੇ। ਸਾਂਝ ਪਰੇ ਦਲ ਸ਼ੇਜ ਬਿਛਾਵੈ॥
ਸੋਇ ਰਹੇਂ ਸਭ ਹੋਇ ਨਿਤਾਣੇ। ਜਿਨ ਨਿਜ ਭੁਜਕੇ ਕਰਹਿ ਸਿਰਾਣੈ॥
ਹੋਇ ਪ੍ਰਾਤ ਇਸ਼ਨਾਨ ਕਰਾਵੈ। ਨਿੱਤਨੇਮ ਤੇ ਜਬ ਹਟ ਜਾਵੈ॥
ਤਬ ਜੰਗਲ ਕੇ ਫਲ ਫੁੱਲ ਆਦੂ ਲਿਆਵਤ ਖਾਤ ਮਿਲੇ ਸੁਆਦੂ॥
ਜਾਤ ਜਾਤ ਪਹੁੰਚੇ ਤਹਿੰ ਜਾਈ। ਜਹਾਂ ਭੂਪ ਦ੍ਰੋਪ ਕੀ ਠਕੁਰਾਈ॥
ਤਿਨ ਨ੍ਰਿਪ ਏਕ ਸੁਅੰਬਰ ਕੀਨਾ। ਸੁਤਾ ਦ੍ਰੋਪਤੀ ਕੇ ਹਿਤ ਚੀਨਾ॥
ਏਕ ਤਮਸ ਕੋ ਮੇਲੇ ਮਾਹੀਂ। ਧਰਾ ਭੂਪ ਅਤਿ ਊਚ ਸਥਾਈਂ॥
ਊਪਰ ਪੌਨ ਸੰਗ ਵਹੀ ਮੀਨਾ। ਭਰਮ ਅਧਕ ਨਹਿ ਠਹਰਨ ਕੀਨਾ॥
ਅਰ ਨੀਚੇ ਜਲ ਬਰਤਨ ਰਾਖਾ। ਪੁਨ ਸਭ ਹੀ ਕੋ ਯਹ ਨ੍ਰਿਪ ਆਖਾ॥
ਇਸ ਜਲ ਮਹਿੰ ਪ੍ਰਿਤਬਿੰਬ ਨਿਹਾਰੇ। ਫਿਰ ਊਪਰ ਮਛਲੀ ਕੋ ਮਾਰੇ॥
ਅਰ ਤਿਸ ਨੈਨ ਦਾਹ ਨੋ ਬੇਧੇ। ਬਾਨ ਸਾਬ ਜੋ ਕਰ ਕੇ ਸੋਧੇ॥
ਸੋ ਕੰਨਯਾ ਕੋ ਲੈ ਹੈ ਡੋਲਾ। ਯਹੀ ਸੱਤ ਸਮਝੋ ਸਮ ਬੋਲਾ॥
ਸੁਨ ਯਹ ਪ੍ਰਨ ਜੁਰੇ ਨ੍ਰਿਪ ਕੋਟਾ। ਸਭ ਹਨ ਦਾਇ ਚਲਾਈ ਚੋਟਾ॥
ਪਰ ਐਸੋ ਨਾ ਦੀਖਤ ਕੋਊ। ਬੇਧ ਮੀਨ ਕੋ ਦੇਵਤ ਸੋਊ॥
ਇਹ ਪਾਂਡਵ ਜੋ ਪਾਂਚੋਂ ਭਾਈ। ਆਇ ਸੁਣੀ ਜਬ ਯਹ ਚਤਰਾਈ॥
ਦੇਖ ਪ੍ਰਸੰਨ ਭਏ ਨ੍ਰਿਪ ਬੇਟੇ। ਮਹਾਂਬਲੀ ਧਨ ਧਰ ਛਤ ਰੇਤੇ॥

ਦੇਖ ਯੁਧਿਸ਼ਟਰ ਯੋ ਮੁਖ ਗਾਈ। ਮਾਰੁਹ ਅਰਜਨ ਬਾਨ ਚਲਾਈ॥

ਗੇਰ ਮੀਨ ਧਰਨੀ ਪਰ ਐਸੇ। ਸੂਕਾ ਪਾਤ ਗਿਰਤ ਹੈ ਜੈਸੇ॥

ਲੈ ਆਗਯਾ ਵਡ ਭ੍ਰਾਤ ਸੁਕੇਰੀ। ਖੈਂਚ ਬਾਨ ਅਰਜਨ ਧਰਕੇਈ॥

ਧੰਨ ਧੰਨ ਸਭ ਮੁਖੋਂ ਅਲਾਈ। ਜਬ ਮਛਲੀ ਧਰਨੀ ਪਰ ਆਈ॥

ਜਬ ਆਨੰਦ ਤਬ ਕ੍ਰਿਸ਼ਨ ਸੁਨੇਹੀ। ਦ੍ਰੋਪਤ ਸਤਾ ਭੁਜ ਸੇ ਗ੍ਰਹ ਲੇਹੀ॥

ਦਿਯੋ ਦਾਨ ਭੂਪਤ ਬਹੁ ਭਾਰਾ। ਗਏ ਤੁਰਤ ਜਹਿ ਹੁਤੋ ਅਗਾਰਾ॥

ਅੰਤ ਸਮੇਂ ਜਬ ਲੈ ਪਟਰਾਨੀ। ਗਏ ਮਾਤ ਪ੍ਰਤ ਏਹ ਬਖਾਨੀ॥

ਮਾਤ ਏਹੁ ਵਸਤੂ ਹਮ ਲਿਆਏ। ਸੁਨ ਕਰ ਮਾਤ ਕਹੀ ਸੁਤ ਜਾਈ॥

ਤਵਹੁ ਬਾਂਟ ਭਾਗ ਸਮ ਕੀਜੇ। ਆਪਸ ਮਾਂਹਿ ਵਰਤ ਇਸ ਲੀਜੇ॥

ਆਖਰ ਕਹੀ ਰਸਤ ਯਹ ਬਾਨੀ। ਮਾਤ ਯਹੀ ਵਸਤੂ ਹਮ ਲਿਆਨੀ॥

ਤੇਰੋ ਮਾਤਾ ਨੇ ਮੁਖ ਤੇ ਗਈ। ਬਾਂਟ ਲਓ ਤੁਮ ਪਾਂਚੋਂ ਭਾਈ॥

ਅਬ ਬਚਨ ਜਿਨ ਭੰਗ ਨ ਕੀਨੋਂ। ਦ੍ਰੋਪਦ ਸੁਤਾ ਬਹ ਬਾਂਟ ਸੁ ਲੀਨੋਂ॥

ਅਲਤਾ ਲੋਗ ਦੇਤ ਤਹਿ ਸਾਖੀ। ਪਾਂਚ ਭ੍ਰਾਤਨ ਦ੍ਰੋਪਦ ਰਾਖੀ॥

ਅੰਚ ਵੰਹੁ ਨਾਰ ਪਤਿ ਬ੍ਰਤ ਗਾਈ। ਪਾਂਡਵ ਧਰਮਾਤਮਾ ਸਭ ਭਾਈ॥

ਦਿਤਾ ਬਚਨ ਮਾਤ ਨਹਿ ਟਾਰੇ। ਪੰਡ ਸੁਤਨ ਨੀਕੇ ਪ੍ਰਤਿਪਾਰੇ॥

ਤਬ ਮੂਡ ਕਯਾ ਲਖ ਹੈ ਭੇਟਾ। ਪ੍ਰਤੱਗਯਾ ਛੇਦਨ ਕੋ ਖੇਂਦਾ॥

ਪਲ ਪਲ ਪਰ ਝੂਠ ਪੁਕਾਰੇ। ਛਿਨ ਛਿਨ ਮੇਂ ਮੁਖ ਕੇ ਬਚਟਾਰੇ॥

ਬਲਕਾਰੀ ਤੁਮ ਕੋ ਤੂ ਜਗ ਮਾਹੀਂ। ਬਚਨ ਭੰਗ ਵਹੁ ਕਰਤੇ ਨਾਹੀਂ।੨੦॥

ਦੋਹਰਾ

ਕਹੇ ਬਚਨ ਪੂਰੇ ਕਰੇਂ ਕਹਾਂ ਕਰੇਂ ਨਰ ਢੇਡ।

ਸਿੰਘ ਕੇਸਰੀ ਤੇਜ ਕੋ ਕਹਾਂ ਪਛਾਨੇ ਭੇਡ।੨੧॥

ਚੌਪਈ

ਪਾਂਡਵ ਜੂਏ ਮਹਿ ਹਾਰੇ। ਰਾਜ ਭਾਗ ਤੇ ਭਏ ਨਿਯਾਰੇ॥
ਦੁਰਜੋਧਨ ਅਤਿ ਅਭਿਮਾਨੀ। ਲਈ ਮੰਗਾ ਇਦ੍ਰੌ ਪਟਰਾਨੀ॥
ਕੇਸਨ ਤੇਗ ਚਲਈ ਦੁਸ਼ਾਸ਼ਨ। ਰੁਦਨ ਕਰਤ ਅਰ ਭਰਤੀ ਸੁਆਮੀ॥
ਕਹੀ ਦੁਰਜੋਧਨ ਸਭਾ ਮਝਾਰੀ। ਨਗਨ ਕਰੋ ਇਸ ਕੋ ਅਬ ਸਾਰੀ॥
ਤਨ ਕੇ ਬਸਤਰ ਸਗਲ ਉਤਾਰੋ। ਫਿਰ ਇਸ ਕੋ ਸਭਾ ਸਨਮੁਖ ਲਾਰੋ॥
ਜਿਸ ਪਰ ਕ੍ਰਿਸ਼ਨ ਬਹੁਤ ਸਮਝਾਯੋ। ਨਾਰੀ ਪਰ ਨਹਿ ਹਾਥ ਉਠਾਯੋ॥
ਤੁਮਗੀ ਉਨ ਕੀ ਹੈ ਪਤ ਏਕ। ਕਰੋ ਅਨਰਥ ਨਹੀਂ ਧਰ ਟੇਕ॥
ਬਚਨ ਬਿਦਰ ਬਹੁ ਸਿੱਖ ਸਦੀਨੀ। ਪਰ ਦੁਰਜੋਧਨ ਏਕ ਨ ਲੀਨੀ॥
ਕਹਾ ਹੁਕਮ ਨੰਗੀ ਇਸ ਕੀਜੇ। ਸਭਾ ਮਾਂਹਿ ਫਿਰ ਛੋਡ ਸੁਨੀ ਜੋ॥
ਲਗੇ ਲੋਗ ਜਬ ਬਸਤ੍ਰ ਉਤਾਰਨ। ਅਰ ਬਹੁ ਬਿਖ ਰਾਨੀ ਕੋ ਮਾਰਨ॥
ਸਕਲ ਲੋਗ ਸਿਰ ਨੀਚੇ ਕੀਨਾ। ਪਰ ਦੁਰਜੋਧਨ ਮਹਾਂ ਕਮੀਨਾ॥
ਰਿਦੇ ਦਯਾ ਨਹੀਂ ਰੰਚਕ ਆਈ। ਨਗਨ ਦ੍ਰੋਪਦ ਕਰੇ ਸੁਦਾਈ॥
ਪੁਨ ਦ੍ਰੋਪਦ ਇਤ ਰੋਇ ਪੁਕਾਰੇ। ਅਹੋ ਭੀਮ ਬਲ ਕਹਾਂ ਤੁਮਾਰੇ॥
ਹੇ ਅਰਜਨ ਦਿਸ ਅਹ ਜਨ ਮੋਰੇ। ਭਾਰਤ ਦੀਨ ਸਾਮ੍ਹਨੇ ਮੇਰੇ॥
ਅਹੋ ਕ੍ਰਿਸ਼ਨ ਜੀ ਕਯਾ ਤੋਹਿ ਭਾਵੈ। ਸਭ ਸਨਮੁਖ ਮੁਖ ਨਗਨ ਗਾਵੈ॥
ਸਬ ਅਸ ਰੁਦਨ ਕਰ ਤਵ ਰੁਬਾਲਾ। ਭੀਮ ਨੈਨ ਕੀ ਨੇਤ ਬਲਬਾਲਾ॥
ਕੋਪ ਅਗਨ ਲਾਗੀ ਤਨ ਸਾਰੇ। ਚਹਤ ਦੁਰਯੋਧਨ ਕੋ ਵੁਲਕਾਰੇ॥
ਪਰ ਵਡ ਭ੍ਰਾਤ ਯੁਧਿਸਟਰ ਚਾਊ। ਤਿਸ ਕੀ ਆਗਯਾ ਕੋ ਸਮਝਾਉ॥
ਸੁਨਤ ਬੋਲ ਅਰ ਦੇਖਤ ਦੀਨਾ। ਧਰਮਾਤਮ ਬੋਲਯੋ ਸੁਖ ਕੀਨਾ॥
ਅਹੋ ਭੀਮ ਹਮ ਬਚਨ ਬਿਕਾਨੇ। ਹੋਇ ਕਛੂ ਸੰਕਾ ਨਹਿ ਪਖਾਨੇ॥
ਬਚਨ ਭੰਗ ਕਰ ਕਰਨ ਲੜਾਈ। ਸੋਭ ਨਹੀਂ ਧਰਮਾਤਮ ਲੁਗਾਈ॥

ਜਿਸ ਕੋ ਸੁਨ ਕਰ ਭੀਮ ਸਿਰਾਨੋ। ਪਰ ਨਿਜ ਮੁਖ ਸੇ ਐਧਰ ਸੁਖਾਨੋ॥
ਅਰ ਦੁਸ਼ਟ ਦੁਰਯੋਧਨ ਘਾਤੀ। ਤੈਂ ਦਿਖਲਾਇ ਯੋਹੈ ਬਲਛਾਤੀ॥
ਅਰੇ ਮੈਂ ਕਰੀ ਪ੍ਰਤੱਗਯਾ ਏਹੀ। ਹਨੋ ਯੁੱਧ ਮਹਿੰ ਤੁਮਰੀ ਦੇਹੀ॥
ਜਬ ਧਰਨੀ ਪਰ ਤੋਹ ਪਛਾਰੋ। ਯਹ ਛਾਤੀ ਤਬ ਨਖਸੋ ਫਾਰੋ॥
ਕਰੀ ਚੂਲੀ ਰੁਧਰ ਭਰ ਪੀਓ। ਤੌ ਫਿਰ ਸੁਖੀ ਹੋਇ ਜਗ ਜੀਓਂ॥
ਲੇਖਕ ਖੰਡ ਪੂਤ ਕੋ ਗਾਈ। ਵਹੀ ਸੱਤ ਤਿਨ ਕਰ ਦਿਖਲਾਈ॥
ਜੁਗਰਾਜ ਬਦੁਰ ਸਨ ਕੈਰੋਂ। ਧਰ ਪਰਗਿਰਾ ਨਿਕ ਸਕਰ ਪੈਰੋਂ॥
ਜੋ.....ਮਤ ਕਹੀ ਤਹਿ ਛਾਤੀ। ਬੋਲਯੋ ਬੈਨ ਸੁਨੋ ਕੁਲ ਘਾਤੀ॥
ਇਸੇ ਬਚਨ ਸੁ ਪੂਰਾ ਕਰਹੋਂ। ਢਾਈ ਚੂਲੀ ਰੁਧਰ ਕੀ ਭਰਹੋਂ॥
ਦੇਖਾਇ ਪਾਨ ਤਹਿ ਕਰਹੋ। ਕਹੇ ਬੋਲ ਪਾਲਨ ਅਬ ਸਰਹੋ॥
ਧਰ ਕਰ ਤਬ ਨਖ ਮਾਰੇ। ਚਲੇ ਰੁਧਰ ਕੇ ਤਬੀ ਪ੍ਰਹਾਰੇ॥
ਤੀਰ ਪੀਯੋ ਛਾਤੀ ਪਰ ਐਸੇ। ਬਾਜ ਬੈਠ ਤੀਤਰ ਪਰ ਜੈਸੇ॥
ਬਿਨਾਂ ਛੱਤ੍ਰੀ ਕੋ ਕਰ ਹੈਂ। ਬਚਨ ਭੰਗ ਕਰਕੇ ਨਹਿ ਮਰਹੈਂ॥
....................। ਖਾਤਹ ਜਾਰਨ ਏਕ ਚਿਤਾਰੈ।੨੨॥

ਰਾਜਾ ਹਰੀਚੰਦ ਜੀ

ਦੋਹਰਾ

ਧਰਮ ਧੁਜਾ ਧਰਮਾਤਮਾ ਧਰਮ ਜਿਨੋਂ ਕਾ ਮੀਤ॥
ਜਬਾਨੋਂ ਟਲਤੇ ਨਹੀਂ ਕੈ ਹੋ ਨੀਤ ਅਨੀਤ।੨੩॥

ਚੌਪਈ

ਗੁਰ ਕਾ ਵੱਡਭਾਗੀ। ਬਚਨ ਪਾਲਣੇ ਕੋ ਅਨੁਰਾਗੀ॥
ਏਕ ਸਮਯ ਨ੍ਰਿਪ ਚਢੋ ਸਰਕਾਰਾ। ਉਤਰ ਦਿਸ਼ਾ ਕੋ ਭਯੋ ਤਿਆਰਾ॥

ਤਬ ਮਾਰਗ ਮਹਿ ਜਾਤ ਜਬ ਹੀ। ਏਕ ਰਿਖੀ ਦੇਖਯੋ ਤਿਨ ਤਬ ਰਾਹੀ।।
ਅਰ ਇੱਕ ਬਾਲ ਕੰਨਯਾ ਸੰਗੇ। ਇੱਕ ਬਾਲਕ ਕੋ ਜੋ ਵਰ ਮੰਗੇ।।
ਕਰਨ ਚਹਤ ਤਬ ਤਾਂਹ ਬਿਵਾਹੂ। ਪਰ ਵੁਹ ਰਿਖੀ ਨਿਹਾਰਤ ਰਜਯੂ।।
ਜਿਸ ਕੋ ਦੇਖ ਹਰੀ ਚੰਦ ਰਾਜਾ। ਧਰੇ ਸੀਸ ਪਰ ਧਰਮ ਸੁਤਯਾ।।
ਘੋੜੇ ਪਰ ਤੈਂ ਉੱਤਰ ਸੁ ਨੀਚੇ। ਬੈਠੋ ਜਾਕਰ ਉਸੀ ਬਗੀਚੇ।।
ਕਹੀ ਰਿਖੀ ਜੀ ਕਯਾ ਅਬ ਕਰ ਹੋ। ਉੱਤਰ ਦੇਹ ਕਛੂ ਅਨ ਸਤਹੋ।।
ਸੁਨ ਕਰ ਕਹੀ ਰਿਖੀ ਤਬ ਐਸੀ। ਸੁਨ ਭੂ ਪਤ ਗਾਥਾ ਹੈ ਜੈਸੀ।।
ਯਹ ਕੰਨਯਾ ਅਰ ਯਹ ਵਰ ਜੋਊ। ਕਰਾ ਬਿਵਾਹ ਚਾਹਤੇ ਸੋ ਹੋਊ।।
ਪਰ ਕੰਨਯਾ ਕੋ ਪਿਤਾ ਨ ਕੋਈ। ਪਾਣੀ ਗ੍ਰਹਨ ਕਰਾਵੇ ਜੋਈ।।
ਇਸ ਬਿਨਾਂ ਨਹਿ ਬਨੇ ਬਿਵਾਹੂ। ਔਰ ਮਹੂਰਤ ਅਬ ਹੀ ਚਾਹੂ।।
ਬਨੀ ਅਟ ਪਦੀ ਸੋ ਕੋ ਰਾਜਾ। ਸੁਧਰੇ ਕਹੋ ਕੈਸੇ ਇਸ ਕਾਜਾ।।
ਯਹ ਸੁਨ ਕਰ ਰਾਜਾ ਨੇ ਗਾਈ। ਮੈਂ ਹੂੰ ਪਿਤਾ ਯਾਂਹ ਕੋ ਰਾਈ।।
ਜਿਸ ਤੇ ਕਰੋ ਬਿਵਾਹ ਇਨ ਕੇਰਾ। ਮਾਨੋਂ ਬਚਨ ਸੱਤ ਕਰ ਮੇਰਾ।।
ਸੁਨਤ ਰਿਖੀ ਤਬ ਗਦ ਗਦ ਹੋਇਯੋ। ਅਪਨੋ ਖੇਦ ਤਨਕ ਮਹਿ ਖੋਇਯੋ।।
ਕਰਾ ਬਿਵਾਹ ਤਬੀ ਸਹਿ ਗੀਤੀ। ਭੂਪ ਸ੍ਰਿਯਾਦ ਸਭੀ ਤਬ ਕੀਤੀ।੨੪।।

ਦੋਹਰਾ

ਕੰਨਯਾ ਦਾਨ ਦੇਵਨ ਲਗਾ ਤਬ ਲਰਕੀ ਯਸ਼ ਕੀਨ।।
ਸਰਬ ਰਾਜ ਯੁਤ ਵਿਭੂ ਤਿਨ ਮਾਂਗ ਭੂਪ ਤੇ ਲੀਨ।੨੫।।

ਚੌਪਈ

ਧਰਮ ਨੀਤ ਰਾਜਾ ਵਡ ਭਾਗੀ। ਕਰੇ ਬਚਨ ਕੋ ਜੋ ਅਨੁਰਾਗੀ।।
ਕਹਾ ਅਹੇਂ ਕੰਨਯਾ ਮੁਹਿਰਾਜੂ। ਲੇਹ ਸਾਂਭ ਸਹਿ ਸਰਬ ਸਮਾਜੂ।।
ਜਿਸ ਪਰ ਕੰਨਯਾ ਗਦ ਗਦ ਭਈ। ਤਬ ਰਿਖ ਨੇ ਇਹ ਬਾਤ ਬਨਾਈ।।

ਕਹੀ ਭੂਪ ਮੁਖ ਕੋ ਕਿਆ ਦੀਨਾ। ਹੇਤ ਦਖਨਾ ਕੁਛ ਰਖ ਲੀਨਾ॥

ਜਿਸ ਪਰ ਕਹੀ ਰਾਵ ਫਿਰ ਐਸੀ। ਧਰਮਾਤਮ ਕੀ ਗੀਤ ਸੁ ਜੈਸੀ॥

ਹੇ ਰਿਖ ਮੇਰੋ ਤਨ ਯਹ ਹੋਈਏ। ਏਕ ਨਾਰ ਸੁਤ ਇੱਕ ਮੁਹਿ ਲਈਏ॥

ਹਮ ਤੀਨੋਂ ਕੋ ਜੋ ਕੁਛ ਚਾਹੋ। ਕਰੋ ਨਾਥ ਦੱਖਨ ਨਿਜ ਪਾਹੋ॥

ਸੁਨਤੇ ਰਿਖੀ ਤਬ ਐਸਾ ਚੀਨਾ। ਤੀਨਹੁ ਕੋ ਨਿਜ ਕਾਬੂ ਕੀਨਾ॥

ਜਾਇ ਬਨਾਰਸ ਬੇਚਨ ਲਾਗੋ। ਤਦ ਸਨ ਕਰਤ ਸੁ ਮਹਾਂ ਅਭਾਗੋ॥

ਪਾਂਚ ਪਾਂਚ ਸੈ ਮੋਲ ਰੁਪਈਆ। ਦੇਵਹੁ ਜੋ ਸੋਇਨ ਕੋ ਲਈਆ॥

ਏਕ ਦੂਕਾਨਦਾਰ ਨ੍ਰਿਪ ਨਾਰੀ। ਲਈ ਖ਼ਰੀਦ ਦਰਬ ਦੇ ਸਾਰੀ॥

ਸਿਆਰਾ ਪਰ ਮਹਿ ਦਾਸੀ ਕੀਨੀ। ਅਨਕ ਭਾਂਤ ਕੀ ਸੇਵਾ ਲੀਨੀ॥

ਰਾਜਪੁਤ੍ਰੀ ਬਨ ਕਰ ਦਾਸੀ। ਕਰਤ ਸੇਵ ਪਰ ਘਰ ਦੁਖ ਰਾਸੀ॥

ਦਾਮ ਰੈਣ ਕੋ ਕੋਇ ਨ ਲੇਵੇ। ਇਸ ਹਿਤ ਕੌਨ ਰੁਪਈਆ ਦੇਵੇ॥

ਇੱਕ ਭੰਗੀ ਮਰਘਟ ਵਾਲਾ। ਤਿਨ ਮਨ ਮਹਿ ਯਹ ਸਮਝਿਯੋ ਚਾਲਾ॥

ਜੇਕਰ ਇਹ ਮਾਨਸ ਮੈਂ ਲੈਹੋਂ। ਸੂਰ ਏ ਸਕੇਂ ਬਹੁ ਰਖਦੈ ਹੌਂ॥

ਹੈ ਤੇਰੇ ਮੋ ਘਰ ਨੌਕਰ ਮੋਰਾ। ਕਰੇ ਨ ਹੇਰ ਫੇਰ ਕੁਛ ਭੋਰਾ॥

ਸ਼ਰਮ ਅਵਨ ਮਹਿਮ ਚੰਦਨ ਕੇਹਾ। ਲਏ ਰੁਪਈਆ ਜੋ ਬਿਨ ਦੇਰਾ॥

ਜਬ ਲਈ ਆਗਿਆ ਦੈ ਹੈ। ਜਬ ਮੂਲ ਪੂਰਾ ਕਰ ਲੈ ਹੈ॥

ਇਤਨਾ ਸਮਝ ਰਿਦੇ ਮਹਿ ਤਾਨੈ। ਲਯੋ ਖਰੀਦ ਭੂਪ ਤਬ ਜਾਨੈ॥

ਤਹਾਂ ਜਾਇ ਨ੍ਰਿਪ ਸੂਰ ਚਰਾਏ। ਪੁਨ ਮੁਰਦੇ ਮਰਘਟ ਜਲਵਾਏ॥

ਸਹੇ ਕਲੇਸ਼ ਨੀਤ ਘਰ ਜਾਈ। ਪੁਨ ਰਾਨੀ ਅਤਿ ਬਿਪਤ ਭੁਗਾਈ॥

ਪਰ ਤਹਿ ਬਚਨ ਭੰਗ ਨਹਿ ਕੀਆ। ਦੁੱਖ ਭਾਰ ਨਿਰਾ ਸਿਰ ਪਰ ਲੀਆ।

ਰਾਜ ਭਾਗ ਤਜਨੋ ਨਹਿ ਜਾਨਾ। ਬੇਚਤ ਨਾਰ ਨ ਧਰੀ ਗਿਲਾਨਾ॥

ਮੁਕ ਰਚਾਰਤ ਸ਼ਰਮ ਨ ਕੀਨੀ। ਚੰਡਾਲ ਹਾਬ ਬਿਕ ਕਰਮ ਮਲੀਨੀ॥

ਕਰੇ ਭੂਪ ਪਰ ਬਚਨ ਨਹਿ ਟਾਰਾ। ਪੂਰਨ ਕਰਾ ਖੇਦ ਸਹਿ ਭਾਰਾ॥

ਜਿਸ ਕੇ ਬਲ ਕਰਤਾਰ ਸੁਆਮੀ। ਭਏ ਕ੍ਰਿਪਾਲ ਸੁ ਅੰਤਰਜਾਮੀ॥

ਗਈ ਬਿਪਤ ਸੁਖ ਸੌਗਣ ਪਾਇਯੋ। ਵਹੀ ਰਾਜ ਸੁਖ ਬਹੁਰ ਭੁਗਾਇਯੋ॥

ਕਯਾ ਬਚ ਪਾਲਤ ਪੁਰਖ ਅਭਾਗਾ। ਹੰਸ ਗਤੀ ਕਯਾ ਜਾਨਤ ਕਾਰਾ।੨੬॥

ਦਧੀਚ ਰਿਖੀ ਜੀ

ਦੋਹਰਾ

ਧੰਨ ਜਨਮ ਜਗ ਤਿਨੋਂ ਕਾ ਬਚਨ ਨ ਤਿਯਾਗੇ ਜਾਂਹਿ॥

ਨਿਜ ਤਨ ਪਰ ਮਮ ਖੇਦ ਬਹੁ ਰਹੇ ਪ੍ਰਤੱਗਯਾ ਮਾਂਹਿ।੨੭॥

ਚੌਪਈ

ਦਧੀਚ ਨਾਮ ਇੱਕ ਰਿਖ ਵਡਭਾਰਾ। ਜਾਂਕੋ ਵਡ ਜਗ ਮਾਹਿੰ ਉਜਾਰਾ॥

ਕਰਾ ਬਚਨ ਇਨ ਪਾਲਨ ਐਸਾ। ਧਰਮ ਰਿਖੀ ਕੋ ਚਹੀਏ ਜੈਸਾ॥

ਕਹਿਤ ਏਕ ਪੰਖੀ ਕੇ ਪਾਛੇ। ਭੂਖੋਂ ਬਾਜ ਪਰੋ ਤਬ ਆਸੈ॥

ਆਗੇ ਜਾਤ ਕਪੋਤ ਵਿਚਾਰਾ। ਪਾਛੇ ਬਾਜ ਪਰਾ ਬਲਕਾਰਾ॥

ਤਵਹਿ ਚਾਹਤ ਨਿਜ ਪ੍ਰਾਨ ਬਚਾਏ। ਬਾਜ ਚਹਿਤ ਤਿਸ ਕੋ ਤਬ ਖਾਏ॥

ਦੇਖੀਏ ਕਪੋਤ ਦੁਖੀ ਮਨ ਹੋਕੇ। ਪਹੁੰਚਿਯੋ ਧਾਮ ਰਿਖੀ ਕੇ ਹੋਕੇ॥

ਕਰੀ ਪੁਕਾਰ ਰਿਖੀ ਕੇ ਆਗੇ। ਹੇ ਰਿਖਵਰ ਸੁਨੀਏ ਵਡ ਭਾਗੇ॥

ਖਾਨ ਦਾਨ ਹਮ ਕੋ ਅਬ ਦੀਜੇ। ਇਸ ਪਾਪੀ ਤੇ ਰਖਯਾ ਕੀਜੇ॥

ਜਿਸ ਪ੍ਰ ਰਿਖੀ ਹਾ ਸੁਨ ਭਾਈ। ਮੈਂ ਕਰਹੋਂ ਰੱਖਯਾ ਇਸ ਜਾਈ॥

ਜਿਸ ਪਰ ਕਹੀ ਬਾਜ ਕੋਂ ਐਸੀਂ। ਕਹੋ ਮੀਤ ਤੁਹਿ ਇੱਛਾ ਕੈਸੀ॥

ਪਰਾ ਸਰਨ ਇਹ ਆਇ ਹਮਾਰੀ। ਤਾਂ ਤੇ ਤੁਮ ਚਲ ਜਾਹੁ ਆਗਾਰੀ॥

ਮਾਰ ਐਹ ਖਾਓ ਤੁਮ ਸੰਤਾ। ਦੇਵੇ ਹਾਰ ਤੋਹਿ ਭਗਵੰਤਾ॥

ਸੁਨਤ ਕਹੀ ਤਬ ਬਾਜ ਸੁ ਐਸੀ। ਕਹਤ ਬਾਤ ਰਿਖਵਰ ਤੁਮ ਕੈਸੀ॥

ਮੈਂ ਭੂਖਾ ਬਹੁ ਕਾਲਹ ਕੇਰਾ। ਹਾਰ ਪਰਾ ਸਗਲਾ ਬਲ ਮੇਰਾ।।

ਅਬ ਮੁਹਿ ਪ੍ਰਾਨ ਭੂਖ ਮਹਿ ਜਾਵੈ। ਜਾਂਕੋ ਸ੍ਰਾਧ ਤੋਹਿ ਪਰ ਆਵੈ।।

ਦੇਹ ਹਾਰ ਤੁਮ ਮਾਂਸ ਹਮਾਰਾ। ਛੁਧਾ ਦੋਖ ਤੇ ਹੋਇ ਉਧਾਰਾ।।

ਸੁਨਤ ਕਹੀ ਰਿਖ ਮੇਰੋ ਮਾਂਸਾ। ਖਾਕਰ ਧਰੋ ਆਪਨੇ ਸਾਂਗਾ।।

ਪਰ ਇਸ ਕੀ ਮੈਂ ਰਖਯਾ ਕਰਹੋਂ। ਅਪਨੋਂ ਤਨ ਤੁਹਿ ਆਗੇ ਕਰਹੋਂ।।

ਸਬਦ ਮੈਂ ਤਿਸਕੇ ਸੰਗ ਲੀਨੇ। ਬਚਨ ਨਹੀਂ ਤਹਿ ਭੰਗ ਸੁ ਕੀਨੇ।।

ਜਿਸ ਪਰ ਬਾਜ ਰਿਖੀ ਪਰ ਧਾਇਯੋ। ਸਭੀ ਮਾਸ ਤਨ ਕੋ ਜਿਨ ਖਾਇਯੋ।।

ਕਰਾ ਚਾੜਕੇ ਪਿੰਜਰ ਪਾਛੇ।। ਖਾਇਯੋ ਰਿਖੀ ਜਾਇ ਤਿਨ ਆਛੇ।।

ਕਰਾ ਰਿਖ ਨੇ ਬਚ ਪ੍ਰਤਿਪਾਰਾ। ਪਰ ਤਨ ਕੋ ਸਭ ਮਾਂਸ ਵਿਡਾਰਾ।।

ਦੇਖਹੁ ਬਚਨ ਪਾਲ ਜਗ ਮਾਂਹੀਂ। ਲੋਕ ਪ੍ਰਲੋਕ ਲਯੋ ਯਸ਼ ਤਾਹੀਂ।।

ਬੇਦ ਪੁਰਾਨ ਕਥਾ ਇਹ ਗਾਈ। ਹਮਨੇ ਨਹਿ ਮਨ ਘੜਤ ਬਨਾਈ।।

ਯਹ ਰਿਖਵਰ ਜੋਊ ਬਚਪਾਲੇ। ਮਹਾਂ ਕਲੇਸ਼ ਸੀਸ ਪਰ ਝਾਲੇ।।

ਕਯਾਪਾਜੀ ਇਸ ਗਤਕੋ ਜਾਨੈ। ਕਹਿ ਬਗ ਚਾਲ ਹੰਮਕੀ ਚਾਲੈ।।

ਕਹਾਂ ਗਾਧਾ ਜੋਹੀ ਗਤ ਫਿਰਹੈ। ਕਾਮ ਧੇਨ ਕੀ ਗਤ ਅਨੁਸਿਰ ਹੈ।੨੮।।

ਵਸ਼ਿਸ਼ਟ ਮੁਨੀ ਜੀ

ਦੋਹਰਾ

ਰਿਖ ਵਸ਼ਿਸ਼ਟ ਰਘਵਰ ਗੁਰੂ ਪ੍ਰਤੱਗਯਾ ਕੇ ਮੂਲ।।

ਬਚਨ ਭੰਗ ਜਿਨ ਨਹਿ ਕਰੇ ਸਹੇ ਪੂਤ ਮ੍ਰਿਤ ਸੂਲ।੨੯।।

ਚੌਪਈ

ਵਿਸਵਾਮਿੱਤ੍ਰ ਨਾਮ ਰਿਖ ਜੋਊ। ਆਇਯੋ ਮਿਲਨ ਤਾਹਿੰ ਕੋ ਸੋਊ।।

ਪਰ ਤਿਨ ਤਨ ਪਰ ਸ਼ਸਤ੍ਰ ਧਾਰੇ। ਕਰੀ ਆਇ ਗੀਖਯੋਂ ਨਮੱਸਕਾਰੇ।।

ਜਿਸ ਕੋ ਸੁਨ ਕਰ ਮੁਨ ਯਹ ਗਾਈ। ਆਉ ਰਾਜ ਰਿਖ ਮੁਨਵਰ ਗਾਈ।।

ਯਹ ਸੁਨ ਕੌਸ਼ਕ ਸੁਤ ਮਨ ਕੋਪਾ। ਲਰਨੇ ਹੇਤ ਪਾਉਂ ਜਿਨ ਰੋਪਾ॥
ਖੈਂਚ ਤੇਗ ਤਿਨ ਐਸ ਚਲਾਈ। ਵਸ਼ਿਸ਼ਟ ਪੂਤ ਸਿਰ ਜਿਨ ਉਤਾਰੀ॥
ਕਹਾ ਰਾਜ ਰਿਖ ਮੁਝ ਕੋ ਆਖਾ। ਬ੍ਰਹਮ ਰਿਖੀ ਤੁਮ ਕਯੋ ਨਹਿੰ ਭਾਖਾ॥
ਜਿਸ ਪਰ ਕਹੀ ਵਸ਼ਿਸ਼ਟ ਸੁ ਐਸੀ। ਜੈਸੀ ਪਿਖੀ ਕਹੀ ਹਮ ਤੈਸੀ॥
ਐਸੇ ਕਰਤ ਵਿਵਾਰ ਸਿਧਾਯੋ। ਕੁਛਕ ਦਿਵਸ ਗੁਜਰੇ ਫਿਰ ਆਯੋ॥
ਵਹੀ ਧਰੇਆ ਯੁਧ ਤਨ ਜਾਂਕੇ। ਛੱਤ੍ਰੀ ਰੂਪ ਧਨੋਂ ਅਤਿ ਖਾਕੇ॥
ਕਰੀ ਪ੍ਰਨਾਮ ਆਇ ਜਬ ਤਾਨੇ। ਕਹੀ ਰਾਜ ਰਿਖ ਆਉ ਮਾਂਗੇ॥
ਸੁਨਤ ਕੋਪ ਕੀਨੋਂ ਮਨ ਐਸਾ। ਕੋਟ ਭਾਨ ਹੋਵਤ ਹੈ ਜੈਸਾ॥
ਮਾਰ ਤੇਗ ਤਿਨ ਰਿਖ ਸੁਤ ਮਾਰਾ। ਦੇਖ ਵਸ਼ਿਸ਼ਟ ਸੁ ਸਕਲ ਸਹਾਰਾ॥
ਬਾਤ ਤਿਨ ਮੁਖ ਤੇ ਵਹੀ ਉਚਾਰੀ। ਪ੍ਰਤੱਗਯਾ ਨਹਿੰ ਰੰਚਕ ਟਾਰੀ॥
ਇਸੀ ਪ੍ਰਕਾਰ ਬਹੁਤ ਸੁਤ ਘਾਏ। ਵਿਸ੍ਵਾਮਿੱਤ੍ਰ ਕ੍ਰੋਧ ਉਪਜਾਏ॥
ਪਰ ਵਿਸ਼ਸ਼ਟ ਜੂ ਨੈਕ ਨ ਜਾਨੀ। ਬਚਨ ਭੰਗ ਨਹਿੰ ਕੀਨ ਸੁ ਗਯਾਨੀ॥
ਲੋਕ ਦਿਵਸ ਕੋਸ਼ਕ ਸੁਤ ਆਯੋਂ। ਪਰ ਤਨ ਪਰ ਸ਼ਸਤ੍ਰ ਨਹਿੰ ਲਿਆਯੋਂ।
ਵਰ ਰਿਖਨ ਕੋ ਧਰ ਕਰ ਵੇਸਾ। ਹਾਥ ਵੇਦ ਅਰ ਸਿਰ ਪਰ ਕੇਸਾ॥
ਕਹੇ ਮਨ ਹਾਰ ਜਾਇ ਰਿਖ ਆਗੇ। ਸੁਨਤ ਵਸ਼ਿਸ਼ਟ ਕਹੀ ਵੱਡ ਭਾਗੇ॥
ਐਸੇ ਬ੍ਰਹਮ ਰਿਖ ਮਹਾਂ ਆਨੰਦਾ। ਖਾਵਹੁ ਬੈਠ ਫਲ ਫੂਲ ਮੁਕੰਦਾ।
ਪਰ ਕਹੀ ਰਾਜ ਰਿਖ ਐਸੀ। ਯਹ ਮ੍ਰਯਾਦ ਕਰੀ ਤੁਮ ਕੈਸੀ॥
ਯਮਰਾਜ ਇਸ ਪਰ ਮਰਵਾਏ। ਬ੍ਰਹਮ ਰਿਖੀ ਨਹਿੰ ਮੁਖੋਂ ਅਲਾਏ॥
ਦੇਖੋ ਬ੍ਰਹਮ ਰਿਖ ਮੋਹਿ ਉਚਾਰਾ। ਕਹੋ ਮੁਨੀ ਯਹ ਕੌਨ ਵਿਚਾਰਾ॥
ਕਹਾ ਵਸ਼ਿਸ਼ਟ ਕਹੀ ਸੱਤਵਾਦੀ। ਨਹੀਂ ਝੂਠ ਕੇ ਹੈ ਹਮ ਆਦੀ॥
ਮੇਰੀ ਹੈ ਪ੍ਰਤੱਗਯਾ ਏਹੀ। ਬਚਨ ਭੰਗ ਨਹਿੰ ਹੋਵਨ ਦੇਹੀ॥
ਬਚਨ ਪਰ ਸ਼ਸਤ੍ਰ ਤੁਮ ਧਾਰੇ। ਤਬੀ ਰਾਜ ਰਿਖ ਮੋਹਿ ਉਚਾਰੇ॥

ਬਚਨ ਭੰਗ ਕਰਨ ਨਹਿੰ ਚਾਹਾ। ਸੁਤ ਮਾਰਨ ਕੋ ਦੋਸ਼ਨ ਆਹਾ॥
ਰਾਜ ਰਿਖ ਸੇ ਜਗ ਸੋਊ। ਪਾਲਨ ਬਚਨ ਕਹੇ ਮੁਖ ਜੋਊ॥
....ਬਤਲਾਮ ਹੈਂ ਕਾਗਾ। ਜੋ ਮਲ ਸੋ ਰਹ ਤੋ ਅਨਰਾਗਾ।।੩੦॥

ਰਾਜਾ ਬਲ ਜੀ

ਦੋਹਰਾ

ਬਲ ਰਾਜਾ ਦੀ ਗੱਲ ਜੋ ਵਿੱਚ ਪੁਰਾਣਾਂ ਬੀਰ॥
ਉਸ ਨੂੰ ਪੜ੍ਹਕੇ ਦੇਖੀਏ ਕਯਾ ਦਸਦੀ ਹੈ ਧੀਰ॥੩੧॥

ਚੌਪਈ

ਇਹ ਜੋ ਇੱਕ ਕਹਾਣੀ ਭਾਈ। ਨਰ ਨਾਰੀ ਕੇ ਮੁਖ ਸੁਨ ਪਾਈ॥
ਪੁਨਹ ਪੁਰਾਨ ਮਾਹਿੰ ਯਹ ਗਾਥਾ। ਪੜ੍ਹਤ ਲੋਗ ਮਨ ਪ੍ਰੇਮ ਮੁਝਾਰੀ॥
ਕਹਤ ਭੂਪ ਬਲ ਕੇ ਜਬ ਦੁਆਰੇ। ਗਏ ਵਿਸਨੇ ਵਾਮਨ ਬਪ ਧਾਈ॥
ਕਰੀ ਅਸੀਸ ਦ੍ਵਾਰ ਪਰ ਜਾਈ। ਜਿਸ ਪਰ ਰਾਜਨ ਏਹ ਅਲਾਈ॥
ਕਹੋ ਰਿਖੀ ਕਯਾ ਮਾਂਗਤ ਮੋਸੋ। ਕਹੋ ਕੌਨ ਇੱਛਾ ਹੈ ਤੋਈ॥
ਜਿਸ ਪਰ ਥਾਵਨ ਏਹ ਉਚਾਰੀ। ਸੁਨਹੁ ਭੂਪ ਧਰਮਾਤਮ ਭਾਰੀ॥
ਮੈਂ ਤੁਮਰੋ ਯਸ਼ ਸੁਨ ਕਰ ਆਇਯੋ। ਦੂਸਰ ਔਰ ਨ ਤੇ ਮਮ ਪਾਇਆ॥
ਤਾਂ ਤੇ ਮੈਂ ਅਬ ਬੂਢਾ ਹੋਇਯੋ। ਤਨ ਕੋ ਬਲ ਸਗਲੋ ਅਬ ਖੋਇਆ॥
ਚਲਨ ਸਕਤ ਤਨ ਮਹਿ ਨਹਿੰ ਰਹੀ। ਤਾਂ ਤੇ ਬੈਠ ਰਹੇ ਨ ਮਨ ਚਾਇ॥
ਜਿਸ ਤੇ ਇੱਕ ਮੈਂ ਕੁਟੀਆ ਕਰਹੋਂ। ਤਿਸ ਮਹਿ ਬੈਠ ਪੀਰ ਮਨਾਇ॥
ਉਸ ਕਾਰਨ ਮੁਹਿ ਧਰਤੀ ਦੀਜੈ। ਲੋਕ ਪ੍ਲੋਕ ਵਿਖੈ ਯਸ਼ ਲਾਇ॥
ਜਿਸ ਕੋ ਸੁਨ ਕਰ ਭੂਪਤ ਗਾਈ। ਕਿਤਨੀ ਰਹੋ ਸੁਨੋ ਬਿਪਰਾਈ॥
ਕਹੀ ਤਬੀ ਬਾਵਨ ਨੇ ਐਸੀ। ਕੁਟੀਆ ਮਾਤ੍ਰ ਮਾਂਗੋ ਜਾਈ॥

ਸਾਢੇ ਤੀਨ ਕਦਮ ਮੋਹ ਰਹੀਐ। ਇਤਨੀ ਹੀ ਮਹਿ ਸੁਖ ਸੇ ਹਾਈ।।

ਸੁਨਤ ਰਸਾ ਭੂਪਤ ਮੁਖ ਮਾਹੀਂ। ਕਹਾ ਬਿਪ ਬੁਧਿ ਤੁਹਿ ਕੁਛ ਨਾਹੀਂ।।

ਕੁਛ ਮਾਂਗਾ ਤੋਂ ਮੁਝਸੇ ਆਈ। ਸਾਢੇ ਤੀਨ ਕਦਮ ਸੁਨ ਭਾਈ।।

ਸੁਨਤ ਕਹੀ ਬਾਵਨ ਸੁਨ ਰਾਜਾ। ਯਾਂ ਤੇ ਅਧਕ ਨ ਮੇਰੇ ਕਾਜਾ।।

ਜਿਸ ਪਰ ਭੂਪ ਕਹੀ ਮਿਣ ਲੀਜੈ। ਜਹਾਂ ਰਿਖੀ ਤੁਮਰੋ ਮਨ ਕੀਜੈ।।

ਇਤਨੀ ਆਗਯਾ ਲੈ ਕਰ ਜਾਨੈ। ਪੈਰ ਉਠਾਇ ਧਰਿਯੋ ਧਿਰ ਤਾਂਨੇ।।

ਤੀਨੋ ਲੋਕ ਤੀਨ ਪਗ ਕੀਨੇ। ਬਾਕੀ ਰਹਿਯੋ ਨ ਰੰਚ ਸਮੀਨੇ।।

ਰਾਜਾ ਬਲ ਕਹੀ ਸੁਨੋ ਨ੍ਰਿਪ ਏਸਾ। ਪੂਰਨ ਕਰੋ ਰਹੀ ਜੋ ਸੇਸਾ।।

ਅਬ ਪਗ ਕਹਿੰਤੇ ਅਬ ਪਾਊਂ। ਜਾਕੇ ਬਿਨ ਨਹਿ ਮਨ ਠਹਿਰਾਉਂ।।

ਸਮਝ ਗਯੋ ਰਾਜਾ ਤਬ ਸਾਰੀ। ਯਹ ਤੋ ਬਿਪ ਛਲੀ ਅਤਿ ਭਾਰੀ।।

ਅਬ ਚਲੋ ਫਿਰ ਨੋ ਨਹਿ ਚਹੀਏ। ਸਵਾਧਾਨ ਤਿਨ ਊਪਰ ਰਹੀਏ।।

ਅਬ ਤਿਨ ਕਹਾ ਪੀਠ ਏਹ ਮੋਰੀ। ਹੋਇ ਗਈ ਰਿਖਵਰ ਜੂ ਤੋਰੀ।।

ਤੁਮ ਮਿਲ ਕਰ ਪੂਰਨ ਲੀਜੈ। ਅਪਨੋ ਬੋਲ ਸਕਲ ਸਿਧ ਕੀਜੈ।।

ਜਿਸ ਕੋ ਲੈ ਬਾਵਨ ਤਬ ਰੀਝੇ। ਲੋਕ ਪ੍ਰਲੋਕ ਮਾਹਿੰ ਯਸ ਸੀਝੇ।।

ਅਬ ਆਸ ਮੋਰੀ ਨਹੀ ਭਾਰੀ। ਔਰ ਸਬੰਧ ਮੋਹ ਨਹਿ ਰਾਈ।।

ਕਥਾ ਪੁਰਾਣ ਮਹਿ ਦੇਖੀ ਜੈਸੀ। ਯਾਹ ਜਗਾ ਪਰ ਭਾਖੀ ਤੈਸੀ।।

ਆਨ ਮਾਲ ਇਸ ਮੈਂ ਹੈ ਜੋਊ। ਇਸ਼ਟ ਹਮਾਰੋ ਹੈ ਪੁਨ ਸੋਊ।।੩੨।।

ਨੰਦ ਰਾਜਾ ਦੀ ਕੰਨਯਾ

ਦੋਹਰਾ

ਅਹੋ ਪੁਰਖ ਇਸ ਦੇਸ ਕੇ ਹੁਤੇ ਬਚਨ ਕੋ ਮੀਤ।

ਨੰਦ ਕੰਨਯਾ ਭੀ ਬਚਨ ਕੋ ਭੰਗ ਨ ਕਰਤ ਸਪ੍ਰੀਤ।।੩੩।।

ਚੌਪਈ

ਸੁਨਹੁ ਮੀਤ ਅਧਭੁਤ ਇੱਕ ਗਾਥਾ। ਭਾਰਤ ਮਹਿ ਲਿਖੀ ਹਿਤ ਸਾਖੀ॥
ਨੰਦ ਰਾਮ ਭੂਪਤ ਇੱਕ ਭਾਰੀ। ਰਾਜ ਕਾਜ ਸਹਿ ਬਹੁ ਵਿਸਥਾਰੀ॥
ਤਾਂ ਕੀ ਸੁਤਾ ਬਹੁਤ ਮਨ ਪਿਯਾਰੀ। ਵਿਦਯਾਵਤੀ ਕਹਿਤਿ ਮਹਿ ਭਾਰੀ॥
ਮਾਤਾ ਪਿਤਾ ਤਹਿ ਅਤਿ ਅਨੁਹਾਰੀ। ਕਰਤ ਨੇਹੁ ਮਨ ਮਹਿ ਵਡਭਾਗੇ॥
ਵ੍ਹ ਕੰਨਯਾ ਵਿਦਯਾਵਤੀ ਨਾਮਾ। ਹੁਤੀ ਪਲਤ ਅਤਿ ਹੀਅ ਭਰਾਸੀ॥
ਵਡੇ ਵਡੇ ਰਿਖ ਵਰ ਮਨ ਆਕੇ। ਪੂਛਤ ਅਰਥ ਤਿਹ ਪਾਸ ਬੈਠਾਕੇ॥
ਭਈ ਜੁਆਨ ਸੁਰਾਜ ਦੁਲਾਰੀ। ਤਿਹ ਵਰ ਚਾਹਤ ਭੂਪ ਹਿਤਕਾਰੀ॥
ਜੈਸੀ ਸੁਤਾ ਅਰੇ ਘਰ ਮਾਹੀਂ। ਤੈਸੋਂ ਪਤਿ ਚਾਹਿਤ ਨਿਤ ਭਾਗੀ॥
ਦੂਰ ਦੂਰ ਤਕ ਬਿਪਰੰ ਪਠਾਏ। ਰਾਜ ਕੁਮਾਰ ਦੇਖ ਕਰ ਆਏ॥
ਪਰ ਤਿਹਸੋਂ ਸਰੂਪ ਗੁਣ ਖਾਨੀ। ਨਹਿ ਪੇਖ ਸੋ ਬਾਲਕ ਸੁਰਗ ਜਾਏ॥
ਜਿਸ ਪਰ ਹਾਥ ਜੋੜ ਯਹੋਂ ਗਾਈ। ਨਹਿ ਵਰ ਮਿਲਤ ਸੁਨੋ ਨਿਰਪੱਖ।
ਯਹ ਸੁਨ ਰਾਜਨ ਮਨ ਮਹਿਮ ਸੋਚੇ। ਕੌਨ ਪ੍ਰਕਾਰ ਮਿਲੇ ਵਰ ਲੋਚੇ॥
ਭਯੋ ਰਿਦੇ ਮਹਿ ਅਤਿ ਦੁਖ ਤਾਹੀਂ। ਜਾਂਤੇ ਸੁਤਾ ਜੋਗ ਵਰ ਨਾਹੀਂ॥
ਜਿਸ ਪਰ ਪਿਤਾ ਕੋ ਦੇਖ ਸੁਭਾਉ। ਕੰਨਯਾ ਕਹਿਯੋ ਸੁਨੋ ਨਿਰਪੱਖ॥
ਕੌਨ ਕਾਜ ਦਿਲ ਗੀਵਰ ਕੇਰਾ। ਭਯੋ ਸ਼ੋਕ ਜਾਨਤ ਮਨ ਮੇਰਾ॥
ਜਾਂ ਕੋ ਸੁਨ ਕਰ ਭੂਪਤ ਭਾਖੀ। ਨਿਜ ਪੁੱਤ੍ਰੀ ਸੋ ਗੋਪਨ ਰਾਖੇਂ॥
ਕਹੀ ਪੂਤ ਵਰ ਜੋਗ ਨਾ ਤੇਰੇ। ਆਵਤ ਕੋ ਭਾਰਤ ਮਹਿ ਸਾਰੇ॥
ਯਹ ਸੁਨ ਕਹੀ ਸੁਤਾ ਨੇ ਬਾਨੀ। ਸੁੰਨਹ ਤਾਤ ਤੁਮ ਸਾਖ ਬਖਾਨੀ॥
ਤਾਂ ਤੇ ਖੇਦ ਕਰੋ ਨਹਿ ਕੋਈ। ਕਰਤ ਜੋਇ ਬਿਧ ਹੋਵਤ ਸੋਈ॥
ਬਿਪਨ ਕੋਈ ਨੈਨ ਨਿਹਾਰੇ। ਜਾਂ ਤੇ ਮੈਂ ਤਜ ਧਾਮ ਪਧਾਰੋ॥
ਰਟਨ ਕਰੂੰ ਜਗ ਮਹਿ ਸੁਨ ਚਾਈ। ਢੂੰਡਹੁ ਗੀਵਰ ਮੈਂ ਜਗ ਜਾਈ॥

ਜਾਂ ਤੇ ਸੰਗ ਮੋਹ ਭਣ ਦੀਜੈ। ਵਿਦਾ ਕਰੋਂ ਮਨ ਕੋ ਸੁਖ ਕੀਜੈ।।
ਸੁਨ ਭੂਪਤ ਤਬ ਨੈਨ ਸਰਾਨੇ। ਨਿਜ ਕੰਨਯਾ ਪ੍ਰਤਿ ਬਚਨ ਬਖਾਨੇ।।
ਕਰੋ ਸੁਤਾ ਜੋ ਤੁਮ ਮਨ ਭਾਵੇ। ਲੈ ਵਰ ਹਾਥ ਜਾਂ ਤੁਹਿ ਆਵੇ।।
ਸ਼ੁਭ ਕਰੋ ਇਸ ਕੋ ਢਿਗ ਮੋਰੇ। ਸਿੱਧ ਮਨੋਰਥ ਹੋਵਹਿ ਤੋਰੇ।।
ਲੈ ਆਗਿਆ ਪਿਤ ਤੁਰਤ ਸਿਧਾਈ। ਸੰਗਸੈਨ ਬਹੁ ਭਾਤ ਸਜਾਈ।।
ਨਗਰ ਨਗਰ ਬਨ ਬਨ ਮਹਿ ਜਾਏ। ਬਹੁਰ ਕਈ ਤੀਰਥ ਲੱਖ ਪਾਏ।।
ਜਹਾਂ ਕਹੀ ਰਿਖ ਰਾਜ ਨਿਹਾਰੈ। ਵਿਦਯਾ ਬਲ ਕਰ ਸਭ ਪਰਤਾਏ।।
ਰੰਚਨ ਤਾਂ ਕਿ ਸਹਾਰਤ ਕੋਊ। ਦੇਖਤ ਨੈਨ ਲਾਜ ਭਰ ਦੋਊ।।
ਫਿਰਤ ਫਿਰਤ ਬਹੁ ਦੇ ਮਨ ਮਾਹੀਂ। ਪਾਵਤ ਪਤੀ ਯੋਗ ਨਿਜ ਨਾਹੀ।।
ਪਹੁੰਚੀ ਗੰਗਾ ਕੇ ਤਟ ਜਬ ਹੀ। ਰਿਖੀ ਕੇਸ ਕੇ ਊਪਰ ਤਬ ਹੀ।।
ਲਗਨ ਝੂਲੇ ਕੇ ਢਿਗ ਜਾਈ। ਡੇਰਾ ਦਯੋਂ ਤਾਹਿੰ ਨੈ ਲਾਈ।।
ਅਜਲਸੈਨ ਪਾਛੇ ਕਰ ਦੀਨੀ। ਗਈ ਅਕੇਲੀ ਅਤਿ ਸੁਖ ਭੀਨੀ।।
ਇਕ ਦਿਨ ਤਿਸ ਜਾਗਾ ਕੇ ਮਾਹੀਂ। ਦੇਖਯੋ ਏਕ ਪੁਰਖ ਵਡਬਾਹੀਂ।।
ਉਨ ਸੁਰਤ ਨੈਨ ਰਸੀਲੇ। ਮਾਨਹੁ ਸਰਦ ਕੰਵਲ ਅਤਿ ਨੀਲੇ।।
ਸਵਰਨ ਰੰਗ ਜਹ ਤਰਨ ਸਰੀਰਾ। ਅਹੇ ਅਮੋਲ ਮਾਨੋਂ ਵਡਹੀਰਾ।।
ਮੋਰੇ ਨੈਨ ਹੋਇ ਜਗ ਗਏ। ਆਪਸ ਮਹਿ ਤਬ ਬੋਲਤ ਭਏ।।
ਸੰਸ਼ਕ੍ਰਿਤ ਮਹਿੰਤ ਬਵਹੁ ਬਾਲਾ। ਬੋਲੀ ਸੁਨਹੁ ਰਿਖੀਵਰ ਲਾਲ।।
ਕੌਨ ਤਾਤ ਅਰ ਮਾਤ ਤੁਮਾਰੇ। ਕਹਾਂ ਪਠੇ ਕਹੁ ਸਗਲ ਉਚਾਰੇ।।
ਸੁਨ ਬਾਲਕ ਤਬ ਕਹਿਯੋ ਪੁਕਾਰੀ। ਸੁਨਹ ਪ੍ਰਿਯ ਮਮ ਗਾਥਾ ਸਾਰੀ।।
ਭਸੂਰਤ ਨਾਮ ਭੂਪ ਇੱਕ ਭਾਰਾ। ਜਾਂ ਕੋ ਤੇ ਜਨਤ ਜਾਤ ਸਹਾਰੇ।।
ਸੋਈ ਦੇਵ ਨੇਤ ਕਰ ਪਿਯਾਰੀ। ਭਯੋ ਅੰਧ ਸਹਿ ਮਮ ਮਹਿ ਭਾਵੇ।।
ਮੈਂ ਬਾਲਕ ਕੁਛ ਨੀਤ ਨ ਜਾਨਹੁ। ਜਾਂ ਤੇ ਰੰਚਨ ਉੱਦਮ ਠਾਹਵੇ।।

ਜਾਨ ਪਿਤਾ ਨੈਨਨ ਤੇ ਹੀਨਾ। ਸੱਤਰੂਨ ਕਹਾ ਆਇ ਕਰ ਦੀ ਨਾਹੀ॥
ਰਾਜ ਭਾਗ ਸਭ ਖੋਸ ਹਮਾਰਾ। ਨਿਜ ਨਗਰੀ ਤੇ ਦਯੋ ਨਕਾਰਾ॥
ਸੋ ਮਾਤਾ ਪਿਤ ਅੰਧ ਹਮਾਰੇ। ਬਸਤ ਗੰਗ ਕੇ ਯਹਾਂ ਕਨਾਰੇ॥
ਮੈਂ ਤਿਨ ਕੀ ਸੇਵਾ ਅਤਿ ਕਰਹੋਂ। ਪਿਤਰ ਦੰਡ ਜੈ ਸੋਅਨ ਸਰ ਪਰ॥
ਯਹਾਂ ਤਪੋਬਨ ਮਹਿ ਰਿਖ ਜੇਤੇ। ਵਿਦਿਯਾ ਸੋਹ ਪੜ੍ਹਾਵਤ ਮੋਰੋ॥
ਭੋਜਨ ਆਦਿ ਕਾਜ ਸਭ ਕਰਕੇ। ਸਕਲ ਵਸਤ ਪਿਤ ਆਗੇ ਧਰਤੇ॥
ਪਾਛੇ ਮੈਂ ਪਠਹੋ ਬਹਿ ਵੇਦਾ। ਜਾਂਤੇ ਹੋਤਨ ਰੰਚਕ ਝੇੜਾ॥
ਯਹੀ ਹਾਲ ਮੋਰੋ ਹੈ ਪਿਯਾਰੀ। ਪ੍ਰਗਟ ਕਹਾ ਜੋ ਤੋਹ ਉਕਾਈ॥
ਸੁਵਰਤ ਦਾਨ ਮੇਰੋ ਹੈ ਨਾਮਾਂ। ਸੁਨਹ ਜਗਤ ਮਹਿ ਹੇ ਅਭਰਸ॥
ਸੁਨਤ ਹਾਲ ਕੰਨਯਾ ਵਿਸਮਾਈ। ਅਪਨੇ ਮਨ ਮਹਿ ਬਯੋ ਤਬ ਨਾਹੀ॥
ਯਹੀ ਭੂਪ ਸੁਤ ਛੱਤ੍ਰੀ ਰਾਜਾ। ਧਰਮ ਨੀਤ ਵਿਤ ਬੁਧਿ ਬਲਸਾਜੀ॥
ਅਹੇ ਛੱਤ੍ਰੀ ਯਹ ਵਡ ਜੋਧਾ। ਯਾਕੇ ਮਮ ਨਹਿ ਦੂਸਰ ਕੋਈ॥
ਤਾਂ ਤੇ ਯਹੀ ਹੋਇ ਵਰ ਮੋਰਾ। ਯਾਤੇ ਬਿਨਾਂ ਨ ਚਾਹੂੰ ਸੋਈ॥
ਬਚਨ ਦਾਨ ਇਸ ਕੋ ਮੈਂ ਦੈਹੂੰ। ਔਰ ਨਾਮ ਫਿਰ ਭੂਲਨ ਲੋਗ॥
ਔਰ ਸੰਪਤ ਪੁਰਖਨ ਕਾ ਮਾਇਆ। ਬ੍ਰਿਖ ਸਮਾਨ ਸਾਥ ਹੀ ਆਇਆ॥
ਔਰ ਵਸਤ ਸਭ ਆਵਤ ਹਾਥਾ। ਕਠਨ ਅਹੇ ਪੂਰਨ ਜਗ ਸਾਥਾ॥
ਪੁਰਖ ਜੋਗ ਮਿਲ ਹੈ ਜਿਸ ਤਾਈਂ। ਸੋਈ ਭਾਗਵੰਤ ਜਗ ਸਾਈਂ॥
ਤਾਂ ਤੇ ਸੋਚ ਵਿਚਾਰ ਤਯਾਗੋ। ਇਸ ਹੀ ਕੇ ਪਾਇ ਨਾ ਅਬ ਲਾਗੋ।੩੪॥

ਦੋਹਰਾ

ਇਹ ਮਨ ਅੰਦਰ ਸੋਚ ਕੇ ਕਹੇ ਮੁਨੀ ਕੋ ਬੈਨ।
ਹੇ ਪ੍ਰਭੂ ਮੈਂ ਤੁਮ ਸੰਗ ਕੋ ਚਾਹਤ ਹੂੰ ਦਿਨ ਰੈਨ।੩੫॥

ਚੌਪਈ

ਐਸੇ ਬੈਨ ਜਬੀ ਸੁਨ ਪਾਏ। ਰਾਜ ਕਵਚ ਤਬ ਖੈਨ ਅਲਾਏ॥
ਅਰੇ ਸੁਭਾਗਨ ਰਾਜ ਦੁਲਾਰੀ। ਕੈਸੇ ਕਰਹੋ ਯਹ ਬਿਧ ਸਾਰੀ॥
ਜਹੀ ਨਗਰ ਘਰ ਸੰਪਤ ਮੋਰੇ। ਜੋ ਕੁਛ ਜੋਗ ਹੋਇ ਜਗ ਤੋਰੇ॥
ਤਾਂ ਤੇ ਮੋਰਾ ਅੰਧ ਪਛਾਨੋਂ। ਅਰ ਮੈਂ ਤਾਂ ਕੋ ਨਹੀਂ ਤਜਾਨੋਂ॥
ਨਿਕਾਸ ਮੁਹ ਸੰਗਤ ਕਰ ਹੈਂ। ਅਨਕ ਪ੍ਰਕਾਰ ਖੇਦ ਸਿਰ ਧਰ ਹੈਂ॥
ਰਾਜ ਕੁਮਾਰ ਜੋਗ ਜੋ ਤੋਰੇ। ਵਰਹੁ ਪ੍ਰੀਤ ਧਰ ਜਾਤਹਿ ਧੋਰੇ॥
ਜੋ ਚਹੇਂ ਮੋਹ ਕੋ ਪਿਯਾਰੀ। ਲੈ ਜਾਵਨ ਨਿਜ ਧਾਮ ਮੁਝਾਰੀ॥
ਕਬਹੁ ਨ ਕਰਹੋਂ ਕਾਜਾ। ਜਾਂ ਤੇ ਮਾਤ ਪਿਤਾ ਬਿਨ ਸਾਜਾ॥
ਔਹ ਕੇ ਦੋਇ ਅਧੀਨੇ। ਬਿਨਾਂ ਮੋਹ ਇੱਕ ਪਲ ਨਹਿ ਜੀਨੇ॥
ਤਯਾਗ ਕਰੋਂ ਮੈਂ ਕੇਸੇ। ਮਹਾਂ ਕਠੋਰ ਕਰਤ ਹੈਂ ਜੈਸੇ॥
ਅਰ ਸਾਂਤ ਮੁਨੀ ਮਨ ਲਾਈ। ਤਬ ਕੰਨਯਾ ਇਮ ਭਾਖ ਸੁਨਾਈ॥
ਤਬ ਰਾਜਾ ਮਤ ਸੰਕਨ ਕੀਜੇ। ਜਾਂ ਕੇ ਉੱਤਰ ਅਬ ਸੁਨ ਲੀਜੇ॥
ਬਿਵਾਹ ਕਰੂੰ ਮੈਂ ਤੁਮਰੇ ਸੰਗਾ। ਲੇਵਹੁ ਗੀਵਰ ਮੈਂ ਸੁਖ ਮੰਗਾ॥
ਤਬੀ ਆਇ ਕਰ ਇਸ ਹੀ ਜਾਗਾ। ਤੁਮਰੇ ਸੰਗ ਸੁਨੋ ਵਡਭਾਗਾ॥
ਕਰੋਂ ਸੇਵ ਇਨ ਕੀ ਮੈਂ ਐਸੇ। ਸ਼ੀਲਾਵੰਤ ਕੋ ਚਹੀਏ ਜੈਸੇ॥
ਤੁਮਰੇ ਤਾਤ ਮਾਤ ਹੈਂ ਜੋਈ। ਪੂਜਨ ਸੋਗ ਮੋਹ ਕੋ ਹੋਈ॥
ਤਾਂ ਤੇ ਬਾਗ ਦਾਨ ਮੈਂ ਦੀਨਾ। ਯਾਕੋਂ ਕਰੋ ਨ ਕਬਹੁੰ ਖੀਨਾ॥
ਮੈਂ ਛੱਤ੍ਰੀ ਰਾਜਾ ਕੀ ਕੰਨਯਾ। ਸੋਂ ਕੁਲ ਕਹਤ ਜਗਤ ਮਹਿ ਕਹਨਾ॥
ਬਚਨ ਪਾਲ ਜਾਂ ਕੋ ਹੈ ਧਰਮਾਂ। ਜੋ ਭਾਖਤ ਛੱਤ੍ਰੀ ਕੋ ਕਰਮਾ॥
ਇਤਨਾ ਕਹ ਕਰ ਤੁਰਤ ਸਿਧਾਈ। ਸਨੈ ਸਨੈ ਭੂਪਤ ਢਿਗ ਆਈ॥
ਮਿਲਤ ਪਿਤਾ ਕੋ ਸਭ ਦੁਖ ਖੋਇਯੋ। ਭੂਪਤ ਦੇਖ ਅਧਕ ਸੁਖ ਹੋਇਯੋ॥

ਕੰਠ ਲਾਇ ਪੂਛੀ ਸਭ ਗਾਥਾ। ਕਹੋ ਕਹਾ ਗੁਜ਼ਰੀ ਤੁਹਿ ਰਾਥਾ।।

ਤਬ ਕੰਨਯਾ ਸਭ ਹਾਲ ਸੁਨਾਇਆ। ਤਿਸ ਬਾਲੂ ਕਾ ਪਤਾ ਬਤਾਇਆ।।

ਸੁਨਤ ਗੁਰ ਮਨ ਸੰਸਾ ਭਇਯੋ। ਅਧਕ ਚਿੰਤ ਮਨ ਮਹਿ ਪਰ ਭਾਇਯੋ।।

ਜਾ ਪਰ ਕਹਤ ਅਹੋ ਕਯਾ ਭਈ। ਪੁਤ੍ਰੀ ਦਿਸਟ ਕਹਿ ਪਰਾਈ।।

ਨਹੀਂ ਰਾਜ ਕੋ ਮਾਲਕ ਕੋਊ। ਨਹਿੰ ਧਰ ਪਤਿ ਜਗ ਮਹਿੰ ਹੋਊ ।।

ਅੰਧ ਮਾਤ ਪਿਤ ਬਿਪਤ ਗ੍ਰਾਸੇ। ਯਹ ਬਾਲਕ ਸਦਤ ਹਿਫਿ ਭਾਸੇ।।

ਕਹਾਂ ਕਰੋ ਇਸ ਕੀ ਅਬ ਗਾਥਾ। ਜੋ ਕੁਛ ਭਈ ਯਾਹਿ ਕੇਹੇ।

ਯਹੀ ਸੋਚ ਕਰ ਤਬ ਯਹ ਕੀਨਾ। ਬਿਪਰਨ ਰਾਵ ਬੋਲ ਢਿਗ ਗੀਨਾ।।੩੬।।

ਦੋਹਰਾ

ਦੇਸਨ ਮਾਨ ਬਠਾਇਯੋ ਸਭ ਰਿਖ ਮੁਨ ਨ੍ਰਿਪ ਧਰ।।

ਸੋ ਤਿਨ ਕੋ ਕਹ ਦੀਨ ਫਿਰ ਜਾਂਕਰ ਰਿਦਾ ਉਦਾਸ।।੩੭।।

ਚੌਪਈ

ਅਹੋ ਰਿਖੀ ਮੁਨ ਹੋ ਮਮ ਬਾਨੀ। ਤੁਮਹੋ ਸਭ ਵਿਧ ਸੇ ਸੁਰ ਗਯਾਨੀ।।

ਮਮ ਕੰਨਯਾ ਵਰ ਐਸੋ ਲੋਰੇ। ਨਹੀਂ ਸਮਾਜ ਜਾਂਹਿ ਪਹਿ ਥੋਰੇ।।

ਸੂਖਮ ਤਾਤ ਤਿਸੋ ਕੋ ਥੋ ਰਾਜਾ। ਔਰ ਹੁਤੋ ਘਰ ਸੌਂਗ ਲਸਮਾਜਾ।।

ਅਰ ਵਹੁ ਦੇਵ ਨੇਤ ਵਸੇਂ ਭਯੋ। ਨੇਤ੍ਰ ਨਸੇ ਅੰਧਾ ਹੋ ਗਯੋ।।

ਰਾਜ ਭਾਗ ਸਭ ਦੁਰਜਨ ਲੀਆ। ਦੇਸ ਨਿਕਾਲਾ ਜਾਂ ਕੋ ਦੀਯਾ।।

ਅਬ ਆਇ ਸੁਰਸਰੀ ਤੀਰਾਂ। ਚਹਿਤ ਜਹਾਂ ਸੁਨ ਅਧਿਕ ਗੰਭੀਰਾ।।

ਨਿਵਾਸ ਤਾਸ ਨ੍ਰਿਪ ਆਊ। ਧਰਮ ਧਯਾਨ ਮਹਿੰ ਸਮਯ ਵਿਤਾਊ।।

ਬਾਲਕ ਤਿੰਨ ਕੋ ਸੁਤ ਹੋਈਏ। ਚਹਿਤ ਪਿਤਾ ਸੇ ਬਨ ਮਹਿ ਕਹੀਏ।।

ਤੁਮ ਕਰੋ ਵਿਚਾਊ ਗੁਸਾਈਂ। ਯਹ ਵਰ ਜੋਗ ਹੋਇ ਸੁਭ ਤਾਈਂ।।

ਜਾਗੋ ਹੇ ਇਸ ਕੇ ਹੇਤਾ। ਪ੍ਰਗਟ ਕੇਹੋ ਕਾਰਜ ਹੈ ਜੇਤਾ।।

ਕਹਿ ਸਭ ਰਿਖ ਏਹੁ ਉਚਾਰੀ। ਅਹੋ ਭੂਪ ਯਹ ਕਾਜ ਉਦਾਰੀ॥
ਰਾਜੇ ਵਹੁ ਵਡੇ ਪ੍ਰਤਾਪੀ। ਨਾਹਿ ਗਿਰਾ ਹਮ ਝੂਠਾ ਅਲਾਪੀ॥
ਸੁਤਾ ਹੈ ਅਤਿ ਸੁਰ ਗਯਾਨੀ। ਜਾਂ ਤੇ ਇਸ ਯਹ ਗੀਤ ਪਛਾਨੀ॥
ਤੁਮਰੇ ਨੇਕ ਕਾਜ ਸੁਭ ਰਾਜਾ। ਸਿੱਧ ਹੋਇ ਸਗਰੋ ਤੁਮ ਕਾਜਾ॥
ਤਬ ਰਿਖਵ੍ਰ ਐਸ ਅਲਾਇਓ। ਤਬ ਨਾਰਦ ਰਿਖ ਬੈਠ ਸੁਨਾਇਓ॥
... ਉਸ ਬਾਲਕ ਮਾਹੀਂ। ਕਿਸੀ ਪ੍ਰਕਾਰ ਨੀਯੂਨਤਾ ਨਾਹੀਂ॥
... ਕਾਰਯਾ ਕੇ ਜੋਗਾ। ਅਹੇ ਔਰ ਦੂਸਰ ਨਹਿ ਹੋਗਾ॥
... ਕੀ ਉਮਰਾ ਹੈ ਜੋਈ। ਏਕ ਵਰਖ ਬਾਕੀ ਹੈ ਸੋਈ॥
... ਮਨਿ ਮੈਂ ਮਾਨ ਮਝਾਰੀ। ਕਰੈ ਕਾਲ ਤਿਸ ਆਇ ਅਭਾਰੀ॥
ਜਾਂਤੇ ਕੰਨਯਾ ਬਿਧਵਾ ਹੋਈ। ਸਰਬ ਸੂਖ ਬੈਠੇਗੀ ਖੋਈ॥
ਇਸ ਪਰ ਆਪ ਵਿਚਾਰੋ ਰਾਜਾ। ਹੋਇ ਵਿਰਸ ਯਹ ਸਗਲ ਸਮਾਜਾ।੩੮॥

ਦੋਹਰਾ

ਸੁਨਤ ਭੂਪ ਮਨ ਸ਼ੋਕ ਧਰ ਮਨਹਿੰ ਜਹਿਯੋ ਮੁਰਝਾਇ॥
ਕਰ ਵਿਧ ਇਹ ਸੰਸਾ ਮਿਟੈ ਅਰ ਕੰਨਯਾ ਸੁਖ ਪਾਇ।੩੯॥

ਚੌਪਈ

ਸੁਨਤ ਬਾਤ ਮਨ ਸੋਕ ਬਢਾਇਯੋਂ। ਤੁਰਤ ਨ੍ਰਿਪ ਕੰਨਯਾ ਪਹਿ ਆਇਯੋ॥
ਕਹੀ ਸਗਲ ਤਿਸਕੋ ਤਿਨ ਗਾਥਾ। ਰਹੇ ਅਧਿਕ ਨਹਿ ਤੁਮਰੇ ਕਾਥਾ॥
ਹੋਇ ਕਾਲ ਵਸ ਵਹ ਨ੍ਰਿਪ ਤਾਤਾ। ਤੋਹ ਸੋਕ ਕਹ ਹੈ ਮਨਹਾਰਾ॥
ਤਾਂ ਤੇ ਔਰ ਪੁਰਖਕੇ ਸੰਗਾ। ਕਰਤ ਨੀਤ ਯੁਤ ਤੁਮ ਪਰ ਸੰਗਾ॥
ਸੁਨਤ ਕਹੀ ਕੰਨਯਾ ਤਬ ਐਸੀ। ਧਰਮ ਪਾਲ ਕੋ ਚਲੀ ਯੁਤ ਜੈਸੀ॥
ਮੈਂ ਤਿਸ ਬਚਨ ਦਾਨ ਹੈ ਦੀਨਾ। ਪਤੀ ਭਾਵ ਤਾਂ ਕੇ ਸੰਗ ਕੀਨਾ॥
ਤਾਂ ਕੋ ਤਜ ਕਰ ਔਰ ਨ ਚਾਹੂੰ। ਪਰਾਨ ਸਹਤ ਯਹ ਪ੍ਰਨ ਨਿਭਾਹੂੰ॥

ਯਿਹ ਸੁਨ ਰਾਜਾ ਹੋਇ ਉਦਾਸਾ। ਭਰੇ ਸੋਕ ਸੋ ਅਤਿ ਤਹਿ ਸਾਗਾ॥
ਜਿਸ ਪਰ ਹੋਇ ਉਦਾਸ ਸੁਕੀਨਾ। ਸੋਈ ਵਰ ਕਨਯਾ ਕੋ ਦੀਨਾ॥
ਜਿਸ ਪਰ ਤਿਸ ਰਿਖ ਸੁਤ ਕੇ ਸੰਗਾ। ਗਈ ਧਰਤ ਮਨ ਅਧਕ ਉਮੰਗਾ॥
ਕਰ ਤਿਸੇ ਵਪਤ ਕੀ ਮਨ ਲਾਈ। ਤਿਸਕੇ ਮਾਤ ਪਿਤਾ ਕੀ ਜਾਈ॥
ਜਿਸ ਪਰ ਸਭੁ ਤਿਸ ਕੋ ਹਿਤ ਧਾਰੇ। ਪ੍ਰੇਮ ਬਚਨ ਤਿਸ ਸੰਗ ਉਪਾਰੇ॥
ਬਹੁਰ ਸਮਯ ਜਬ ਸਹਿਜ ਸੁਭਾਊ। ਆਇਯੋ ਅੰਤ ਪਤਿ ਕੀ ਜੋਊ॥
ਗਏ ਦੰਪਤੀ ਬਨ ਕੇ ਮਾਹੀਂ। ਧੋਬਿਨ ਮ੍ਰਿਤ ਪਤੀ ਜਬ ਸਾਹੀ॥
ਕਰੀ ਆਗ ਧਨ ਤਬ ਤਿਨ ਐਸੀ। ਪਤੀ ਬਰਤ ਕੋ ਚਹੀਯਤ ਜੈਸੀ॥
ਦੇਖ ਦੀਨ ਮਨ ਧਰਮ ਸੁਭਾਊ। ਹੋਇ ਕ੍ਰਿਪਾਲ ਗਏ ਜਗਰਾਊ॥
ਤਬ ਅਕਾਲ ਤਿਸ ਕਾ ਲਮਝਾਰੀ। ਦਈ ਉਮਰ ਬਾਲਕ ਕੋ ਸਾਗੀ॥
ਜਿਸ ਪਰ ਹਰਖ ਹੋਇ ਘਰ ਆਏ। ਮਾਤ ਤਾਤ ਪਰ ਤਿਬੈ ਨ ਸੁਨਾਏ॥
ਬਹੁਰ ਰਾਜ ਸਭ ਤਿਸ ਜਗ ਪਾਇਯੋ। ਅਪਨੇ ਪਿਤ ਰੋਤ ਗੁਵਾਇਯੋਂ॥
ਯਹ ਸਭ ਕਥਾ ਪੁਰਾਨ ਮਝਾਰਾ। ਪੜ੍ਹਤ ਸੁਨਤ ਯਾਂ ਕੋ ਸੰਸਾਰਾ॥
ਸਜਨ ਪਾਲ ਜਗ ਜੋ ਯਮ ਲੇਤੇ। ਧੰਨ ਭਾਗ ਕਹੀ ਯਤ ਜਗ ਤੇਤੇ॥
ਕਹਤ ਬਚਨ ਗੁਵਾਰ ਮਹਾਨਾ। ਕਹਾਂ ਭੇਦ ਵੁਹ ਲਖਹਿ ਸੁਜਾਨਾ॥
ਜਿਨ ਮਨ ਪਰਸਨ ਧੀਰਜ ਕੋਊ। ਕਹਾ ਪ੍ਰਤੱਗਯਾ ਪਾਲਤ ਸੋਊ।੪੦॥

ਚਾਣਕ ਰਿਖੀ ਜੀ

ਦੋਹਰਾ

ਵੱਡੇ ਵੱਡੇ ਰਿਖ ਰਾਜ ਜੋ ਸਤਵਾਦੀ ਜਗ ਮਹਿ॥
ਸਹੇ ਕਸ਼ਟ ਤਿਨ ਤਨੋ ਪੈ ਪਰ ਤਿਆਗੇ ਬਚਨ ਨਾਹਿ।੪੧॥

ਚੌਪਈ

ਚਾਣਕ ਨਾਮ ਰਿਖੀ ਇੱਕ ਭਾਰੀ। ਚਾਣਕ ਨੀਤੀ ਜਾਹਿ ਉਚਾਰੀ॥
ਬਲੀ ਚਣਾਕਾ ਜਿਸ ਕੇ ਤਾਈਂ। ਪਾਲੇ ਬਚਨ ਤਹਿੰ ਜਗ ਸਾਈਂ॥
ਰਚਾ ਜਗ ਮਹਿੰ ਹੈ ਇੱਕ ਗ੍ਰੰਥਾ। ਬਚਨ ਪਾਲਨੇ ਕੋ ਜਹਿ ਸੰਥਾ॥
ਉਸ ਗ੍ਰੰਥ ਕੀ ਕਊ ਅਬ ਪਿਯਾਰੇ। ਜੋ ਤੁਮਰੇ ਸੰਮੇ ਸਭ ਹਾਰੇ॥
..........ਭ੍ਰਾਤ ਨਰੇਸ਼। ਭੁਜ ਬਲਾ ਅਧਿਕ ਸਮਾਨ ਸੁਰੇਸ਼ਾ॥
.........ਦੋਇ ਵਜੀਰਾਂ। ਚਹਤ ਰੈਨ ਦਿਨ ਤਾਂ ਕੇ ਤੀਰਾਂ॥
ਰਾਕਸ਼ ਨਾਮ ਏਕ ਜਗ ਮਾਹੀਂ। ਦੂਸਰ ਕੋ ਸਕਟਾਰ ਬਤਾਹੀਂ॥
ਇਕ ਦੋਨੋਂ ਮਹਿ ਖੋਬਕ ਬਾਦਾ। ਜਾਂ ਤੇ ਨਹਿ ਮਨ ਤਹਿ ਅਹਿ ਲਾਦਾ॥
ਕੁਛਕ ਕਾਲ ਬੀ ਤਯੋ ਜਬ ਆਈ। ਤਬ ਰਾਕਸ਼ਾ ਇੱਕ ਬਯੋਂਤ ਬਨਾਈ॥
ਨੰਦ ਭੂਪਕੇ ਤਬ ਢਿਗ ਜਾਕੇ। ਕਹੀ ਬਾਤ ਕੁਛ ਐਸ ਬਨਾਕੇ॥
ਸਕਟਾਰ ਵਜੀਰ ਭਲੋ ਪ੍ਰਭ ਨਾਹੀਂ। ਰਾਖਤ ਦ੍ਵੈਖ ਰਿਦੇ ਕੇ ਮਾਹੀਂ॥
ਅੰਤ ਦੇਸ ਕੇ ਜੋ ਨਿਰਪੇਸਾ। ਦੇਵਤ ਤੁਮਰੋ ਸੁਗਲ ਸੰਦੇਸ਼ਾ॥
ਜਿਸ ਕੇ ਸੁਨ ਭੂਪਤ ਮਦ ਅੰਧੇ। ਮਾਨ ਲਈ ਯਹ ਬਾਤ ਪ੍ਰਬੰਧੇ॥
ਦਯੋ ਨਿਕਾਰ ਵਜੀਰ ਸਿਆਨਾ। ਸਾਰ ਅਸਾਰ ਨ ਕਛੂ ਪਛਾਨਾ॥
ਜਿਸ ਪਰਸੋ ਸਕਟਾਰ ਵਜੀਰਾ। ਤਜ ਕਰ ਧਾਮ ਸੁਭਾਇਯੋ ਅਧੀਨਾ॥
ਚਲਯੋ ਦੇਸ ਤਜ ਸੋਇ ਵਿਦੇਸ਼ਾ। ਭਇਯੋ ਅਧਕ ਮਾਨ ਜਾਹਿੰ ਕਲੇਸਾ॥
ਮਨ ਮਹਿ ਕਹਤ ਕਊ ਅਬ ਕੈਸੋ। ਤਖਤ ਰਿਦਾ ਸੀਤਲ ਹੁਇ ਜੈਸੋ॥
ਇਨ ਨ੍ਰਿਪ ਮਦ ਮਤ ਕਛੂ ਨ ਜਾਨਾ। ਸਾਚ ਝੂਠ ਨਹਿੰ ਰੰਚ ਪਛਾਨਾ॥
ਮਹਾਂ ਦੁੱਸਟ ਕੇ ਬਚਨ ਮਨ ਬਾਰੇ। ਦਯੋ ਦੇਸ ਤੇ ਮੋਹ ਨਿਕਾਰੇ॥
ਤਾਂ ਤੇ ਐਸਾ ਯਤਨ ਕਮਾਊਂ। ਜਾਂ ਤੇ ਇਸ ਕੋ ਬਦਲਾ ਪਾਊਂ॥
ਇਨ ਨੰਦਨ ਕੋ ਮਲ ਉਖਾਰੋ। ਪੁਨ ਹਾਕਮ ਕੀ ਪੈਜ ਵਿਗਾਰੋ॥

ਅਹ ਸੋਚ ਅਵਹੁ ਜਾਂਤ ਵਿਚਾਰਾ। ਮਾਰਗ ਮਹਿ ਰਿਖ ਏਕ ਨਿਹਾਰਾ॥

ਭਯੋ ਕੁਪਤ ਯਹ ਕਾਮ ਕਰਾਵੈ। ਦੱਭ ਬ੍ਰਿਖ ਕੋ ਮੂਲ ਗੁਵਾਵੈ॥

ਪਾਟਤ ਜਾਤ ਮੰਗਲ ਤਿਸ ਬੂਟੇ। ਕਠਨ ਦੰਡ ਸੋ ਤਿਨ ਸਿਰ ਸੂਟੇ॥

ਜਿਸਕੋ ਦੇਖ ਵਜੀਰ ਅਲਾਈ। ਯਹ ਕਯਾਂ ਕਰਹੋ ਹੇ ਰਿਖ ਭਾਈ॥

ਜਿਸ ਪਰ ਕਹੀ ਰਿਖੀ ਯਹ ਬਾਤਾ। ਸੁਨਹ ਬਾਤ ਧਰ ਕਾਨ ਜਾਤਾ॥

ਸੈਂ ਮਾਰਗ ਮਹਿ ਜਾਤ ਅਕੇਲਾ। ਨਾਗੇ ਪਗ ਮਗ ਤੁਰਨ ਦੁਹੇਲਾ॥

ਅਨਾ ਕਾਰਨ ਇਨ ਮੋਂ ਪਗ ਮਾਹੀਂ। ਪੁਟ ਕਰ ਦੀਨੋ ਦੁਖ ਬਹੁ ਕਾਹੀਂ॥

ਤਾਂ ਤੇ ਮੈਂ ਯਹ ਪਰਨ ਕਰਾਯੋ। ਚਾਹਿਤ ਹੋ ਇਸ ਮੂਲ ਗੁਵਾਇਯੋ॥

ਤੁਮਾਤੇ ਦੱਭ ਧਰਾਤੇ ਜਾਵੈ। ਔਰ ਪੁਰਖ ਨਹਿੰ ਕੋ ਦੁਖ ਪਾਵੈ॥

ਏਸ ਕਾਰਨ ਮੈਂ ਉੱਦਮ ਦੀਨਾ। ਗੋਪ ਮਤੋ ਤੁਮ ਕੋ ਕਹਿ ਦੀਨਾ॥

ਨਸਾਕਟ ਰਿਖ ਕੀ ਯਹ ਬਾਨੀ। ਨਿਸਚੈ ਕਰ ਨਿਜ ਮਨ ਮਹਿ ਸਾਨੀ॥

ਤੇ ਜਗ ਰਿਖੀ ਕਾਰਜ ਜੋ ਮੇਰਾ। ਸਿੱਧ ਕਰੋਗੇ ਬਹੁਤਾ ਖੇਰਾ॥

... ਸਕੋ ਮਾਹਿ ਸਜੋਈ। ਸ਼ਲਾਘਾ ਜੋਗ ਕਹਤ ਸਭ ਕੋਈ॥੪੨॥

ਦੋਹਰਾ

ਕਹੇ ਵਜੀਰ ਮਨ ਸਮਝ ਤਬ ਕਰੀ ਸੁਤਾਂਹਿ ਜੁਹਾਰ॥

ਅਰ ਪ੍ਰਭ ਤੁਮਰੀ ਦਯਾ ਤੇ ਕਾਰਜ ਹੋਇ ਹਮਾਰ॥੪੩॥

... ਲੈ ਵਜੀਰ ਤਿਸ ਰਿਖੀ ਕੋ ਆਇਯੋ ਅਪਨੇ ਧਾਮ॥

... ਤੁਮਰੀ ਤੇ ਆਖਨਾ ਤਹੇ ਸਿੱਧ ਕਰਾਇਯੋ ਕਾਮ॥੪੪॥

ਚੌਪਈ

ਦੇਵਸ ਰਾਜਾ ਨੰਦ ਜੋਈ। ਯੱਗ ਅਰੰਭ ਕਰਤ ਭਇਯੋ ਸੋਈ॥

ਦੇਸ ਕੇ ਸਬ ਬਿੱਪ ਬੁਲਾਏ। ਦੂਰ ਦੂਰ ਤੇ ਤਬ ਚਲ ਆਏ॥

ਆਦਿ ਕਊਦਾਨ ਕਭੀ ਲਾਈ। ਬੈਠ ਗਯੋ ਮਨ ਮਹਿ ਹਰਖਾਈ॥

.....ਜਿਸ ਕਾਲਾ। ਭਈ ਏਕਤ ਹਿਆਇ ਕੁਰਾਲਾ॥
....ਦੇਹ ਵਿਚਾਰੀ। ਹੁਤੀ ਸਿਆਮ ਅਰ ਲਘੁ ਦੁਖਿਯਾਰੀ॥
....ਔਰ ਬਿਪ ਜੇਊ। ਬੋਲਤ ਭਏ ਨ੍ਰਿਪ ਪਹਿ ਸੋਊ॥
.....ਬਿੱਪਰ ਜੋਈ। ਜੋਗ ਯੱਗ ਕੇ ਆਇਨ ਸੋਈ॥
ਜਿਸ ਤੇ ਇਸ ਕੇ ਤਨ ਮਹਿਰਾਜਾ। ਅਹੇ ਦੋਖ ਬਿਗਰੈ ਸਭ ਕਾਜਾ॥
ਯਹੀ ਬਾਤ ਸੁਨ ਭੂਪ ਪੁਕਾਰੀ। ਇਸੀ ਕਾਲ ਇਸ ਦੇਹੁ ਨਿਕਾਰੀ॥
ਕਹਾ ਉਠੋ ਜਾਓ ਤੁਮ ਭਾਈ। ਔਰ ਠੌਰ ਦੇਖੋ ਅਬ ਕਾਈ॥
ਦਯੋ ਨਿਕਾਰ ਨਿਰਾਦਰ ਕੀਨਾ। ਨਹੀਂ ਦੱਖਨਾ ਕੋ ਕੁਛ ਦੀਨਾ॥
ਜਿਸ ਪ੍ਰਿਖਿ ਮਨ ਕੋਪ ਉਪਾਇਯੋ। ਪ੍ਰਗਟ ਰਾਜ ਕੋ ਬਚਨ ਸੁਨਾਯੋ॥
ਅਹੋ ਨੰਦ ਭੂਪਤ ਸੁਨ ਬਾਤਾ। ਕਰਾ ਤੋਹ ਮੁਹ ਮਾਨ ਤੁਹਾਤਾ॥
ਜਾਂ ਤੇ ਮੈਂ ਅਬ ਨਾਮ ਤੁਮਾਰਾ। ਨਾਸ ਕਰੋਂ ਇਸ ਭੂਮ ਮੁਝਾਰਾ॥
ਐਸਾ ਕਹਿ ਕਹ ਗਯੋ ਰਿਖੇਸ਼ਾ। ਧਮਰ ਨੀਤ ਕਾ ਧਰਮ ਨ ਭੇਸ਼ਾ॥
ਐਸਾ ਰਾਜ ਨੀਤ ਤਬ ਲਕੀਨਾ। ਕਈ ਪਰਕਾਰ ਭੇਖ ਧਰ ਲੀਨਾ॥
ਜਿਸ ਕੇ ਬਲ ਨੌਨੰਦ ਭਰਾਤਾ। ਸਨੇ ਸਨੇ ਕਰ ਦੀਨੇ ਹਾਰਾ॥
ਮਾਰ ਨ੍ਰਿਪ ਸਭ ਅਤਿ ਹੰਕਾਰੀ। ਦਏ ਬਚਨ ਅਪਨੇ ਜਿਨ ਭਾਰੀ॥
ਪੂਰਨ ਨਿਜ ਪਰਤੱਗਯਾ ਕਰਕੇ। ਈਸ਼੍ਵਰ ਓਟ ਰਿਦੇ ਮਹਿ ਧਰਕੇ॥
ਚੰਦਰ ਗੁਪਤ ਕੋ ਰਾਜ ਦਿਵਾਇਯੋ। ਨਿਰਧਨ ਕੋ ਭੂਪਤ ਕਰਵਾਯੋ॥
ਦੇਖੋ ਰਿਖੀ ਪ੍ਰਤੱਗਯਾ ਧਾਰੀ। ਨਵ ਨੰਦਨ ਕੀ ਪੈਜ ਵਿਚਾਰੀ॥
ਐਸੇ ਰਿਖ ਕੋ ਕਯਾ ਵਹੁ ਜਾਨੇ। ਜੋ ਨਿਰ ਬੁੱਧ ਮੂੜ ਅਗਿਆਨ॥
ਸਹਤ ਨਰਾਦਰ ਜੋ ਸਹਿਚਾਵਾ। ਸੋ ਬਚਪਾਲ ਭੇਦ ਕਤਆਵਾ।।੪੫॥

ਮਨਸੂਰ

ਦੋਹਰਾ

ਆਰਯਾ ਜਨ ਸੰਤਾਨ ਕੀ ਹੁਤੀ ਪ੍ਰਤੱਗਯਾ ਜੋਇ॥
ਤਿਸ ਕੋ ਯਾ ਸੰਸਾਰ ਮੈਂ ਵਰਨ ਨ ਸਾਕੇ ਕੋਇ।।੪੬॥

ਚੌਪਈ

ਸੰਤ ਮਤ ਨ ਕੇ ਜੋ ਵਡਭਾਗੀ। ਧਰਮ ਨੀਤ ਮਹਿ ਜਹਿ ਮਤ ਪਾਗੀ॥
ਰਿਖੀ ਕਰੇ ਬਚਨ ਨਹਿ ਟਾਰਤ। ਅਪਨੋਂ ਤਨ ਤਿਨ ਊਪਰ ਵਾਰਤ॥
ਅਰ ਇੱਕ ਮਨਸੂਰ ਪਿਯਾਰਾ। ਹੁਤੋ ਫ਼ਕੀਰ ਵਿਦਾਂਤੀ ਭਾਰਾ॥
ਮੁਸਲਮਾਨ ਕੀ ਬੀ ਪਤਸ਼ਾਹੀ। ਕਹਤ ਵਿਦਾਂਤੀ ਕੋ ਸੁਕੁਹਾਰੀ॥
ਏਕ ਫ਼ਕੀਰ ਮਨਸੂਰ ਵਿਚਾਰਾ। ਐਨਲ ਹੱਕ ਸੁ ਮੁਖੋਂ ਪੁਕਾਰਾ॥
ਆਖੇ ਅਰਥ ਆਪ ਮੈਂ ਅੱਲ੍ਹਾ। ਭਯੋ ਏਕ ਹੀ ਕੱਲਮ ਕੱਲਾ॥
...ਅਸਮੀ ਜਿਸ ਗਾਵੈਂ। ਮੈਂ ਹੂੰ ਬ੍ਰਹਮ ਸੁ ਭਾਖ ਸੁਨਾਵੈਂ॥
...ਯਹ ਬੈਠ ਅਲਾਏ। ਕਾਜ਼ੀ ਲੋਗ ਕੋਪ ਕਰ ਆਏ॥
...ਪਕਰ ਤਹਿ ਲੀਨਾ। ਬਾਦਸ਼ਾਹ ਕੇ ਸਨਮੁਖ ਕੀਨਾ॥
... ਕਾਫਰ ਹੈ ਸ਼ਾਹਾ। ਜਿਸਤੇ ਉਲਟ ਗਹਯੋ ਇਨ ਰਾਹਾ॥
... ਕਲਮਾ ਏਹੀ। ਐਨਲ ਹੱਕ ਬਾਤ ਇਨ ਕੇਹੀ॥
... ਕੋ ਦੰਡ ਸੁ ਦੀਜੈ। ਸ਼ਰਾ ਪਕੰਬਰ ਕੀ ਰਖ ਲੀਜੈ॥
... ਕਹਨੋ ਚਹੀਏ। ਜਾਂ ਤੇ ਸ਼ਰਾ ਉਲੰਘਨ ਜਈਏ॥
ਫ਼ਤਵਾ ਕਾਜ਼ੀ ਬੈਠ ਅਲਾਏ। ਤੋਬਾ ਕਰੇ ਤੁਧ ਪਸ਼ਿਆ ਜਾਏ॥
ਨਹੀਂ ਚੜ੍ਹਾਇ ਦੇਹ ਇਸ ਸੂਲੀ। ਅਰ ਸਿਰ ਊਪਰ ਡਾਰਹੁ ਧੂਲੀ॥
ਜਿਸ ਕੋ ਸਨਮੁਖ ਚਾਇ ਬੁਲਾਯਾ। ਬਾਦਸ਼ਾਹ ਇਸ ਭਾਖ ਸੁਨਾਯਾ॥
ਹੇ ਮਨਸੂਰ ਕਰੋ ਤੁਮ ਤੋਬਾ। ਨਾਤਰ ਜਾਨ ਤੋਹ ਹਮ ਖੋਸਾ॥
ਦੇਹੁ ਚੜ੍ਹਾਇ ਪਕੜ ਜਬ ਸੂਲੀ। ਸਾਤੋਂ ਸੁੱਧ ਜਾਵਹਿਗੀ ਰੂਲੀ॥
ਤਬ ਹਸ ਕਰ ਮਨਸੂਰ ਪੁਕਾਰਾ। ਹੋਤ ਨ ਮਿੱਥਯਾ ਬਚਨ ਮੁਝਾਰਾ॥

(..... ਸ਼ਬਦ ਪੜ੍ਹੇ ਨਹੀਂ ਜਾਂਦੇ)

ਸੀਸ ਤਲੀ ਪਰ ਧਰ ਕਰ ਰਾਈ। ਸੱਤ ਗਿਰਾ ਹਮ ਤੁਮ ਪ੍ਰਤਗੱਯਾ॥
ਜਿਸ ਪਰ ਕਾਜ਼ੀ ਮਤ ਅਨਸਾਰੇ। ਬਾਦਸ਼ਾਹ ਯਹ ਕਹਾ ਪੁਕਾਰੇ॥
ਸੂਲੀ ਦੇਹੁ ਨ ਦੇਰ ਲਗਾਵੋ। ਨਾਤਰ ਤੋਬਾ ਕਰ ਸੁਖ ਪਾਵੋ॥
ਪਰ ਮਨਸੂਰ ਸੂਰ ਵਡ ਭਾਗੀ। ਦਈ ਜਾਨ ਨਹਿ ਗਿਰਾ ਤਪੋਂਹੀ॥
ਰਹੋਂ ਸਿਰੜ ਪਰ ਸਿਰਜ ਦੀਨਾ। ਲੋਕ ਪ੍ਰਲੋਕ ਵਿਖੇ ਯਸ਼ ਲੀਨਾ॥
ਕਹੋ ਪਖੰਡੀ ਕਥਾ ਯਹ ਜਾਨੇ। ਬਚਨ ਪਾਲਨੋ ਕਯਾ ਪਰਵਾਨੇ।੪੭॥

ਸ਼ੰਮਸ ਤਬਰੇਜ਼

ਦੋਹਰਾ

ਸ਼ੰਮਸ ਇੱਕ ਤਬਰੇਜ਼ ਸੀ ਆਰਫ ਲੋਗ ਫ਼ਕੀਰ॥
ਜਿਸ ਨੂੰ ਹਨ ਅੱਜ ਆਖਦੇ ਮੁਸਲਮਾਨ ਸਭ ਪੀਰ।੪੮॥
ਰਹਿੰਦਾ ਸੀ ਮੁਲਤਾਨ ਮੈਂ ਉਹ ਸੱਚਾ ਸੀ ਸੰਤ॥
ਨਾਲ ਈਰਖਾ ਉਸ ਦੇ ਕਰਦੇ ਜਗ ਦੇ ਸੰਤ।੪੯॥

ਚੌਪਈ

ਕਰਨਾ ਈਸ਼ੂਰ ਐਸਾ ਭਇਯੋ। ਪਾਤਸ਼ਾਹ ਬੇਟਾ ਮਰੀਯੋ॥
ਜਿਸ ਪਰ ਸ਼ੋਕ ਸ਼ਹਰ ਮਹਿ ਭਇਆ। ਬਾਦਸ਼ਾਹ ਦੁਖ ਸਾਗਰ ਪਿਆ॥
ਮਰੇ ਪੂਤ ਬਿਨ ਕੈਸੇ ਜੀਓਂ। ਜਾਂ ਬਿਨ ਦੇਖੇ ਨੀਰ ਨ ਪੀਓਂ॥
.......ਕਰਤ ਨੈਨ ਜਲ ਜਾਵੇ। ਮਰੋ ਪੂਤ ਕਹੁ ਕੋਨ ਜਿਆਵੈ॥
ਇਸ ਪਰ ਕਾਜ਼ੀ ਕਪਟ ਕਮਾਕੇ। ਬੋਲਯੋ ਪਾਤਸ਼ਾਹ ਪੈ ਜਾਕੇ॥
ਸ਼ੰਮਸ ਇੱਕ ਅਹੇ ਫਕੀਰਾ। ਬੋਲ ਮੰਗਾਵੋ ਅਪਨੇ ਤੀਰਾ॥
ਕਰਾਮਾਤ ਉਸ ਮੈ ਹੈ ਭਾਰੀ। ਜਾਨਤ ਖਲਕਤ ਤਾਂ ਕੋ ਸਾਰੀ॥
ਮਰੇ ਪੂਤ ਕੋ ਤੁਰਤ ਜੁਗਾਵੈ। ਤੁਮਰੇ ਦਿਲ ਕੋ ਦੁਖ ਵਿਸਰਾਵੈ॥

ਨਾ ਕੋਈ ਹੋਰ ਜੁਆਵੈ ਸੋਈ। ਤੌਂ ਤਿਸ ਮਾਰੋ ਸੰਕ ਨ ਕੋਈ॥

ਸ਼ੰਮਸ ਕੋ ਤੁਰਤ ਬੁਲਾਵੋ। ਚਰਨ ਕਵਲ ਪਰ ਸੀਸ ਟਕਾਯੋ॥

ਸ਼ੰਮਸ ਖੁਦਾ ਕੇ ਪਿਯਾਰੇ। ਪਾਵਹੁ ਠੂਠੇ ਖੈਰ ਹਮਾਰੇ॥

ਮਰੇ ਪੂਤ ਜਿਵਾਵੋ ਸਾਂਈ। ਮੈਂ ਪੁਜਾਂਗਾ ਤੇਰੇ ਤਾਈਂ॥

.... ਢਿਗ ਆਕੇ। ਬੋਲਿਯਾ ਮੁਰਦੇ ਕੋ ਇਸ ਜਾਕੇ॥

.... ਮੇਰੇ ਸੇ ਭਾਈ। ਇਤਨੀ ਦੇਰ ਕਹੋ ਕਯੋਂ ਲਾਈ॥

ਏਹ ਬਚਨ ਸੁਨ ਕਰ ਲੜਕਾ ਉਠ ਬੈਠਾ। ਉਸੀ ਤੌਰ ਹੋ ਕਰ ਅਤਿ ਐਂਠਾ॥

ਏਹ ਦੇਖ ਕਰ ਬਾਦਸ਼ਾਹ ਖੁਸ਼ ਹੋਕੇ। ਪੀਵਤ ਚਰਨ ਸਾਧ ਕੇ ਧੋਕੇ॥

ਬਾਦਸ਼ਾਹ ਦੇ ਦੁਖ ਖੋਇਯੋ। ਅਧਕ ਸੁਖ ਮਨ ਭੀਤਰ ਹੋਇਯੋ।੫੦॥

ਦੋਹਰਾ

ਕਾਜ਼ੀ ਅਭੀ ਦੇਖਕੇ ਸਕਾ ਨ ਬਾਤ ਸਹਾਰ॥

ਬਾਦਸ਼ਾਹ ਪਹਿ ਜਾਇਕੇ ਐਸੇ ਕਹੀ ਪੁਕਾਰ।੫੧॥

ਚੌਪਈ

ਅਹੋ ਸ਼ਾਹ ਇਕ ਕਾਫ਼ਰ ਕੋਈ। ਜਿਸ ਕੀ ਕਦਰ ਤੋਹ ਘਰ ਹੋਈ॥

ਸ਼ਰਾ ਨਬੀ ਕੀ ਏਸ ਤੁੜਾਈ। ਕਲਮਾਂ ਕੁਫਰ ਕਹਿਯੋ ਇਨ ਭਾਈ॥

ਬਿਸਮਿੱਲ੍ਹਾ ਕਰ ਨਹੀਂ ਜੁਆਇਯੋ। ਅਪਨੇ ਹੁਕਮ ਸੰਗ ਉਠਵਾਇਯੋ॥

ਕੁੰਥੋ ਇਜ਼ਨੀ ਕਹਾ ਪੁਕਾਰੇ। ਉਠੋ ਮੋਹ ਕਹਨੇ ਸੇ ਪਿਆਰੇ॥

ਯਹੀ ਕੁਫਰ ਕਾ ਕਲਮਾਂ ਗਾਈ। ਅੱਲ੍ਹਾ ਕੀ ਜਿਨ ਆਸ ਮਿਟਾਈ॥

ਤਾਂ ਤੇ ਇਸ ਕੋ ਕਹੋ ਪੁਕਾਰੋਂ। ਤੋਬਾ ਕਰੇ ਡਰੇ ਕਰਤਾਰੋਂ॥

ਜੇ ਤੋਬਾ ਨਾ ਕਰੇ ਵਿਚਾਰਾ। ਕਰੋ ਫੇਰ ਜੋ ਸ਼ਰਾ ਪੁਕਾਰਾ॥

ਸੁਨਤ ਬਾਦਸ਼ਾਹਿ ਮਨ ਮਹਿੰ ਸੋਚਾ। ਅਹੋ ਕਹਾਂ ਯਹ ਭਯੋ ਵਿਗੋਚਾ॥

ਬਾਲ ਜੁਆਇ ਸ਼ਰਾ ਮੈਂ ਤੋੜੀ। ਨਿੰਦ ਹੋਇ ਜਗ ਮਹਿੰ ਨਹਿ ਥੋੜੀ॥

ਮੁਸਲਮਾਨ ਕੋ ਸ਼ਰਾ ਪਿਯਾਰੀ। ਜਾਨ ਮਾਲ ਤਿਸ ਪਰਦੇ ਵਾਰੀ॥
ਤਾਂ ਤੇ ਸਾਧ ਬੁਲਾਵੋ ਜਾਈ। ਮੇਰੇ ਪਾਸ ਪਠਾਵੋ ਭਾਈ॥
ਯਹ ਸੁਨ ਕਰ ਸਾਧੂ ਕੋ ਲਿਆਏ। ਪਾਤਸ਼ਾਹ ਕੇ ਨਿਕਟ ਬਠਾਏ॥
ਕਹੀ ਸ਼ਾਹ ਸੁਨ ਆਰਫ ਸਾਈਂ। ਤੇਰੇ ਮੈਂ ਪਰਤਾ ਹੂੰ ਪਾਈਂ॥
ਅਪਨਾ ਹੁਕਮ ਤੋਹ ਜੋ ਦੀਨਾ। ਮੇਰੋ ਬਾਲ ਜੀਵਤੋ ਕੀਨਾ॥
ਸੋ ਹੈ ਕੁਫਰ ਸ਼ਰਾ ਤੇ ਬਾਹਰ। ਜਾਂ ਕੋ ਸਭ ਜਾਨਤ ਹੈਂ ਜਾਹਰ॥
ਤਾਂ ਤੇ ਆਪ ਕਰੋ ਅਬ ਤੋਬਾ। ਨਾਂਤਰ ਜਾਨ ਜਇਗੀ ਖੋਈ॥
ਸੁਨਤ ਕਹੀ ਸ਼ੰਮਸ ਨੇ ਐਸੀ। ਜਾਨ ਜਾਨ ਕੀ ਸੰਕਾ ਕੈਸੀ॥
ਮੈਂ ਆਪਨਾ ਬਚ ਨ ਨਾਹਿ ਹਟਾਉਂ। ਸੀਸ ਜਾਇ ਤੋਂ ਨਹਿ ਡਰ ਖਾਉ॥
ਜਾ ਪਰ ਬਾਦਸ਼ਾਹ ਮਤ ਅੰਧਾ। ਸ਼ਰਾ ਜੇਵਰੀ ਕਾ ਜੋ ਧੰਮਾ॥
ਕਾਜ਼ੀ ਸੇ ਪੂਛਤ ਫਿਰ ਐਸੇ। ਕਹੋ ਹੁਕਮ ਕਾਫ਼ਰ ਕੋ ਕੈਸੇ॥
ਕਾਜ਼ੀ ਕਹਾ ਸ਼ਰਾ ਜੋ ਤੋੜੇ। ਪਾਕ ਨਬੀ ਕਾ ਕਲਮਾਂ ਮੋੜੇ॥
ਤਿਸ ਕੋ ਕਹਿਤ ਹਦੀਸ ਪੁਕਾਰੇ। ਦੇਵੋ ਚਮੜਾ ਤਾਂਹਿ ਉਤਾਰੇ॥
ਬਹੁਰ ਭੂਸਕੇ ਸਾਥ ਭਰਾਵੋ। ਅਰ ਤਿਸ ਕਾਫ਼ਰ ਕੋ ਤਰਸਾਵੋ॥
ਕਰੀ ਸ਼ਾਹ ਨੇ ਤਬ ਹੀ ਤੈਸੀ। ਕਾਜ਼ੀ ਕਹੀ ਸ਼ਰਾ ਮਹਿ ਜੈਸੀ॥
ਪਕੜ ਖਾਲ ਤਿਸ ਕੀ ਉਤਰਾਈ। ਬੋਲ ਜ਼ਲਾਦ ਦੇਰ ਨਹਿ ਲਾਈ॥
ਪਰ ਸ਼ੰਮਸ ਨਹਿ ਸੀਯ ਉਚਾਰੋ। ਕਹੇ ਬਚਨ ਮੁਖ ਤੇ ਨਹਿ ਟਾਰੋ॥
ਕਰਤ ਸਕਲ ਅਬ ਲੋ ਯਹ ਗਾਥਾ। ਜੋ ਹੋਈ ਸ਼ੰਮਸ ਕੇ ਸਾਥਾ॥
ਕਹੋ ਕੌਨ ਐਸਾ ਜਗ ਸੂਰਾ। ਕਹਾ ਬਚਨ ਨਹਿ ਕਰਹੈ ਪੂਰਾ॥
ਪਰ ਪਾਮਰ ਕਯਾ ਜਾਨਤ ਭਾਈ। ਬਚਨ ਪਾਲਨੇ ਕੀ ਵਡਿਆਈ।੫੨॥

ਸ੍ਰੀ ਗੁਰੂ ਨਾਨਕ ਦੇਵ ਜੀ

ਦੋਹਰਾ

ਔਰਨ ਕੀ ਗਿਨਤੀ ਕਹਾਂ ਗੁਰੂਅਨ ਕੇ ਜੋ ਕਾਮ॥

ਬਚਨ ਪਾਲਨਾ ਮਹਿ ਕਰੇ ਜੋ ਸੁਨੀਏ ਅਭ ਰਾਮ।੫੩॥

ਚੌਪਈ

ਯਾਦਿ ਗੁਰੂ ਨਾਨਕ ਦੇਵਾ। ਕਰਤ ਸਗਲ ਜਗ ਜਾਂ ਪਦ ਸੇਵਾ॥

ਚਾਰ ਵਰਨ ਜਹਿਂ ਪਦ ਅਨਰਾਗੇ। ਅੰਨਮੱਤੀ ਜਾਂ ਕੇ ਯਸ਼ ਪਾਗੇ॥

ਤਿਨ ਗੁਰ ਬਚਨ ਮੁਖੋਂ ਜੋ ਗਾਏ। ਸੋ ਪੀਛੇ ਨਾਹੀਂ ਪਲਟਾਏ॥

ਸਹੇ ਕਲੇਸ਼ ਦੇਹ ਪਰ ਕੇਤੇ। ਪੁਨ ਮੂਰਖ ਜਨ ਬੋਲ ਸੁ ਜੇਤੇ॥

ਪਰ ਨਿਜ ਬਚਨ ਨ ਗੁਰ ਜੀ ਭੰਗੇ। ਰਹੇ ਦਯਾ ਨਿਧ ਅਤਿ ਨਿਰਸੰਗੇ॥

ਇਮਨਾਵਾਦ ਸ਼ਹਰ ਕੀ ਸਾਖੀ। ਸ੍ਰੀ ਗੁਰ ਜੀ ਕੀ ਸ਼ਕਤ ਦਿਖਾਤੀ॥

ਜਹਾਂ ਏਕ ਲਾਲੋ ਤਰਖਾਨਾ। ਕਰਤ ਗੁਰੂ ਤਿਸ ਘਰ ਨਿਜ ਖਾਨਾ॥

ਜੋ ਘਰ ਮਾਹਿਂ ਪਕਤ ਤਿਸ ਕੇਰੇ। ਦੇਵਤ ਗੁਰ ਕੋ ਸਾਂਝ ਸਵੇਰੇ॥

ਲਾਇ ਪ੍ਰੇਮ ਗੁਰ ਕਰਤ ਅਹਾਰਾ। ਭਗਤ ਜਾਨ ਪ੍ਰਭੁ ਕਾ ਪਿਯਾਰਾ॥

ਪੁਨ ਇੱਕ ਉਸੀ ਨੱਗਰ ਮਹਿ ਵਾਸੀ। ਮਲਕ ਨਾਮ ਭਾਗੋ ਧਨ ਰਾਖੀ॥

ਬਸਤ ਅਮੀਰ ਸੁ ਵਡਹੰਕਾਰੀ। ਕੀਨਹੁ ਤਿਨ ਇੱਕ ਯਾਗ ਉਚਾਰੀ॥

ਸਰਬ ਨੱਗਰ ਕੇ ਸਾਧ ਬੁਲਾਏ। ਪੰਡਤ ਸਭ ਤਿਨ ਪਾਸ ਸਦਾਏ॥

ਪੁਨ ਤਿਨ ਸੁਨ ਕਰਕੇ ਯਹ ਬਾਨੀ। ਗੁਰੂ ਨਾਨਕ ਜੀ ਕੀ ਪਰਕਾਨੀ॥

ਏਕ ਸਾਧ ਲਾਲੋ ਘਰ ਮਾਹੀਂ। ਰਹਤ ਸਦਾ ਤਿਸ ਹੀ ਕੇ ਮਾਹੀਂ॥

ਸੂਦਰ ਜਨ ਕੇ ਭੋਜਨ ਖਾਵੇ। ਨਹੀਂ ਔਰ ਕੇ ਧਾਮ ਸਿਧਾਏ॥

ਜੇਕਰ ਉਸ ਕੋ ਕਹੋਂ ਗੁਸਾਈਂ। ਤੌਲਿਆ ਵਹੁ ਪਰਕੇ ਤਹਿ ਪਾਈ॥

ਜਾਂ ਕੋ ਸੁਨ ਕਰ ਮਲਕ ਉਚਾਰੀ। ਕਹੋ ਬਾਤ ਤਿਸ ਮੋਹ ਪੁਕਾਰੀ॥

ਕਹੀ ਮਲਕ ਮੋਰੇ ਘਰ ਆਵੋ। ਉੱਤਮ ਭੋਜਨ ਬਹ ਕਰ ਖਾਵੋ॥

ਸੂਦਰ ਲੋਗ ਅਧਮ ਅਤਿ ਜਾਤੀ। ਉੱਤਮ ਜਾਤ ਤਿਨ ਘਰ ਨਹਿ ਖਾਤੀ॥

ਜਾਂ ਤੇ ਤੁਮ ਖੱਤ੍ਰੀ ਸੁਨ ਪਾਏ। ਕਿਉਂ ਇਸ ਸੂਦਰ ਘਰ ਅਟਕਾਏ॥

ਆਵਹੁ ਹਮਰੇ ਧਾਮ ਮੁਰਾਰੀ। ਖਾਹੁ ਰਸੋਈ ਅਨਕ ਪਕਾਈ॥

ਯੌ ਸੁਨ ਸੈਨ ਦਾਸ ਤਿਸ ਕੇਰਾ। ਆਇਯੋ ਜਹਾਂ ਪ੍ਰਭ ਕੇਰਾ॥

ਕਹੀ ਬਾਤ ਜੋ ਮਲਕ ਉਚਾਰੀ। ਸੁਨ ਕਰ ਗੁਰ ਜੀ ਐਸੇ ਪੁਕਾਰੀ॥

ਯਹ ਲਾਲੋ ਹੈ ਭਗਤ ਪਿਆਰਾ। ਜਿਸ ਘਰ ਚਾਹਤ ਚੀਤ ਹਮਾਰਾ॥

ਇਸ ਕੋ ਭੋਜਨ ਦੂਧ ਸਜਾਇਆ। ਮਲਕ ਲਹੂ ਕੇ ਸਾਥ ਬਨਾਇਆ॥

ਤਾਂ ਤੇ ਯਹ ਸੂਦਰ ਨਹੀਂ ਭਾਈ। ਯਹ ਤੋਂ ਮਹਾਂ ਊਚ ਸੁਖਦਾਈ॥

ਅਰ ਵਹੁ ਮਲਕ ਕਮਾਈ ਪੂਰਾ। ਰਹੂੰ ਸਦਾ ਤਿਸ ਤੇ ਮੈਂ ਦੂਰਾ॥

ਤਾ ਕੋ ਅੰਨ ਖਾਤ ਨਹਿ ਸਾਧੂ। ਭਰੋ ਜੋਇ ਕੋਟਨ ਅਪਰਾਧੂ॥

ਇਕ ਹੋਵਹ ਨਾਹਿੰ ਪਿਯਾਰੇ। ਆਵਹਗੋ ਚਲ ਧਾਮ ਤਿਹਾਰੇ।੫੪॥

ਦੋਹਰਾ

ਮਲਕ ਭਾਗੋ ਨੂੰ ਖਬਰ ਜਦ ਲੋਕਾਂ ਦਿੱਤੀ ਜਾਇ॥

ਓਹ ਸਾਧੂ ਨਾ ਮਲਕ ਜੀ ਤੇਰੇ ਘਰ ਦਾ ਖਾਇ।੫੫॥

ਚੌਪਈ

ਅਰ ਕ੍ਰੋਧ ਮਨ ਊਪਜਯੋ ਭਾਈ। ਕਹਾਂ ਰੀਸ ਵਹੁ ਕਰਤ ਹਮਾਰੀ॥

ਮੈਂ ਮਾਲਕ ਇਸ ਨਗਰੀ ਕੇਰਾ। ਲਾਲੋ ਬਾਢੀ ਚਮਰੋ ਚੇਰਾ॥

ਮਲਕ ਘਰ ਭੋਜ ਨਹਿ ਤਨੀਕਾ। ਹਮਰੋ ਲਗਤ ਤਾਹਿੰ ਕੋ ਫੀਕਾ॥

ਉਸ ਕੇ ਭੋਜਨ ਦੂਧ ਮਲਾਈ। ਹਮਰੇ ਮਹਿੰ ਹੈ ਰਕਤ ਮਿਲਾਈ॥

.... ਕੈਸੇ ਸੀਧਾ ਹੋਵੈ। ਸੋ ਸਾਧੂ ਅਪਨੀ ਪਤ ਖੋਵੈ॥

ਉਸ ਕੇ ਬਚਨ ਵਹੁ ਕਰ ਹੰਕਾਰੀ। ਬੋਲਯੋ ਸੇਵਕ ਏਕ ਪੁਕਾਰੀ॥

ਨੌਕਰ ਜਾਹੁ ਸਾਧੂ ਕੋ ਲਿਆਵੋ। ਮਲਕ ਬੁਲਾਇਯੋ ਕਹਿ ਸਮਝਾਵੋ॥

...... ਦੀਨ ਦਾ ਸਭ ਤਕਾਨਾ। ਗਾਇਓ ਗੁਰੂ ਜਹਿ ਜੋਤ ਬਿਸਾਲਾ॥

.... ਨਾਮ ਕਹੀ ਜਗਰਾਈ। ਮਲਕ ਆਪ ਕੋ ਲਯੋ ਬੁਲਾਈ॥

.... ਸੈਨ ਆਪਕੇ ਐਸੇ। ਤਪਤ ਬਿਨਾਂ ਜਲ ਮਛਲੀ ਜੈਸੇ॥

.... ਆਪ ਦਯਾ ਨਿਧ ਜਾਵੋ। ਤਿਸਕੇ ਮਨ ਕੀ ਸੰਕ ਮਿਟਾਵੋ॥

ਸੁਨਤ ਗੁਰੂ ਲਾਲੋ ਸੰਗ ਲੀਨਾ। ਜਾਇ ਮਲਕ ਕੋ ਦਰਸ਼ਨ ਦੀਨਾ॥

ਦੇਖਤ ਮਲਕ ਕਹੀ ਸੁਨ ਸਾਧੂ। ਕਯਾ ਹਮਰੇ ਮਹਿੰ ਹੈ ਅਪਰਾਧੂ॥

ਜਾਂ ਤੇ ਰਕਤ ਰਸੋਈ ਮੋਰੀ। ਦੂਧ ਭਰੀ ਲਾਲੋ ਘਰ ਤੋਰੀ॥

ਯਾਕੋ ਉੱਤਰ ਬੇਗ ਉਚਾਰੋ। ਜਾਂ ਤੇ ਮਨ ਮੁਹਿ ਅਤਿ ਦੁਖਿਆਰੋ॥

ਸੁਨਤ ਕਹੀ ਗੁਰ ਜਗ ਕੇ ਨਾਥਾ। ਝੂਠ ਨ ਬੋਲਾ ਹਮ ਤੁਮ ਸਾਥਾ॥

ਆਪ ਦੇਖ ਤੁਮ ਨੈ ਨਹੁ ਲੀਜੈ। ਤਾਂ ਪਰ ਫਿਰ ਨਿਸਚਯ ਤੁਮ ਕੀਜੈ॥

ਲਾਲੋ ਕੋ ਤਬ ਐਸ ਪੁਕਾਰੀ। ਲਯਾਵੋ ਰੋਟੀ ਏਕ ਹਮਾਰੀ॥

ਅਰ ਪੁਨ ਮਲਕ ਹੇਤ ਯਹ ਗਾਈ। ਤੁਮ ਭੋਜਨ ਨਿਜ ਦੇਹੁ ਮੰਗਾਈ॥

ਉਤ ਵਹੁ ਬਿੰਜਨ ਭੋਜਨ ਚੰਗੇ। ਧਰੇ ਮਲਕ ਗੁਰ ਹੇਤ ਨ ਮੰਗੇ॥

ਇਤ ਲਾਲੋ ਕੋਧਰੇ ਕੀ ਰੋਟੀ। ਲਿਆਇ ਗੁਰ ਆਗੇ ਮੋਟੀ।੫੬॥

ਦੋਹਰਾ

ਦੇਖਤ ਗੁਰੂ ਪ੍ਰਸਾਦ ਦੁਇ ਬੋਲੇ ਭਾਗੋ ਹੇਤ॥

ਤੁਮ ਸੁਨੀਓ ਮਨ ਲਾਇਕੇ ਜੋ ਕੁਛ ਇਸ ਮਹਿ ਭੇਤ।੫੭॥

ਚੌਪਈ

ਤੁਮਰੋ ਅੰਨ ਅਨਕ ਬਿਧ ਜੋਈ। ਪਾਪ ਕਰ ਸਿੰਚਤ ਸੋਈ॥

ਕਈ ਅਨਾਥਨ ਰੁਧਰ ਨਚੋੜੀ। ਕੌਡੀ ਕੌਡੀ ਤਬ ਤੁਮ ਜੋੜੀ॥

ਕਹੋ ਯਾਹ ਮੈਂ ਕਯਾ ਹੈ ਸੰਕਾ। ਬੇਗ ਮੋਹ ਕੋ ਹੋਇ ਨਸੰਕਾ॥
ਜਿਸ ਪਰ ਭਾਗੋ ਕਹੀ ਸੁਆਮੀ। ਆਪ ਸਕਲ ਕੇ ਅੰਤਰਯਾਮੀ॥
ਹੈ ਇਹ ਸੱਤ ਝੂਠ ਨਹਿੰ ਰਾਈ। ਕਰੇ ਪਾਪ ਦੌਲਤ ਮੈਂ ਪਾਈ॥
ਜਾਂ ਤੇ ਹੋਇ ਬਿਦਰਦ ਨੰਸਗੇ। ਕਈ ਅਨਾਥ ਕਰੇ ਮੈਂ ਤੰਗੇ॥
ਜਿਸ ਪਰ ਕਹੀ ਗੁਰ ਨੇ ਭਾਈ। ਫਿਰ ਇਹ ਕਿਉਂ ਨਾ ਰਕਤ ਕਹਾਈ॥
ਤਾਂ ਤੇ ਹਮ ਹੈ ਸਾਚ ਪੁਕਾਰਾ। ਨਹੀਂ ਲਿਹਾਜ਼ ਕਰਾ ਕੁਛ ਬਾਰਾ॥
ਅਰ ਯਹ ਲਾਲੋ ਭਗਤ ਕਹਾਵੇ। ਦਸ ਨਖ ਕੀ ਜੋ ਕ੍ਰਿਤ ਕੁਮਾਵੇ॥
ਤਿਸ ਭੇਸ ਮਹਿ ਜੋ ਕੁਛ ਮਿਲਯੋ ਯਾਕੋ। ਰਲ ਮਿਲ ਖਾਤ ਸਗਲ ਜਨ ਤਾਕੋ॥
ਯਹੀਂ ਤੇ ਯਹ ਦੂਧ ਰਸੋਈ। ਪਾਪ ਕਰਮ ਜਹਿ ਮਹਿ ਨਹਿੰ ਕੋਈ॥
ਸੁਨਤ ਮਲਕ ਚਰਨਨ ਸਿਰ ਦੀਆ। ਸਤ ਕਰਿਯੋ ਜੋ ਮੁਖੋਂ ਉਚਾਰੇ॥
ਕਹਾਂ ਭੇਦ ਪਾਮਰ ਯਹ ਜਾਨੇ। ਪ੍ਰਤੱਗਯਾ ਕੋ ਪਾਲਨ ਠਾਨੇ।।੫੮॥

ਸ੍ਰੀ ਗੁਰੂ ਅਮਰ ਦੇਵ ਜੀ

ਦੋਹਰਾ

ਅਮਰ ਦੇਵ ਗੁਰਦੇਵ ਜੂ ਬਚਨ ਪਾਲ ਜਸ ਲੀਨ॥
ਕਹੋ ਗੂੜ੍ਹ ਇਸ ਭਾਵ ਕੋ ਕਯਾ ਜਾਨੈ ਨਰਦੀਨ॥੫੯।

ਚੌਪਈ

ਏਕ ਸਮਯ ਗੁਰ ਤਖ਼ਤ ਬਰਾਜੇ। ਸੂਰਜ ਕੋਟ ਦੇਖ ਦੁਤਲਾਜੇ॥
ਕਥਾ ਕੀਰਤਨ ਹੋਵਤ ਐਸੇ। ਬਰਖਤ ਸਾਵਨ ਕੀ ਘਟ ਜੈਸੇ॥
ਤਬ ਯਹ ਭਯੋ ਅਚੰਭਾ ਭਾਰੀ। ਜੋ ਦਿਖਰਾਇਯੋ ਦੇਵ ਮੁਰਾਰੀ॥
ਅੰਦਰ ਮਹਲ ਮਾਹਿੰ ਤਬ ਮਾਤਾ। ਕਰਤ ਪਰੋਹਤ ਸੋ ਇਹ ਬਾਤਾ॥
ਹੇ ਬਿੱਪਰ ਯਹ ਬੀਬੀ ਭਾਨੀ। ਹੋਇ ਗਈ ਅਬ ਅਧਕ ਸਿਆਨੀ॥

ਇਸ ਕੀ ਕਰੋਂ ਕਹੀ ਕੁੜਮਾਈ। ਘਰ ਵਰ ਜਹਿ ਹੋ ਵਹਿ ਸੁਖਦਾਈ॥
ਸੁਨ ਬਿੱਪ੍ਰ ਤਬ ਕਰੀ ਤਿਆਰੀ। ਕਹਿਤ ਸੀਖ ਸਭ ਤਬ ਮਹਿ ਤਾਰੀ॥
ਵਿਦਾ ਹੋਤ ਗੁਰ ਕੇ ਢਿਗ ਜਾਕੇ। ਚਲੋ ਪ੍ਰਨਾਮ ਪ੍ਰਭੂ ਕੋ ਗਾਕੇ॥
ਕਹੀ ਗੁਰੂ ਜੀ ਸੁਨ ਬਿੱਪ੍ਰ ਪਿਯਾਰੇ। ਕਾਰਜ ਕਰੀਯੋ ਦੇਖ ਸੁਧਾਰੇ॥
ਸੱਤ ਬਚਨ ਕਹਿ ਧਰ ਪਗ ਮਾਥਾ। ਚਲੋ ਬਿਪ ਜੋਰਤ ਜੁਗ ਗਾਥਾ॥
ਜਬ ਦਰ ਤੇ ਬਾਹਰ ਪਗ ਪਾਇਯੋ। ਮਾਤਾ ਜੀ ਤਬ ਐਸ ਅਲਇਯੋ॥
ਏਕ ਬਾਲ ਘਰ ਤੇ ਜਬ ਬਾਹਰ। ਵੇਚ ਰਹਾ ਘੁੰਗਲੀਆਂ ਜਾਹਰ॥
ਸੁੰਦਰ ਮੂਰਤ ਜੋਤ ਮਹਾਨਾ। ਲਾਜਤ ਚੰਦ ਦੇਖ ਮੁਖ ਭਾਨਾ॥
ਕਰੀ ਬਾਤ ਸੁਨ ਬ੍ਰਹਮਨ ਭਾਈ। ਐਸਾ ਬਾਲਕ ਪਿਖ ਕਹਿ ਜਾਈ॥
ਜਿਸ ਕੋ ਸੁਨ ਕਰ ਗੁਰੂ ਪੁਕਾਰਾ। ਸਿੱਧ ਭਇਯੋ ਕਾਰਜ ਅਬ ਸਾਰਾ॥
ਐਸੋ ਬਾਲਕ ਔਰ ਨ ਕੋਈ। ਇਸ ਜੈਸਾ ਏਹੋ ਜਗ ਹੋਈ॥
ਤਾਂ ਤੇ ਅਬ ਇਸ ਹੀ ਕੇ ਸੰਗਾ। ਕਰਾ ਜੋੜ ਪ੍ਰਭੂ ਨੇ ਚੰਗਾ॥
ਮੁੜ ਕਰ ਬਿਪ੍ਰ ਪਾਸ ਧਾਇਆ। ਪੁਨ ਵਹੁ ਬਾਲਕ ਚਾਇ ਬੁਲਾਇਆਂ॥
ਪੁਛਾ ਕੌਨ ਅਰੇ ਤੂੰ ਪਿਯਾਰੇ। ਕਹੋ ਸਕਲ ਸਨਮੁਖ ਅਭਾਰੇ॥
ਜਿਸ ਪਰ ਕਹੀ ਬਾਲ ਨੇ ਕੈਸੀ। ਸੋਢੀ ਕੁਲ ਮੇਰੀ ਪ੍ਰਭੂ ਜੈਸੀ॥
ਰਾਮਦਾਸ ਹੈ ਨਾਮ ਗੁਸਾਈਂ। ਦਾਸ ਜਾਨ ਲਾਗੋ ਤਬ ਪਾਈ॥
ਹੋਇ ਪ੍ਰਸੰਨ ਗੁਰੂ ਯਹ ਭਾਖੀ। ਹੇ ਅਕਾਲ ਪਤ ਤੈਂ ਮੁਹਿ ਰਾਖੀ॥
ਜੋ ਖੱਤ੍ਰੀ ਕੋ ਬਾਲਕ ਪਾਯੋ। ਜਿਸ ਪਰ ਢਾਕ ਪਾਲ ਨੇ ਆਯੋ॥
ਜੇਕਰ ਹੁਤੋਂ ਔਰ ਕੁਲ ਮਾਹੀਂ। ਬਚਨ ਨ ਅਨਥਾ ਮੋਂ ਕਿਦਾਹੀ॥
ਕਰਤ ਬਿਵਾਹ ਤਹਿੰ ਕੇ ਸੰਗਾ। ਲੋਕ ਆਗਯਾ ਨੀਹੋ ਵਰਤੇਗਾ॥
ਪਰ ਤੇ ਪੈਜ ਰਖੀ ਪ੍ਰਭੂ ਮੇਰੀ। ਮਿਲੀ ਬਹੁਰ ਨੇਕੀ ਸਾਰੀ॥
ਕਰ ਬਿਵਾਹ ਤਬ ਸਤਿਗੁਰ ਰਾਈ। ਰਾਮਦਾਸ ਕੋ ਦੇ ਗੁਰਆਈ॥

ਸਭ ਹੀ ਜਗ ਕੋ ਪੂਜ ਬਨਾਇਓ। ਆਪ ਬਚਨ ਪਾਲੇ ਜਸ ਪਾਇਓ॥

ਅਹੋ ਧੰਨ ਗੁਰੂ ਧੰਨ ਮੁਰਾਰੀ। ਬਚਨ ਪਾਲ ਜਗ ਕਰ ਉਪਕਾਰੀ॥

ਤਾਂ ਤੇ ਮਾਰਗ ਚਲ ਹੈ ਜੋਈ। ਲਹੇ ਮੁਕਤ ਸੰਕਾ ਨਹਿ ਕੋਈ॥੯੦॥

ਸ੍ਰੀ ਗੁਰੂ ਅਰਜਨ ਦੇਵ ਜੀ

ਦੋਹਰਾ

ਗੁਰੂ ਅਰਜਨ ਅਰਿ ਜਨੋਂ ਸੇ ਸਹੇ ਕਸ਼ਟ ਤਨ ਕੋਟ॥

ਮਰਨ ਭੰਗ ਕੀਨੋ ਨਹੀਂ ਸੁਨੀਯੋ ਸੰਤਨ ਫੋਟ।੯੧॥

ਚੌਪਈ

ਅਬ ਕਥਾ ਗੁਰੂ ਅਰਜਨ ਕੇਰੀ। ਕਹੋ ਅਲਪ ਸੀ ਜੋ ਮਤਿ ਮੇਰੀ॥

ਲੱਖ ਪਾਤਸ਼ਾਹਿ ਗੁਰਦੇਵਾ। ਜਿਨ ਸਮ ਪੁਜ ਤਨ ਕੋਟਕ ਦੇਦਾ॥

......ਸਾਗਰ ਤਾਰਨ ਕੇ ਹੇਤਾ। ਰਚਾ ਗ੍ਰੰਥ ਸਾਹਿਬ ਜੂ ਸੇਤਾ॥

.......ਕੀਨ ਪਖੰਡ ਅਪਾਰੇ। ਮੰਡਨ ਕਰਾ ਧਰਮ ਜਗ ਸਾਰੇ॥

...... ਗਯਾਨ ਚੇਤ ਜਗ ਮਾਹੀਂ। ਗੁਰੂ ਗ੍ਰੰਥ ਸਮ ਦੂਸਰ ਨਾਹੀਂ॥

.....ਆਤਮ ਗਯਾਨ ਮਹਾਨਾ। ਲਹਿਤ ਗ੍ਰੰਥ ਮਹਿ ਪੁਰਖ ਸੁਜਾਨਾ॥

.... ਬਿਦ ਤੇ ਆਦਿਕ ਜੇਤੇ। ਦਏ ਮਿਟਾਇ ਬਖੇੜੇ ਤੇਤੇ॥

........ਬਤਾ ਇਯੋਂ ਮਾਰਗ। ਲਹਿਤ ਮੋਖ ਜੋ ਤਿਹ ਮਤ ਧਾਰਗ॥

......ਗ੍ਰੰਥ ਬੀੜ ਭਈ ਪੂਰੀ। ਸੁਨਤੀ ਸੰਗਤ ਆਇ ਹਜੂਰੀ॥

...... ਸ਼ਬਦ ਸੁਨ ਬਾਨੀ। ਦੂਸਰ ਔਰ ਨ ਜਾਹਿ ਸਮਾਨੀ॥

ਜਿਸ ਪਰ ਕਿਤਕ ਦ੍ਵੈਖੀ ਲੋਗਾ। ਸੁਨਤ ਭਯੋ ਮਨ ਅੰਤਰ ਸੋਗਾ॥

ਕਹਿ ਤਨ ਮੋਂ ਇਨ ਗ੍ਰੰਥ ਬਨਾਇਯੋ। ਨਮੇਂ ਪੰਥ ਮਹਿੰ ਚਰਤ ਚਲਇਯੋ॥

ਜੇ ਪਰਵਿਰਤ ਭਈ ਇਹ ਬਾਨੀ। ਕਰੇ ਬਹੁਤ ਹਮਰੀ ਜਗਰਾਨੀ॥

ਤਾਂ ਤੇ ਯਾਕੋ ਰੋਕਨ ਚਹੀਏ। ਪਾਤਸ਼ਾਹ ਪਹਿ ਜਾਕਰ ਕਹੀਏ।੬੨॥

ਚੌਪਈ

ਮਿਲ ਬਹੁ ਲੋਗ ਭੂਪ ਪੈ ਗਏ। ਸਗਲ ਮਨੋਰਥ ਤਹਿੰ ਕਹਿਨੇ॥

ਲਗੇ ਕਹਨ ਸੁਨ ਸ਼ਾਹਜਹਾਨ। ਨਵਾਂ ਪੰਥ ਇੱਕ ਔਰ ਚਲਾਨਾ॥

ਨਾਮ ਸਿੱਖ ਇਸ ਕੋ ਜਗ ਗਾਵੇ। ਅਪਨਾ ਮਾਰਗ ਜੁਦਾ ਚਲਾਵੇ॥

ਗੁਰ ਨਾਨਕ ਇੱਕ ਭਇਓ ਫ਼ਕੀਰਾ। ਹਿੰਦੂ ਤੁਰਕ ਤਿਸ ਮਾਨਤਾ॥

ਤਿਸ ਕੀ ਜਗਹ ਪੰਚਮੀ ਆਹੀ। ਜਿਸ ਕੋ ਕਹਤ ਲੋਗ ਪਾਤਸ਼ਾਹੀ॥

ਅਰਜਨ ਨਾਮ ਤਾਹਿੰ ਕੋ ਗਾਵੇਂ। ਬਹੁਤ ਲੋਗ ਤਿਸ ਪੀਛੇ ਲਾਗੇ॥

ਉਨ ਇਕ ਨਵੀਂ ਕਿਤਾਬ ਬਨਾਈ। ਬੇਦ ਕਤੇਬੋਂ ਉਲਟੀ ਜਾਈ॥

ਨਾ ਹਿੰਦੂ ਕੀ ਕਰੇ ਵਡਾਈ। ਮੁਸਲਮਾਨ ਕੋ ਨਹਿ ਸੁਖਦਾਈ॥

ਨਬੀ ਅਰ ਅਵਤਾਰ ਜੋ ਜੇਤੇ। ਖੰਡਨ ਕਰੇ ਤਾਂਹਿ ਮੈਂ ਸੇਤੇ॥

ਯਹੀ ਬਾਤ ਹਮ ਕੋ ਨਹੀਂ ਭਾਈ। ਲਗੀ ਮਨੋਂ ਕੋ ਅਤਿ ਦੁਖਦਾਈ॥

ਜਿਸ ਤੇ ਆਪ ਪਾਸ ਹਮ ਆਏ। ਤਿਸ ਪੁਸਤਕ ਕੋ ਲੇਹ ਧਾਏ॥

ਪਾਸ ਬੈਠ ਕਰ ਸੁਨਯੋ ਨਾਥਾ। ਔਰ ਵਿਚਾਰੋ ਮਨ ਕੋ ਸਾਥਾ॥

ਜਹਾਂ ਜਹਾਂ ਨਬੀਅਨ ਕੀ ਨਿੰਦਾ। ਦਿਹੋ ਕਢਾਇ ਤੋ ਹਮੇਂ ਪਸੰਦਾ॥

ਜਿਸ ਪਰ ਬਾਦਸ਼ਾਹ ਸੁਨ ਬੋਲਾ। ਕਯਾ ਤੁਮ ਕਹਤ ਕਾਮ ਯਹ ਗੋਲਾ॥

ਵਹੁ ਫਕੀਰ ਅੱਲ੍ਹਾ ਕਾ ਪਿਯਾਰਾ। ਕਯਾ ਹਮਰਾ ਹੈ ਤਾਂਹ ਬਿਗਾਰਾ॥

ਜੋ ਇੱਛਾ ਤਿਨ ਬਚਨ ਬਨਾਏ। ਜੋ ਚਾਹੋ ਸਿੱਖਨ ਸਮਝਾਏ॥

ਹਮ ਹੈਂ ਪਾਤਸ਼ਾਹ ਦੁਨਯਾਈ। ਨਹੀਂ ਹਮਰੋ ਮਹਿ ਉਲਯਾਈ॥

ਉਹ ਦੀਨੀ ਹੈ ਭੂਪਤ ਭਾਰਾ। ਤਿਸ ਸਿਉ ਕਯਾ ਹੈ ਕਾਮ ਹਮਾਰਾ॥

ਜਾਓ ਜਾਓ ਫਿਰ ਕਬਹੀ ਆਨਾ। ਐਸਾ ਝਗੜਾ ਨਹੀਂ ਸੁਨਾਨਾ॥

ਖਾਕੇ ਝਾੜ ਫਿਰੇ ਸਭ ਝੂਠੇ। ਪਰ ਅੰਦਰ ਬਾਹਿਰ ਤੇ ਲੂਠੇ।੬੩॥

ਦੋਹਰਾ

ਇਤਨੇ ਹੀ ਮੇਂ ਪੈ ਗਿਆ ਆਕੇ ਹੋਰ ਕੁਫੇਰ॥
ਹੋਨੀ ਰੂਪ ਬਟਾਇਕੇ ਆਈ ਹੋਇ ਦਲੇਰ।੬੪॥

ਚੌਪਈ

ਚੰਦੂ ਸ਼ਾਹ ਨਾਮ ਇੱਕ ਭਾਈ। ਜਾਤ ਖੱਤ੍ਰੀ ਕੀ ਜਿਹਿ ਗਾਈ॥
ਬਾਦਸ਼ਾਹ ਕਾ ਹੁਤੋ ਦੀਵਾਨਾ। ਰਾਜ ਕਾਜ ਅੰਦਰ ਪਰਧਾਨਾ॥
ਜਿਸ ਕੇ ਘਰ ਕੰਨਯਾ ਇੱਕ ਗਾਈ। ਤਿਸ ਕੀ ਕਰਨੀ ਚਰਤ ਸਗਾਈ॥
ਭਇਓ ਬੁਲਾਏ ਬ੍ਰਹਮਨ ਧੋਰਾ। ਕਹਕੇ ਬਚਨ ਤਾਹਿੰ ਕੇ ਤੋਰਾ॥
ਅਛਾ ਘਰ ਵਰ ਨੀਕਾ ਤੁਮ ਪਾਓ। ਤਾਂਹ ਸਾਕ ਇਸ ਕਾ ਕਰ ਆਓ॥
ਭੇਜਾ ਬ੍ਰਹਮਣ ਤਬ ਸਿਰਨਾਈ। ਕਰਨੇ ਲੜਕੀ ਕੀ ਕੁੜਮਾਈ॥
ਸ਼ਗਨ ਤੇ ਐਸਾ ਸੁਨ ਪਾਯੋ। ਸੋਢੀ ਖਾਨ ਦਾਨ ਬਡ ਗਾਯੋ॥
ਗੁਰੂ ਅਰਜਨ ਘਰ ਪੂਤ ਸੁਹਾਵਾ। ਹਰਿ ਗੋਬਿੰਦ ਨਾਮ ਸਹਿਗਾਵਾ॥
ਰੂਪ ਅਨੂਪ ਮਹਾਂ ਛਬ ਛਾਈ। ਕੋਟ ਚੰਦ ਜਹਿ ਦੇ ਖਲ ਜਾਈ॥
ਅਰ ਵੋਹ ਗਾਦੀ ਬੜੀ ਸੁਹਾਵੇ। ਪੰਚਮ ਪਾਤਸ਼ਾਹ ਕਹਿਲਾਵੇ॥
ਯਹ ਸੁਨ ਕਰ ਗੁਰ ਜੂ ਢਿਗ ਆਇਆ। ਸੁਨਨੇ ਸੇ ਚੋਗੁਣ ਲਖ ਪਾਯਾ॥
ਕਰੀ ਸਗਾਈ ਸਾਥ ਬਧਾਈ। ਵਿਦਾ ਭਯੋ ਪੀਛੇ ਕੋ ਧਾਈ॥
ਚੰਦੂ ਸ਼ਾਹ ਪਾਸ ਤਿਨ ਜਾਕੇ। ਕਿਹਾ ਹਾਲ ਸਭ ਹੀ ਸਮਝਾਏ॥
ਪਰ ਚੰਦੂ ਯਿਹ ਸੁਨਤ ਉਚਾਰੀ। ਕਹਾਂ ਗਈ ਬਿਪ੍ਰ ਬੁਧ ਤੁਮਾਰੀ॥
ਕਹੀ ਫ਼ਕੀਰਨ ਧਾਮ ਸਗਾਈ। ਈਟ ਮਨੇਰੇ ਮੋਰੀ ਲਾਈ॥
ਜਬ ਤਿਨ ਐਸੇ ਬਚਨ ਉਚਾਰੇ। ਭਰੇ ਕ੍ਰੋਧ ਔਰ ਹੰਕਾਰੇ॥
ਜਬ ਸਿੱਖਨ ਮੇਂ ਚਰਚਾ ਭਯੋ। ਇਸ ਚੰਦੂ ਕੋ ਕਿਆ ਹੁਇ ਗਯੋ॥
ਕਰਤ ਸਤਿਗੁਰ ਕੀ ਏਹ ਨਿੰਦਾ। ਜੋ ਹਮ ਕੋ ਨਹਿ ਪਸਿੰਦਾ॥

ਜਾਂ ਤੇ ਇੱਕ ਪਾਤੀ ਲਖਵਾਈ। ਪਾਸ ਸਤਿਗੁਰੂ ਕੇ ਪਹੁੰਚਾਈ॥
ਜਬ ਗੁਰੂ ਖੋਲ੍ਹ ਪੜ੍ਹੀ ਓਹ ਸਾਰੀ। ਤਬ ਸੰਗਤ ਨੇ ਐਸ ਉਚਾਰੀ॥
ਯਹ ਹੰਕਾਰੀ ਨਿੰਦਕ ਭਾਰਾ। ਬੋਲਤ ਬੈਨ ਜੋ ਮਹਾਂ ਗੁਵਾਰਾ॥
ਤਾਂ ਤੇ ਇਸ ਘਰ ਕੀ ਕੁੜਮਾਈ। ਲੈਨੀ ਜੋਗ ਨਹੀਂ ਗੁਰਰਾਈ॥
ਜਿਸ ਪਰ ਸਤਿਗੁਰੂ ਕਾਗਜ਼ ਲੀਨਾ। ਚੰਦੂ ਕੋ ਐਸੇ ਲਿਖ ਦੀਨਾ॥
ਹਮ ਫ਼ਕੀਰ ਮੋਰੀ ਹੈਂ ਭਾਈ। ਤੁਮ ਚੋਬਾਰਾ ਊਹ ਕਹਾਈ॥
ਤਾਂ ਤੇ ਈਟ ਅਪਨੀ ਲੀਜੇ। ਦੇਖ ਬਨੇਰਾ ਕੋਉ ਦੀਸੇ॥
ਜਬ ਪਾਤੀ ਚੰਦੂ ਪੜ੍ਹਵਾਈ। ਕ੍ਰੋਧ ਅਗਨ ਮਨ ਮੇਂ ਭੜਕਾਈ।੬੫॥

ਦੋਹਰਾ

ਆਗ ਬਬੂਲਾ ਹੋ ਗਿਆ ਸੁਨ ਕੇ ਚੰਦੂ ਸ਼ਾਹ॥
ਸਤਿਗੁਰ ਨੂੰ ਦੁਖ ਦੇਨ ਹਿਤ ਲਾਈ ਸਾਰੀ ਵਾਹਿ।੬੬॥

ਚੌਪਈ

ਜਾਇ ਪਾਤਸ਼ਾਹ ਖਾਸ ਪੁਕਾਰਾ। ਹੇ ਪ੍ਰਭ ਨਹੀਂ ਆਪ ਕੋ ਸਾਰਾ॥
ਇੱਕ ਦੀਨੀ ਦੁਨਿਆਵੀ ਵੈਰੀ। ਤੇਰਾ ਭਇਯੋ ਨ ਕਰਸੀ ਖੈਰੀ॥
ਜਿਸ ਪਰ ਪਾਤਸ਼ਾਹਿ ਸੁਨ ਡਰਿਆ। ਇਹ ਚੰਦੂ ਕੋ ਪ੍ਰਸ਼ਨ ਕਰਿਆ॥
ਕਹੋ ਦੀਵਾਨ ਕੌਨ ਹੈ ਐਸਾ। ਜਿਸ ਪਰ ਡਰ ਤੁਮ ਪਾਵੋ ਐਸਾ॥
...ਸੁਨੋ ਜਗ ਨਾਇਕ। ਅਰਜਨ ਗੁਰੂ ਤੋਹ ਦੁਖਦਾਇਕ॥
... ਨਾਮ ਤੁਮਰਾ ਵਹੁ ਚਹੇ। ਊਪਰ ਸਾਧ ਰੂਪ ਬਨ ਰਹੇ॥
ਬਿਸਰੋ ਪੁਤ ਆਪਕਾ ਜੋਈ। ਬਾਦਸ਼ਾਹਿ ਸੇ ਬਿਗੜਾ ਸੋਈ॥
... ਤਿਸਨੇ ਕਰੀ ਸਹਾਇ। ਅਰ ਤਿਸ ਬਦਲੇ ਪੜ੍ਹੀ ਦੁਆਇ॥
... ਨਾਸ ਚਹੇ ਵਹੁ ਤੋਰਾ। ਸੱਤਿ ਬਚਨ ਮਾਨੋ ਪ੍ਰਭ ਮੋਰਾ॥
..ਏਕ ਕਤਾਬ ਬਨਾਈ। ਨਥੀਅਨ ਕੀ ਨਿੰਦਾ ਕਰਵਾਈ॥

ਪੁਰਖ ਹੇਤ ਜੋ ਕੋਈ। ਪਾਤਸ਼ਾਹ ਤੇ ਕੁਛ ਨਹਿ ਹੋਈ॥
... ਪਾਇ ਜ਼ੋਰ ਜਬ ਜਾਊ। ਖ਼ੂਬ ਹਾਥ ਪ੍ਰਭ ਕੋ ਦਿਖਲਾਊ॥
ਰਚੀ ਪਾਤਸ਼ਾਹ ਐਸੀ ਬਾਨੀ। ਜ਼ਹਿਰ ਮਿਲੇ ਲੱਡੂ ਕੀ ਸਾਨੀ॥
... ਕਯਾ ਕਰਨੋ . ਚਹੀਏ। ਜੋ ਉਪਾਇ ਹੋਵੇ ਸੋ ਕਹੀਏ॥
.... ਚੰਦੂ ਬਿਨਤੀ ਕੀਨੀ। ਯਿਹ ਖਿਦਮਤ ਮੈਂ ਨਿਜ ਸਿਰ ਲੀਨੀ॥
.... ਬਿਨ ਡਰ ਬੈਠਾ। ਮੈਂ ਤਿਸ ਰਹਿਨ ਨ ਦੈਹੋਂ ਐਠਾ॥
.. ਕਹੀ ਸ਼ਾਹਿ ਨੇ ਐਸੀ। ਕਹੋ ਮੁਨਾਸਬ ਜੋਹੈ ਜੈਸੀ॥
.... ਕੋ ਦੀਆ। ਕਰੋ ਤੋਹਿ ਜੋ ਚਾਹਿਤ ਕੀਆ॥
..... ਜਾਨਤ ਥੋਂ ਚੰਗਾ। ਆਰ ਫਲੋਂਗ ਖ਼ੁਦਾ ਸੋਂ ਰੰਗਾ॥
ਪਰ ਜੇ ਐਸਾ ਅਹੇ ਫਸਾਦੀ। ਕਰਨੀ ਹਮਰੀ ਚਹਿ ਬਰਬਾਦੀ॥
ਤੋ ਤਿਸ ਕੋ ਤੁਮ ਖ਼ੂਬ ਸੁਧਾਰੋ। ਮਾਨ ਰਿਦੇ ਮਹਿ ਹੁਕਮ ਹਮਾਰੋ॥
ਜਬ ਪਾਪੀ ਨੇ ਆਗਿਆ ਪਾਈ। ਮਨ ਦੀ ਅਗਨੀ ਤੁਰਤ ਬੁਝਾਈ॥
ਰਾਜ਼ੀ ਹੋਇ ਧਾਮ ਪਰ ਆਇਆ। ਸਭਨਾਂ ਨੂੰ ਇਹ ਆਖ ਸੁਨਾਇਆ॥
ਅਬ ਅਰਜਨ ਕੋ ਹਾਥ ਦਖਾਊਂ। ਸਾਕ ਮੋੜ ਨੇ ਮਜ਼ਾ ਚਖਾਊਂ।੬੭॥

ਦੋਹਰਾ

ਘਰ ਵਿੱਚ ਚੰਦੂ ਆਇਆ ਮਨ ਵਿੱਚ ਹੋਇ ਅਨੰਦ॥
ਸੋਚਨ ਲਗਾ ਬੈਠਕੇ ਨਵੇਂ ਪਾਪ ਦੇ ਬੰਦ।੬੮॥

ਚੌਪਈ

ਮਨ ਵਿੱਚ ਐਸੀ ਬਾਤ ਵਿਚਾਰੀ। ਕੈਸੇ ਇੱਜ਼ਤ ਰਹੇ ਹਮਾਰੀ॥
ਜੋ ਲੜਕੀ ਕੇ ਬਦਲੇ ਐਸਾ। ਕਾਮ ਕਰੂੰ ਨਹਿ ਚਹੀਏ ਜੈਸਾ॥
ਤੌਂ ਸੰਸਾਰ ਕਰੇ ਸਭ ਨਿੰਦਾ। ਨਹਿ ਕਾਹੂੰ ਕੋ ਹੋਇ ਪਸਿੰਦਾ॥
ਤਾਂ ਤੇ ਔਰ ਚਾਲ ਅਬ ਕਰੀਏ। ਦੂਸਰ ਦੋਸ਼ ਯਾਹਿ ਸਿਰ ਧਰੀਏ॥

ਹਿਦੂ ਮਸਲਮਾਨ ਬੁਲਾਕੇ। ਗ੍ਰੰਥ ਬਾਤ ਭਾਖੀ ਸਮਝਾਕੇ॥
ਅਰ ਖ਼ਿਸਰੋ ਕੀ ਬਾਤ ਮਿਲਾਵੋ। ਐਸੇ ਫੰਧੇ ਬੀਚ ਫਸਾਵੋ॥
ਜਿਸ ਪਰ ਪੁਲਸ ਸਪਾਹੀ ਕੇਤੇ। ਲਏ ਬੁਲਾਇ ਚਹਤ ਬੋਤੇ॥
ਤਿਨ ਕੋ ਕਹੀ ਸੁਨੋ ਹੋ ਪਿਆਰੇ। ਯਹ ਕਾਰਜ ਜਿੰਮੇਂ ਹੈ ਧਾਰੇ॥
ਜੋ ਅਰਜਨ ਜਗ ਗੁਰੂ ਕਹਾਵੇ। ਪੰਚਮ ਪਾਤਸ਼ਾਹ ਸਦਾਵੇ॥
ਤਿਸ ਕੋ ਪਕੜ ਮੋਹ ਢਿਗ ਲਿਆਓ। ਯਾਸੇਂ ਦੇਰ ਨ ਰੰਚਕ ਲਾਓ॥
ਸੁਨਤ ਸਪਾਹੀ ਯਸ ਕੀ ਸੈਨਾ। ਚਲੀ ਜਾਹਿੰ ਕੋ ਕੁਛ ਮਨ ਭੈ ਨਾ॥
ਸਾਧ ਅਸਾਧ ਏਕ ਸਮ ਜਾਨੇ। ਅਪਨੋ ਕਾਮ ਏਕ ਸਮ ਠਾਨੇ॥
ਜਾਇ ਗੁਰੂ ਕੋ ਪਕੜ ਲਿਆਏ। ਚੰਦੂ ਸਨਮੁਖ ਚਾਇ ਖੜਾਏ॥
ਦੇਖ ਕਹੀ ਚੰਦੂ ਨੇ ਐਸੇ। ਦੇਖੀ ਈਟ ਲੱਗੀ ਹੈ ਕੈਸੇ॥
ਦੇਖ ਕਰੂੰ ਤੇਰੇ ਸੰਗ ਐਸੀ। ਦੇਖੀ ਸੁਨੀ ਨ ਹੋਵੇ ਜੈਸੀ॥
ਮੈਂ ਅਬ ਭੀ ਕਹਾਂ ਸੁਨਾਈ। ਦੇਖ ਦਯਾ ਤੇਰੇ ਕੋ ਖਾਈ॥
ਜਿਸ ਮਸਾਕ ਮੋਹ ਕਾ ਮੋੜਾ। ਅਰ ਕੁੜਮਾਈ ਤਿਨ ਕਾ ਤੋੜਾ॥
...ਪਰ ਕਾਰ ਮਾਨ ਅਬ ਲੀਜੈ। ਅਪਨਾ ਬੋਲ ਭੰਗ ਕਰ ਨਾਹਿ ਦੀਜੈ॥
...ਜਾਨ ਤਿਹਾਰੀ। ਨਾਤਰ ਜਾਸੀ ਜਾਨ ਪਿਆਰੀ॥
...ਪਰ ਕਹੀ ਗੁਰੂ ਹੱਸ ਐਸੀ। ਕਰੋ ਤੋਹ ਮਨ ਆਵੇ ਜੈਸੀ॥
...ਬਚਨ ਭੰਗ ਨਹਿ ਕਰਹੋ। ਦੇਹ ਜਾਨ ਤੇ ਨਾਹੀ ਡਰਹੋਂ॥
...ਪੁਰਖ ਕੋ ਬਚਨ ਅੱਟਲ੍ਹਾ। ਮੋੜ ਨ ਸਕੇ ਜਾਂਹਿ ਕੋ ਅੱਲ੍ਹਾ॥
ਤਨ ਹਾਡ ਮਾਸ ਕੋ ਥੈਲਾ। ਨਖ ਸਿਖਲੋਂ ਦੀਖਤ ਹੈ ਮੈਲਾ॥
ਬਚਨ ਅਮੋਲਕ ਪਰਮ ਪੁਨੀਤਾ। ਭੰਗ ਕਰੋ ਸਿਰ ਹੋਇ ਅਨੀਤਾ॥
ਤਨ ਜਾਏ ਔਰ ਪਾਵੈ। ਬਚਨ ਗਇਓ ਫਿਰ ਹਾਥ ਨਾ ਆਵੈ॥
ਅਬ ਮੈਂ ਬਚਨ ਭੰਗ ਨਾਹਿ ਕਰਹੂੰ। ਅਨਕ ਕਲੇਸ਼ ਸੀਰ ਪਰ ਧਰਹੂੰ।੬੯॥

ਦੋਹਰਾ

ਤਦ ਚੰਦੂ ਨੇ ਕ੍ਰੋਧ ਕਰ ਦਿੱਤਾ ਹੁਕਮ ਸੁਨਾਇ॥
ਤੱਤੀ ਰੇਤ ਤਪਾਇਕੇ ਇਸ ਪਰ ਦੇਵੋ ਪਾਇ।੭੦॥

ਚੌਪਈ

ਵਿੱਚ ਲਾਹੌਰ ਕਹਰ ਇਹ ਹੋਇਆ। ਚੰਦੂ ਨੇ ਸੁਖ ਅਪਨਾ ਖੋਇਆ॥
ਤੱਤੀ ਤਵੀ ਤਪਾਈ ਭਾਰੀ। ਅਰ ਮੁਖ ਤੇ ਇਹ ਬਾਤ ਉਚਾਰੀ॥
ਇਸ ਪਰ ਅਰਜਨ ਚਾਇ ਬਠਾਓ। ਉੱਪਰ ਰੇਤ ਗਰਮ ਬਰਸਾਓ॥
ਹੁਕਮ ਪਾਇ ਨੌਕਰ ਤਬ ਸਾਰੇ। ਕਰਨ ਲੱਗੇ ਮਿਲ ਐਸੀ ਕਾਰੇ॥
ਪਕਰ ਲਏ ਸਤਿਗੁਰ ਬਿਨ ਦੇਰੀ। ਕਰ ਪਗ ਅੰਦਰ ਪਾਈ ਬੇਰੀ॥
ਤੱਤੇ ਤਵੇ ਖੜੇ ਕਰ ਦੀਨੇ। ਕੜਛੇ ਭਰ ਰੇਤੇ ਦੇ ਲੀਨੇ॥
ਲਗੇ ਗੁਰੂ ਪਰ ਚਾ ਵਰਸਾਵਨ। ਮਾਨਹੁ ਬੂੰਦਾਂ ਵਰਖਾ ਸਾਵਨ॥
ਜਬ ਤਪ ਕਰ ਗੁਰ ਪਾਵਤ ਖੇਦਾ। ਕਰਤ ਅਗਨਿ ਤਨ ਕੋ ਅਤਿ ਛੇਦਾ॥
ਗਿਰਤ ਧਰਤ ਪਰ ਤਨ ਸੁਧ ਖੋਏ। ਮਾਨਹੁ ਮੂਰਛਾ ਪਾ ਕਰ ਸੋਏ॥
ਬਹੁਰ ਕਸਾਈ ਕਹੇ ਪੁਕਾਰੇ। ਪਾਵਹੁ ਮੁਖ ਮਹਿ ਜਲ ਕੀ ਧਾਰੇ॥
ਜਬ ਜਲ ਬਿੰਦੂ ਮੁਖ ਸਹਿ ਪਾਵਹਿ। ਤਬ ਕੁਛ ਸੁਧ ਪ੍ਰਭ ਜੂ ਕੋ ਆਵਹਿ॥
ਸਵਾਧਾਨ ਜਬ ਹੋਇ ਦਿਆਲਾ। ਫਿਰ ਚੰਦੂ ਇਮ ਕਰੇ ਕੁਚਾਲਾ॥
ਅਜੇ ਮਾਨ ਤੁਮ ਬਚਨ ਹਮਾਰਾ। ਦੂਰ ਖੇਦ ਸਭ ਕਰੂੰ ਤੁਮਾਰਾ॥
ਜਿਸ ਕੋ ਸੁਨ ਗੁਰ ਜੂ ਇਹ ਗਾਵੇਂ। ਬਚਨ ਭੰਗ ਹਮ ਨਹੀਂ ਕਰਾਵੇਂ॥
ਤਾਂ ਤੇ ਸੰਤ ਬਚਨ ਅਟਲਾਧਾ। ਕਹਤ ਸਕਲ ਜਗ ਮਹਿ ਸਨਸਾ॥
ਜਿਸ ਪਰ ਕੋਪ ਦੁਸ਼ਟ ਫਿਰ ਧਾਰੇ। ਵਹੀ ਕੁਕਰਮ ਬਹੁਰ ਪਰਚਾਏ॥
ਉਸੇ ਤਵੀ ਪਰ ਗੁਰੂ ਬਠਾਵੇ। ਊਪਰ ਕੜਛੇ ਰੇਤ ਪਵਾਵੇ॥
ਜਿਸ ਪਰ ਪਾਇ ਅਧਕ ਤਨ ਖੇਦਾ। ਗਿਰਤ ਧਰਾ ਗੁਰ ਕਹ ਤਨ ਛੇਦਾ॥

ਹੋਤ ਮੂਰਛਾ ਤਨ ਕੋ ਭਾਰੀ। ਦੇਵਤ ਤਨ ਸੁਧ ਸਗਲ ਵਿਸਾਰੀ॥

ਫਿਰ ਵਹੁ ਦੁਸ਼ਟ ਨਿਕਟ ਚਲ ਆਵੇ। ਸੀਤਲ ਨੀਰ ਪ੍ਰਭੁ ਮੁਖ ਪਾਵੇ॥

ਜਿਸ ਪਰ ਸਤਿਗੁਰ ਨੈਨ ਉਘਾਰੇ। ਫਿਰ ਚੰਦੂ ਮੁਖ ਏਹੁ ਉਚਾਰੇ॥

ਛੋਡ ਦੇਹੁ ਹਠ ਅਪਨਾ ਅਬ ਹੀ। ਲੇਹੁ ਬਚਾਇ ਪਲਕ ਮਹਿ ਤਬ ਹੀ॥

ਸੁਨਤ ਗੁਰੂ ਫਿਰ ਵਹੀ ਉਚਾਰਾ। ਬਚਨ ਭੰਗ ਨਹਿ ਹੋਤ ਹਮਾਰਾ।੭੧॥

ਦੋਹਰਾ

ਇਸੀ ਤਰ੍ਹਾਂ ਤਰਸਾਇ ਕੇ ਦਿੰਦਾ ਦੁੱਖ ਹਜ਼ਾਰ॥

ਜਿਸ ਨੂੰ ਭਾਣਾਂ ਸਮਝਕੇ ਲੈਂਦੇ ਗੁਰੂ ਸਹਾਰ।੭੨॥

ਚੌਪਈ

ਜਿਉ ਜਿਉ ਦੁੱਖ ਦੁਸ਼ਟ ਦੇਵੇ। ਅਪਨਾ ਬਦਲਾ ਗੁਰ ਤੇ ਲੇਵੇ॥

ਤਿਉਂ ਤਿਉਂ ਧਰਮ ਭਾਵ ਗੁਰ ਕੇਹਾ। ਸਹਿ ਕਰ ਖੇਦ ਸੁ ਹੋਤ ਘਨੇਰਾ॥

ਜੈਸੇ ਸੂਰਨ ਅਗਨ ਜਿਉਂ ਤਾਏ। ਤਿਉਂ ਅਤਿ ਸੁੱਧ ਹੋਤ ਵਹੁ ਜਾਏ॥

ਪੁਨ ਤਲਵਾਰ ਫੁਲਾਈ ਜੈਸੇ। ਚੜ੍ਹੇ ਸਾਨ ਦਮਕ ਤਹੈਂ ਕੈਸੇ॥

ਜਬ ਦੇਖਦੇ ਅਧਕ ਵਹੁ ਹਾਰਾ। ਗੁਰ ਕੋ ਹਠ ਤਿਨ ਅਧਕ ਨਿਹਾਰਾ॥

ਤਬ ਤਿਨ ਦੁਸ਼ਟ ਮਤਾ ਇੱਕ ਕੀਯੋ। ਚਹਤ ਅਧਕ ਦੁਖ ਗੁਰ ਕੋ ਦੀਯੋ॥

ਤਾਂ ਤੇ ਚਰਮ ਪਸੂ ਮਹਿ ਪਾਕੇ। ਚਾਹਿਤ ਪ੍ਰਾਨ ਹਤਨ ਅਤਿ ਤਾਕੇ॥

ਤਬੀ ਸਕਲ ਗੁਰ ਜੂ ਯਹਿ ਚਾਲਾ। ਦੁਸ਼ਟ ਔਰ ਜੋ ਵੰਗ ਨਕਾਲਾ॥

ਜੈਸੇ ਅਕਾਲ ਪਹਿ ਬ੍ਰਿਤੀ ਕੀਨੀ। ਅਪਨੀ ਆਸ ਸਕਲ ਤਜ ਦੀਨੀ॥

ਤਬੀ ਪ੍ਰਭ ਜੋਤ ਮਰੋ ਭਾਨਾ। ਸੋ ਸਭ ਹੀ ਸਿਰ ਪਰ ਮੈਂ ਮਾਨਾ॥

ਐਸੇ ਕਾਮ ਆਪ ਨੌ ਜੇਤਾ। ਪੂਰਨ ਕਰਾ ਧਰਤ ਪਰ ਤੇਤਾ॥

ਤੁਮਰੋ ਅਟੱਲ ਰਾਜ ਧਰ ਹੁਇ ਹੈ। ਰੋਕ ਸਕਤ ਜਾਂ ਕੋ ਨਹਿ ਕੁਇਹੈ॥

ਅਬ ਮੈਂ ਯਹੀ ਸਿੱਖਯਾ ਤਨ ਦੈਹੋਂ। ਰੂਪ ਸਨਾਤਨ ਅਪਨੋ ਲੈਹੋਂ॥

ਅੰਤਰ ਧਿਯਾਨ ਹੋਇ ਜਗ ਰਾਈ। ਅਕਾਲ-ਪੁਰਖ ਕੀ ਕਰੀ ਵਡਾਈ॥
ਜਾਂ ਪਾਛੇ ਚੰਦੂ ਕੋ ਭਾਖਾ। ਮਾਨਹੁ ਏਕ ਹਮਾਰੋ ਆਖਾ॥
ਪ੍ਰਥਮ ਇਸ਼ਨਾਨ ਕਰੋ ਮੈਂ ਜਾਈ। ਪਾਛੇ ਕਰੋ ਜੋਇ ਮਨ ਆਈ॥
ਤਥ ਅਕਾਲ ਚੰਦੂ ਮਨ ਪ੍ਰੇਰਾ। ਜਾਂ ਤੇ ਗੁਰੂ ਕੋ ਫਿਰ ਤਿਨ ਟੇਰਾ॥
ਜਿਸ ਪਰ ਸੰਗਲ ਪਰੇ ਸੁਆਸੀ। ਧਰਮ ਕੇਤ ਸਭ ਅੰਤਰਯਾਮੀ॥
ਐਰਾਵਤ ਕੋ ਗਏ ਕਨਾਰੇ। ਨੀਚੇ ਕਿਲੇ ਬਹੁਤ ਜਲ ਧਾਰੇ॥
ਧਨਸ ਉਤਾਰ ਤੀਰ ਪਰ ਰਾਖੇ। ਤਬੀ ਜੰਜੀਰ ਸਪਾਹੀ ਨਾਖੇ॥
ਗਏ ਪ੍ਰਵਾਰ ਮਹਿ ਜਬ ਦੇਵਾ। ਕੋਇ ਨਲਖੇ ਜਾਹਿ ਕੋ ਭੇਵਾ॥
ਕਰ ਸ਼ਨਾਨ ਜਪੁਜੀ ਕੋ ਪਾਗੇ। ਨਿਜ ਪੁਰ ਕੋ ਅਬ ਜਾਵਨ ਲਾਗੇ॥
ਜਬ ਜਲ ਭੀਤਰ ਲਾਇਯੋ ਗੋਤਾ। ਜਾਇ ਮਿਲੇ ਤਥਓ ਤਹਾਂ ਪੋਤਾ॥
ਮਿਲੀ ਜੋਤ ਮਹਿ ਜੋਤੀ ਐਸੇ। ਜਲ ਮਹਿ ਜਲ ਮਿਲ ਜਾਵਤ ਜੈਸੇ॥
ਰਹੇ ਦੇਖ ਪਾਮ ਰਤਨ ਤਾਈਂ। ਸਭ ਹੀ ਅਪਨੀ ਡੀਠ ਲਗਾਈ॥
ਕਹੂੰ ਦ੍ਰਿਸ਼ਟ ਨਹਿ ਸਤਿਗੁਰ ਆਏ। ਹਾਥ ਮਲਤ ਸਭ ਹੀ ਪਲਟਾਏ॥
ਕੂਛਕ ਕਲਾ ਪੀਛੇ ਯਹ ਭਇਯੋ। ਦਰਸ਼ਨ ਕਰਨਾ ਨਿਧ ਜੁ ਦਇਯੋ॥
ਪਰਚਮ ਓਰ ਕਿਲੇ ਕੇ ਜਾਈ। ਤਨ ਸਤਿਗੁਰ ਕੇ ਦਈ ਦਿਖਾਈ॥
ਬਹੁਤ ਪੁਰਖ ਨੇ ਜਬ ਦਿਸ਼ਟਾਯੋ। ਬਹੁਰ ਨੀਰ ਮਹਿ ਜਾਇ ਸਮਾਯੋ॥
ਤਿਸੀ ਜਗਾ ਪਰ ਅਬ ਗੁਰਦੁਆਰਾ। ਸੋਭਰ ਰਾਜਾ ਨਤ ਜਗ ਸਾਰਾ॥
ਡਿਹਰਾ ਸਾਹਿਬ ਨਾਮ ਸਦਾਵਾ। ਸੰਗਤ ਸਦਾ ਦਰਸ਼ ਜਿਹ ਪਾਵਾ॥
ਜਾਲਤ ਜੋਤ ਜਗਤ ਮਹਿ ਐਸੇ। ਕੋਟ ਭਾਨ ਪ੍ਰਗਟ ਜਗ ਜੈਸੇ॥
ਸੋ ਚੰਦੂ ਮੰਦੂ ਗਤ ਜੋਈ। ਭਈ ਜਗਤ ਜਾਨਤ ਸਭ ਕੋਈ॥
ਚੰਦੂ ਸੁਆਹ ਨਾਮ ਜਗ ਗਇਯੋ। ਬੁਰੀ ਮੌਤ ਸੋ ਜੋ ਮਰਵਾਇਯੋ॥
ਅਹੋ ਗੁਰੂ ਤਨ ਖੇਦ ਸਹਾਰੇ। ਬਚਨ ਕਹੇ ਮੁਖ ਸੇ ਨਹਿ ਟਾਰੇ॥
ਕਹਾਂ ਪਸ਼ੂ ਜਾਨਤ ਇਹ ਗਾਥਾ। ਬਚਨ ਪਾਲਨੋਂ ਪ੍ਰਾਨ ਨ ਸਾਥਾ॥੭੩॥

ਸ੍ਰੀ ਗੁਰੂ ਹਰਿ ਗੋਬਿੰਦ ਜੀ

ਦੋਹਰਾ

ਹਰਿ ਗੋਬਿੰਦ ਗੋਬਿੰਦ ਗੁਰ ਪੀਰੀ ਮੀਰੀ ਧਾਰ॥
ਪ੍ਰਤੱਗਯਾ ਪਾਲਨ ਕਰੀ ਬਚਨ ਨ ਦੀਨੇ ਟਾਰ॥੭੪॥

ਚੌਪਈ

ਗੁਰ ਅਰਜਨ ਨਿਜ ਬਚ ਪਾਲੇ। ਨਿਜ ਪੁਰ ਗਏ ਜਗ੍ਹ ਦੁਖ ਡਾਲੇ॥
ਤਿਨਕੇ ਪੂਤ ਸਪੂਤ ਬਹਾਦਰ। ਲੋਕ ਪ੍ਰਲੋਕ ਵਿਖੇ ਜਿਸ ਆਦਰ॥
..... ਦਾਸ ਬੋਲੋ ਸੰਸਾਰਾ। ਜਿਨ ਪਰਜਨ ਸੁਖ ਹਿਤ ਤਨ ਧਾਰਾ॥
ਖੋਸੇ ਤਖਤ ਜਬੀ ਗੁਰ ਪੂਰੇ। ਸੱਚੇ ਪਾਤਸ਼ਾਹ ਵਡ ਸੂਰੇ॥
ਸਬ ਸੰਗਤ ਮਿਲ ਮੰਗਲ ਕੀਨਾ। ਤਿਲਕ ਭਾਲ ਬਿਧਨ ਨੇ ਦੀਨਾ॥
.... ਸੇਲੀ ਟੋਪੀ ਜਬ ਲਿਆਏ। ਚਾਹਤ ਥੇ ਗੁਰ ਕੋ ਪਹਰਾਏਂ॥
..... ਗੁਰ ਕਹੀ ਕਹੋ ਯਹ ਕਯਾ ਹੈ। ਲਯਾਏ ਮੋਹਿ ਹੇਤ ਸੁਖ ਦਾਹੈ॥
.... ਕਹੀ ਜਗਤ ਕੇ ਰਾਈ। ਯਹ ਸੇਲੀ ਟੋਪੀ ਸੁਖਦਾਈ॥
...... ਗੁਰੂ ਪਹਨਤ ਯਹ ਆਏ। ਜਬ ਗਾਦੀ ਪਰ ਪਾਂਵ ਟਕਾਏ॥
ਸੋਈ ਰੀਤ ਕਰਨ ਹੈ ਨੀਕੀ। ਆਗੇ ਜੋ ਇੱਛਾ ਪ੍ਰਭ ਜੀ ਕੀ ॥
ਜਿਸ ਪਰ ਹੱਸ ਕਰ ਯਹ ਗੁਰ ਭਾਖੋ। ਉਸ ਖੂੰਦੀ ਇਨ ਕੋ ਰਾਖੋ॥
ਅਬ ਇਨ ਕੀ ਵਾਰੀ ਹੋ ਗਈ। ਜਿਨ ਕੀ ਜਗਾ ਔਰ ਹਮ ਲਈ॥
ਟੋਪੀ ਢਾਲ ਧਰੀ ਹਮ ਸੀਸਾ। ਸੇਲੀ ਦਈ ਗਾਤ੍ਰ ਈਸਾ॥
ਜਾ ਮਹਿ ਪਹਰੋਂ ਖੰਡੇ ਭਾਰੀ। ਪੀਰੀ ਮੀਰੀ ਲੇਹੁੰ ਸੁਧਾਰੀ॥੭੫॥

ਦੋਹਰਾ

ਸ਼ਾਂਤੀ ਰਸ ਗੁਰ ਵਰਤ ਕੇ, ਗਏ ਜਗਤ ਕੋ ਤਾਰ॥
ਅਬ ਰਸ ਬੀਰ ਦਿਖਾਇ ਤੋਂ, ਧਰ ਕੇ ਜੁਗ ਤਰਵਾਰ॥੭੬॥

ਚੌਪਈ

ਤਿਸੀ ਸਮਯ ਦਸਤਾਰ ਸਜਾਈ। ਸੇਲੀ ਟੋਪੀ ਦੂਰ ਧਰਾਈ॥

ਹਾਥ ਬਾਜ ਸਿਰਤਾਜ ਸੁਹਾਇਯੋ। ਦੋ ਖੰਡੇ ਭਲਭਾਂਤ ਸਜਾਇਯੋ॥

ਧਰਾ ਤਿਲਕ ਬਿਰਧਨ ਤਬ ਆਕੇ। ਸ੍ਰੀ ਸਤਿਗੁਰ ਕੋ ਤਖਤ ਬਠਾਕੇ॥

ਤਬ ਗੁਰ ਐਸੀ ਰਚਨਾ ਕੀਨੀ। ਸਭ ਸਿੱਖਨ ਕੋ ਸੀ ਖੁਸ਼ੀ ਦੀਨੀ॥

ਕਹੀ ਧਰੋ ਅਬ ਆ ਯੁੱਧ ਸਾਰੇ। ਸੂਰਬੀਰ ਹੋਵੋ ਬਲ ਧਾਰੇ॥

ਜੇ ਤੁਮਕੋ ਕੋ ਦੁਸ਼ਟ ਦੁਖਾਵੇ। ਬਿਨ ਅਪਰਾਧ ਤੋਹਿ ਡਰ ਪਾਵੇ॥

ਤਬ ਤੁਮ ਕਰੋ ਜੰਗ ਤਿਸ ਸੰਗਾ। ਕਾਤਰ ਤਾਂ ਕੋ ਪਰਨ ਨ ਚੰਗਾ॥

ਜਿਸ ਪਰ ਸਿੱਖ ਹਜ਼ਾਰਾ ਸੂਰੇ। ਭਏ ਤਿਆਰ ਸੁ ਭਰੇ ਗੁਰ ਤੇ॥

ਪਾਂਚ ਪਾਂਚ ਹਥਿਆਰ ਸਜਾਏ। ਜਿਰਹਾ ਬਖਤਰ ਖੂਬ ਸੁਚਾਰੇ॥

ਲੱਗੇ ਚਲਾਵਨ ਤੀਰ ਤੁਫੰਗੇ। ਭਰ ਭਰ ਕੇ ਤਬ ਹੀ ਰਮਜਾਰੇ॥

ਬਨੀ ਫੌਜ ਇੱਕ ਸੁੰਦਰ ਭਾਰੀ। ਦੇਖਤ ਡਰੀ ਚੁਰਾਸੀ ਸਾਰੀ॥

ਅਰ ਗੁਰ ਚੜ੍ਹਤ ਤੁਰੰਗ ਕੁਦਾਏ। ਹਾਥ ਬਾਜ ਤਨ ਸ਼ਸਤਰ ਲਾਏ॥

ਮੇਰਾ ਸਿੱਖ ਬਹੁ ਲਏ ਬਹਾਦਰ। ਜਾਤ ਸ਼ਕਾਰ ਸਾਥ ਲੈ ਸਾਦਰ॥

ਮਾਰਤ ਸ਼ੇਰ ਰੋਜ ਅਰ ਗੀਛਾ। ਬਾਘ ਬਘੇਰੇ ਕਰਕੇ ਪੀਛਾ॥

ਐਸੀ ਗਤ ਨਿਸ ਦਿਨ ਕਰਵਾਵੇਂ। ਯੁੱਧ ਕਰਨ ਕੋ ਢੰਗ ਸਿਖਾਵੇਂ।੭੭॥

ਦੋਹਰਾ

ਦੇਖ ਜੁਆਨ ਸੁਜਾਨ ਕੋ ਰਾਖਤ ਅਪਨੇ ਪਾਸ॥

ਵੱਡ ਦਰਬ ਬਹੁਤ ਤਾਹਿੰ ਕੋ ਕਰਕੇ ਸਦਾ ਬਿਲਾਸ।੭੮॥

ਚੌਪਈ

ਏਕ ਪਠਾਨ ਗੁਰੂ ਢਿੱਗ ਆਇਯੋ। ਚਰਨ ਕੰਵਲ ਪ੍ਰਸੀ ਸਟਕਾਇਯੋ॥

ਵਡੇ ਜੁਆਨ ਔਰ ਬਲਕਾਰੀ। ਛੋਟੀ ਉਮਰ ਧਨਖ ਸਰ ਧਾਰੀ॥

ਬਾਦਸ਼ਾਹਿ ਕੋ ਥੋਂ ਬਹੁ ਚਾਕਰ। ਨਿਕਲ ਗਯੋ ਕਿਚ ਕਾਰਨ ਪਾਕਰ॥

ਦਸੇ ਪਰ ਸੋਹੋ ਬੇਰੁਜ਼ਗਾਰਾ। ਸ੍ਰੀ ਸਤਿਗੁਰ ਕੋ ਚਹਿ ਤੁਮਹਾਰਾ॥

ਇਸ ਕੋ ਦੇਖ ਗੁਰੂ ਹਰ ਖਾਏ। ਪੂਛੀ ਬਿਰਥਾ ਪਾਸ ਬਠਾਏ॥

ਪੈਂਡੇ ਖਾਂ ਜਿਨ ਨਾਮ ਬਤਾਇਆ। ਦੀਨ ਹੋਇ ਸਭ ਹਾਲ ਸੁਨਾਇਆ॥

ਦੀਨ ਬੰਧੂ ਸੁਨ ਰੀਝਤ ਭਏ। ਸੁਨ ਕਰ ਗਾਥ ਦਿਆਲ ਹੋ ਗਏ॥

... ਕਰ ਅਪਨਾ ਸੋਈ। ਤਿਸ ਕੀ ਸਗਲੀ ਚਿੰਤਾ ਖੋਈ॥

.... ਦਿਨ ਜਬ ਵਹੁ ਭਗਤ ਕਮਾਵੇ। ਪੇਖ ਗੁਰੂ ਤਿਸ ਸੁਦਤ ਰਹਾਵੇ॥

...ਸਕਾਰ ਤਾਹਿੰ ਲੇ ਸਾਥਾ। ਕਹਤ ਯੁੱਧ ਕੀ ਔਰੇ ਗਾਥਾ॥

.... ਤਿਸ ਕੇ ਸੰਗ ਚਲਾਵਤ। ਸਗਰੀ ਵਿੱਦਿਯਾ ਖੂਬ ਸਖਾਵਤ॥

ਬਲਵਾਨ ਸਮ ਕੁਸ਼ਤੀ ਕਰਤੇ। ਬੀਚ ਅਖਾਰੇ ਤਾਂ ਮੋ ਲਰਤੇ॥

(ਦੋ ਛੋਟੇ ਪੰਨੇ ੫੬-੫੭ ਮਿਸ ਹਨ)

ਸੋ ਅਬ ਹੋਨੀ ਆਕਰ ਪਿਯਾਰੇ। ਪੈਂਡੇ ਖਾਂ ਕੋ ਕਰਤ ਖੁਆਰੇ॥

ਏਕ ਦਿਵਸ ਤਿਸ ਕੇਹ ਜੁਆਈ। ਆਇਯੋ ਤਾਂ ਕੇ ਘਰ ਦੁਖਦਾਈ॥

ਦੇਖ ਵਸਤ ਤਿਸ ਕੇ ਘਰ ਐਸੀ। ਦੂਸਰ ਕੇ ਨਹਿ ਹੋਵਤ ਜੈਸੀ॥

ਕਹੀ ਸਾਸ ਕੋ ਐਸ ਪੁਕਾਰੀ। ਯਹ ਘਰ ਮਹਿੰ ਜੋ ਵਸਤ ਤੁਮਾਰੀ॥

ਦੇਹੁ ਮੋਹਿ ਕੇ ਹੋਇ ਦਿਆਲਾ। ਜੈਸੇ ਹੋਤ ਵਡਨ ਕਾ ਚਾਲਾ॥

ਤਬ ਪੈਂਡੇ ਖਾਂ ਕੀ ਜੋ ਨਾਰੀ। ਨਿਜ ਪਤ ਸੋ ਤਬ ਐਸ ਪੁਕਾਰੀ॥

ਜੋ ਤੁਮਰੋ ਪਰਿ ਹੈ ਯਹ ਵਸਤੂ। ਦੇਹੁ ਜੁਆਈ ਕੋ ਸਭ ਤਸਤੂ॥੮੫॥

ਦੋਹਰਾ

ਸੁਨ ਨਾਰੀ ਕੀ ਬਾਤ ਕੋ ਪੈਂਡੇ ਖਾਂ ਦੁੱਖ ਪਾਇ॥

ਗੁਰ ਕੀ ਆਗਿਆ ਖੋਲ੍ਹ ਕੇ ਦਿੱਤੀ ਤਾਹਿੰ ਸੁਨਾਇ॥੮੬॥

(... ਸ਼ਬਦ ਪੜ੍ਹੇ ਨਹੀਂ ਜਾਂਦੇ)

ਚੌਪਈ

ਸੁਨ ਪਿਯਾਰੀ ਮੈਂ ਤੋਹ ਸੁਨਾਵਾ। ਗੁਰ ਆਗਿਆ ਕਿਸ ਭਾਂਤ ਮਿਟਾਵਾਂ।।
ਕਹੀ ਗੁਰ ਮੁਝ ਕੋ ਯਹ ਬਾਨੀ। ਸੁਨਹੁੰ ਖਾਨ ਤੁਮ ਦੇਕਰ ਕਾਨੀ।।
ਏਹ ਵਸਤ ਜਬ ਤਨ ਪਹਿਰਾਵੇ। ਤਬ ਹੀ ਸਮ ਦਰਸ਼ਨ ਕੋ ਆਵੇ।।
ਇਨ ਕੋ ਤਯਾਗਨ ਸੋ ਢਿੱਗ ਅਇਯੋ। ਅਰ ਏਹੁ ਦੂਸਰ ਕੋਨ ਨਹਿ ਦਯੋ।।
ਸੋ ਮੈਂ ਕੈਸੇ ਤਾਂ ਕੋ ਦੇਊਂ। ਔਰ ਕਰੋਪੀ ਗੁਰ ਕੀ ਲੇਊ।।
ਜਿਸ ਕੋ ਸੁਨ ਨਾਰੀ ਹਠ ਕੀਨਾ। ਯਹ ਉੱਤਰ ਤਿਸ ਕੋ ਤਿਨ ਦੀਨਾ।।
ਕਯਾ ਜੁਆਈ ਕੋ ਕਰੇਂ ਨਰਾਦਰ। ਗੁਰਬਾਨੀ ਕਾ ਕਰ ਹੈਂ ਅਸਵਰ।।
ਜੇ ਤੂੰ ਨਹੀਂ ਤਾਹਿੰ ਕੋ ਦੈਹੈਂ। ਤੋ ਬੇਟੀ ਘਰ ਮਾਹਿੰ ਬਠੈਂ।।
ਹੋਇ ਸਦਾ ਘਰ ਬੈਠੇ ਰੰਡੀ। ਖਾਨਦਾਨ ਕੀ ਹੁਇ ਹੈ ਭੰਡੀ।।
ਤਾਂ ਤੇ ਵਸਤ ਦੇਨ ਹੀ ਬਨ ਹੈ। ਜਿਸ ਮਹਿੰ ਇਸ ਬਾਲਕ ਕਾ ਮਨ ਹੈ।।੯੭।।

ਦੋਹਰਾ

ਪੈਂਡੇ ਖਾਂ ਕੋ ਨਾਰ ਨੇ ਦੀਨਾ ਖ਼ੂਬ ਸਖਾਇ।।
ਟਾਲ ਵਾਲ ਕਰ ਗੁਰੂ ਤੇ ਪੈਂਡਾ ਲਈ ਛੁਡਾਇ।।੯੮।।

ਚੌਪਈ

ਬਾਲ ਨਾਰ ਰਾਜਾ ਹਠ ਤੋਈ। ਸਭ ਜਗ ਜਾਨਤ ਕੈਸਾ ਹੋਈ।।
ਨਹਿੰ ਛੋਡਤ ਪ੍ਰਾਨਨ ਕੇ ਦੀਏ। ਮਰਿਹਂ ਕੋਟ ਅਪਯਸ਼ ਕੋ ਲੀਏ।।
ਵਹੀ ਦੇਹੁ ਜੋ ਤੁਮ ਮਨ ਭਾਵੇਂ। ਹਮ ਗੁਰ ਕੋ ਕਹੁ ਕਹਾਂ ਧਰਾਵੈਂ।।
ਏਸ ਪਰ ਸਕਲ ਵਸਤ ਗੁਰ ਕੇਰੀ। ਦਈ ਜੁਆਈ ਕੋ ਬਿਨ ਦੇਰੀ।।
ਸਕਲ ਵਸਤ ਵਹੁ ਭਯੋ ਅਨੰਦਾ। ਪੈਂਡੇ ਖਾਂ ਕੋ ਕੀਨਾ ਗੰਦਾ।।
... ਤਕ ਦਿਵਸ ਵਹੁ ਸ਼ਰਮਹਿ ਮਾਰਾ। ਨਹੀਂ ਗੁਰੂ ਕੇ ਪਾਸ ਪਧਾਰਾ।।
ਓੜਕ ਮਨ ਕੋ ਧੀਨਾ ਦੇਕੇ। ਗਯੋ ਗੁਰੂ ਢਿਗ ਕੁਛ ਨਾ ਲੇਕੇ।।

ਜਿਸ ਪਰ ਕਹੀ ਗੁਰੂ ਸੁਨ ਭਾਈ। ਕਹੋ ਵਸਤ ਵਹੁ ਕਹਾਂ ਗੁਵਾਈ॥

ਇਕ ਦਿਨ ਕਹੀਂ ਰਹੀ ਘਰ ਮੇਰੇ। ਲਯਾਓ ਨਹੀਂ ਹੋਤ ਥੀ ਦੇਰੇ॥

ਜਾਂ ਤੇ ਤਿਨ ਝੂਠ ਕਹਾ ਗੁਰ ਆਗੇ। ਬੋਲੇ ਤਬ ਸਤਿਗੁਰ ਵਡਭਾਗੇ॥

ਸੁਨ ਪੈਂਡੇ ਖਾਂ ਬਾਤ ਹਮਰੀ। ਝੂਠ ਨ ਕਹੀਯੋ ਮੋਹ ਅਗਾਰੀ॥

.... ਬੈਠ ਕਹੋ ਦੇਰੀ। ਜਾਂ ਤੇ ਚਿੰਤਾ ਮਿਟ ਹੈਂ ਤੇਰੀ॥

.... ਦਰਬਾਰ ਸਾਚ ਕੋ ਪਿਯਾਰੇ। ਝੂਠ ਪਾਜ ਸਭ ਦੇਤ ਉਘਾਰੇ॥

.... ਘਰ ਤਿਨ ਯਹ ਕਹਾ ਪੁਕਾਰੀ। ਮੈਂ ਕੁਛ ਝੂਠ ਨਾ ਬਾਤ ਉਚਾਰੀ॥

..... ਪਰ ਵਸਤੂ ਸਭ ਰਾਖੀ। ਮਿੱਥਯਾ ਨਾ ਗੁਰ ਢਿਗ ਮੈਂ ਆਖੀ॥

ਜਿਸ ਪਰ ਫੇਰ ਗੁਰੂ ਇਸ ਗਾਈ। ਝੂਠ ਨ ਬੋਲ ਗੁਰੂ ਢਿਗ ਭਾਈ॥

ਫਿਰ ਤਿਨ ਝੂਠ ਬੋਲ ਕਰ ਭਾਖੀ। ਮੈਂ ਸਭ ਵਸਤ ਸਾਂਭ ਘਰ ਰਾਖੀ॥੮੯॥

ਦੋਹਰਾ

ਜਬ ਪੈਂਡੇ ਖਾਂ ਬੋਲਿਯੋ ਗੁਰ ਕੇ ਆਗੇ ਝੂਠ॥

ਤਬ ਸਤਿਗੁਰ ਨੇ ਕਪਟ ਕੀ ਖੋਲ੍ਹ ਦਖਾਈ ਮੂਠ॥੯੦॥

ਚੌਪਈ

ਕਹੀ ਗਰਜ ਕਰ ਸੁਨ ਮਤ ਹੀਨੇ। ਝੂਠ ਗੁਰੂ ਢਿੱਗ ਬਕੇਂ ਕਾਮੀਨੇ॥

ਨਿਜ ਪ੍ਰਤੱਗਯਾ ਕਰਕੇ ਭੰਗ। ਕਪਟ ਕਰੇਂ ਸਤਿਗੁਰ ਕੇ ਸੰਗ॥

ਸਰਬ ਵਸਤ ਤੈਂ ਦਈ ਜੁਆਈ। ਸੋ ਹਮ ਤੇ ਕਿਸ ਕੋ ਜੂ ਛਾਪਾਈ॥

ਜੇਕਰ ਸਾਚ ਕਹਤ ਮੁਹਿ ਆਗੇ। ਤੋ ਕਿਆ ਦੋਸ ਤਹਿ ਕੋ ਲਾਗੇ॥

ਸਾਚ ਕਹਨ ਪਰ ਹਮ ਥੇ ਰਾਜੀ। ਸੋ ਤੈਂ ਮੁਖੋਂ ਨ ਭਾਖਾ ਪਾਜੀ॥

ਤਾਂ ਤੇ ਹਮਰੀ ਜੋ ਹੈ ਬਾਨੀ। ਸੋ ਸਿੱਖਿਯਾ ਨਹਿ ਰੰਚ ਪਛਾਨੀ॥

ਚਲਾ ਜਾਹ ਅਬ ਹੀ ਬਿਨ ਦੇਰੀ। ਨਾਤਰ ਦੁਰਗਤ ਹੁਇ ਹੈਂ ਤੇਰੀ॥

ਦਿਯੋ ਨਕਾਲ ਖਾਨ ਤਤਕਾਲਾ। ਕਹਾ ਬਚਨ ਗੁਰ ਰੰਚ ਨ ਕਾਈ॥

ਜਿਸ ਪਰ ਪੈਂਡੇ ਖਾਂ ਪਰ ਰੋਸ਼ਾ। ਗਾਇਯੋ ਲਹੌਰ ਧਰੇ ਮਨ ਹੋਸ਼ਾ॥
ਬਾਦਸ਼ਾਹਿ ਕੇ ਸੂਬੇ ਆਗੇ। ਕਰੇ ਬਹੁਤ ਬਚਨ ਦੁਸ਼ਟ ਭਾਗੇ॥
ਜਿਸ ਪਰ ਸੂਬਾ ਕੋ ਪਕਰਾਇਆ। ਲੈ ਕਰ ਸੈਨ ਗੁਰੂ ਪਰ ਧਾਇਆ॥
ਪੈਂਡੇ ਖਾਂ ਤਿਸ ਸੰਗ ਪਯਾਨਾ। ਅਇਯੋ ਕਰਕੇ ਕੋਪ ਮਹਾਨਾ।੯੧॥

ਦੋਹਰਾ

ਬਾਦਸ਼ਾਹ ਦੀ ਫੌਜ ਨੇ ਕਰਕੇ ਧਾਵਾ ਚਾਇ॥
ਘੇਰ ਲਿਆ ਕਰਤਾਰ ਪੁਰ ਦੀਨਾ ਜੰਗ ਮਚਾਇ।੯੨॥

ਚੌਪਈ

ਜਬ ਰਣ ਖੰਭ ਉਡਾਰਨ ਮਾਹੀਂ। ਬਜਤ ਨਗਾਰੇ ਬਹੁ ਵਿਭਚਾਰੀ॥
ਚਲੀ ਤੋਪ ਅਰ ਵਡੀ ਜੰਜਾਇਲ। ਕਰਨ ਲਗੇ ਗੋਲੇ ਤਨ ਘਾਇਲ॥
ਕੁਛ ਕਰਾਤ ਬਾਕੀ ਸੀ ਰਹੀ। ਜਿਸ ਪਰ ਸਿੱਖਨ ਆ ਕਰ ਕਹੀ॥
ਸਤਿਗੁਰ ਜੀ ਕਰੋ ਤਿਆਰੀ। ਆਇਯੋ ਦਲ ਤੁਰਕਨ ਕੋ ਭਾਰੀ॥
.... ਭਯੋ ਖਾਂ ਪੈਂਡਾ। ਲਿਆਇਯੋ ਫੌਜ ਵੱਡੀ ਹੋ ਐਂਡਾ॥
..... ਪੂਰਾ ਜੰਗ ਅਬ ਭਾਰੀ। ਤਾਂ ਤੇ ਆ ਗਿਆ ਮਾਂਗਤ ਧਾਰੀ॥
.... ਕਹਾਂ ਅਬ ਕਰੇ ਉਪਾਈ। ਜਾਂ ਤੇ ਬੈਠੇ ਜਾਨ ਬਚਾਈ॥
.... ਸਤਿਗੁਰੂ ਕਹੀ ਨ ਡਰੀਯੋ। ਇੱਕ ਅਕਾਲ ਪ੍ਰਿਹ ਭਰ ਕਰੀਯੋ॥
ਧੰਨ ਛੱਤ੍ਰੀ ਕੋ ਯੁੱਧ ਸੁਹਾਵੈ। ਸਨਮੁਖ ਲੜੇ ਜਗਤ ਯਸ਼ ਪਾਵੇ॥
ਤਾਂ ਤੇ ਤੁਮ ਅਬ ਪਿਯਾਰੇ। ਰੱਖਕ ਹੈ ਤੁਮਰਾ ਕਰਤਾਰੇ॥
..... ਤਬ ਹੋ ਸਵਧਾਨਾ। ਲਇਯੋ ਸਾਥ ਸਭ ਹੀ ਸਮ ਯਾਨਾ॥
ਅਬ ਹੋਇ ਖੜੇ ਬਿਨਦੇਰੀ। ਸੈਨਾ ਤੁਰਕਨ ਕਰੀ ਦਲੇਰੀ।੯੩॥

ਦੋਹਰਾ

ਅਲੀ ਅਲੀ ਕਰ ਤੁਰਕ ਦਲ ਪਰਾ ਤਿਨੋਂ ਪਰ ਆਇ॥
ਫੜੀ ਤੇਗ ਅਸ ਬੇਗ ਸੋ ਜਿਉਂ ਬਿਜਲੀ ਚਮਕਾਇ।੯੪॥

ਚੌਪਈ

ਦੋਨੋਂ ਓਰ ਸੂਰ ਵਡ ਜੋਧੇ। ਜੁੱਟੇ ਯੁੱਧ ਮਹਿ ਹੋਇ ਕਰੋਧੇ।।
ਤੀਰ ਤੁਫੰਗਾ ਸਾਂਗ ਤਰਸੂਲੇ। ਲਾਗਤ ਗਨੇ ਮਨੋ ਸਮ ਫੂਲੇ।।
ਮਾਰਤ ਕਿਤੇ ਖਾਂ ਤੇਜ ਕਟਾਰੀ। ਕਿਤਕ ਤੇਗ ਸੋ ਸੀਸ ਉਤਾਰੀ।।
ਉਤ ਵਲ ਅਲੀ ਅਲੀ ਮੁਖ ਗਾਵੈਂ। ਇਤ ਸਤਿਗੁਰ ਕੋ ਨਾਮ ਧਿਆਵੈ।।
ਡਰ ਕਰ ਢਾਲ ਪਰੇ ਰਨ ਮਾਹੀਂ। ਰੁਧਰ ਭਰੇ ਧੂੜਤ ਕੁਛ ਨਾਹੀ।।
ਦੋਨੋਂ ਓਰ ਫਤੇ ਸਨ ਚਾਹੇਂ। ਮਾਰਤ ਤੇਗ ਉਭਾਰਤ ਕਾਹੇ।।
ਰਲੇ ਰੁਧਰ ਕੇ ਧਰਾ ਪੂਹਾਰੇ। ਬੀਰ ਭਰੇ ਬਸਨੋ ਮਹਿ ਮਾਰੇ।।
ਮਾਨ੍ਹਹ ਫਾਗ ਕੀ ਖੇਲਤ ਹੋਲੀ। ਖੋਵਤ ਜਾਨਾਂ ਅਧਕ ਅਮੋਲੀ।।
ਪਰ ਪਾਛੇ ਕੋ ਪਾਵ ਨ ਦੇਵੇਂ। ਸਨਮੁਖ ਅੜੇ ਮਰੇ ਯਸ਼ ਲੇਵੇ।।
ਮਚਾ ਦੁੰਦ ਦੁੰਧਵ ਦੁਹਿ ਪਾਸੇ। ਵਜੇ ਮਨੋ ਭਟ ਕਰਹਿ ਤੁਮਾਚੇ।।
ਇਤਨੇ ਮਹਿ ਪੈਂਡੇ ਖਾਂ ਆਇਯੋ। ਭਰੇ ਰੋਖ ਤਿਨ ਬਾਨਚ ਭਇਯੋ।।
ਜਿਸ ਕੇ ਬਲ ਕੀ ਕੋਨ ਬਤਾਵੇ। ਜਿਤ ਵਲੋਂ ਅਹੈ ਤਿਤ ਗੀੜਾ ਪਾਵੇ।।
ਮਾਨਹੁ ਸਿੰਘ ਮ੍ਰਿਗਨ ਮਹਿ ਡੋਲੇ। ਕਹਾਂ ਗੁਰੂ ਐਸੇ ਮੁਖ ਬੋਲੇ।।
ਜਿਸ ਪਰ ਗਰਬ ਕਰਤ ਵਹੁ ਸੂਰਾ। ਗਏ ਸਿੱਖ ਤਬ ਗੁਰੂ ਪੂਰਾ।।
ਜਾਕਰ ਕਹੀ ਦੀਨ ਕੇ ਦਿਆਲਾ। ਪੈਂਡੇ ਖਾਂ ਕਰ ਰਿਹਾ ਬਿਚਾਰਾ।।
ਜਿਤ ਵਲ ਦੇਖੇ ਤਿਤ ਵਲ ਮਾਰੇ। ਤਾਂ ਕੀ ਚੋਟ ਨਾ ਕੋਇ ਧਾਰੇ।।
ਤਾਂ ਤੇ ਆਪ ਦਯਾ ਪ੍ਰਭ ਕਰੀਏ। ਤਿਸਕੇ ਮਦ ਕੋ ਅਬ ਪਰ ਧਰੀਏ।।
ਨਾ ਤਹਿ ਸਗਲੀ ਫੌਜ ਹਮਾਰੀ। ਦਏ ਮੁਕਾਇ ਪਲਕ ਮਹਿ ਤੁਮਾਰੀ।।੯੫।।

ਦੋਹਰਾ

ਪਾਠ ਸੁਖਮਨੀ ਕਾ ਗੁਰੂ ਕਰਤੇ ਸਾਥ ਪਿਆਰ।।
ਸੁਨ ਸਿੱਖਨ ਕੀ ਬਾਤ ਕੋਂ ਭਏ ਯੁੱਧ ਹਿਤ ਤਿਆਰ।।੯੬।।

ਚੌਪਈ

ਲੈ ਕਰ ਤੀਰ ਕਮਾਨ ਤੁਫੰਗਾ। ਅਰ ਬਾਬੇ ਗੁਰ ਦਿੱਤੇ ਸੰਗਾ॥
ਨਿਕਸ ਮਹੱਲ ਤੇ ਆਏ ਐਸੇ। ਪਰਬਤ ਸੇ ਨਿਕ ਸੇਰ ਕਿ ਜੈਸੇ॥
ਅਰ ਕ੍ਰਿਨ ਤਬ ਯੋਂ ਬਰਸਾਈ। ਸ਼ਤ੍ਰ ਤਿਸ ਸਮ ਦਇਓ ਭਗਾਈ॥
ਅਤਿ ਬਾਨ ਜਨ ਬਾਦਲ ਬਰਸੇ। ਘਾਇਲ ਪਰੇ ਤੁਰਕ ਹਨ ਤਰਸੇ॥
ਜਰਾ ਬਖਤਰ ਖੋਲ੍ਹ ਬਿਡਾਰੇ। ਸ਼ਬਦ ਬੇਧ ਮੁਖ ਲਾਂਘ ਸਿਧਾਰੇ॥
...... ਰਹਾ ਨ ਕੋ ਭਟ ਦੇਖਾ। ਮਰੇ ਕਿਤਕ ਭਾਗਤ ਕੋ ਪੇਖਾ॥
.... ਮਨ ਦੁਖ ਪਾਕੇ। ਬੋਲਯੋ ਪੈਂਡੇ ਪਾਸ ਬੁਲਾਕੇ॥
ਦੁਸ਼ਟ ਤੈਂ ਕਯਾ ਦੁਖ ਪਾਇਯੋ। ਗੁਰ ਕੇ ਸੰਗ ਹਸੇ ਟਕਰਾਇਯੋ॥
...... ਕਹਾ ਨ ਤਾਂ ਮਹਿਂ ਬਲ ਹੈ। ਹਮਰੀ ਸੈਨ ਪਲਕ ਮਹਿਂ ਦਲ ਹੈ॥
..... ਝੂਠ ਗਿਰਾ ਤੁਮ ਗਾਈ। ਅਬ ਤੋ ਹਮਰੀ ਸੈਨ ਭਗਾਈ॥
.... ਅਬ ਮੈਂ ਕਿਆ ਜੀਨਾ। ਭਯਾ ਰੰਗ ਸਭਹੂੰ ਕਾ ਪੀਲਾ॥
ਵਾਹੁ ਮਰੇ ਅਰ ਘਾਇਲ ਕੇਤੇ। ਸ੍ਵਾਸ ਪਰੇ ਗਿਨਤੀ ਕੇ ਲੇਤੇ॥
.... ਨਾਹਿਂ ਦਿਖਾਇਯੋ। ਗੁਰ ਕੇ ਸਨਮੁਖ ਨਹਿ ਤੂੰ ਆਇਯੋ॥
..... ਪੈਂਡੇ ਖਾਂ ਨ ਬਹਾਦਰ। ਸਹ ਨਾ ਸਕਾ ਇਸ ਭਾਂਤ ਨਰਾਦਰ॥
ਅਬ ਕੈਸੀ ਚਿੰਤਾ ਕਰਹੇਂ। ਅਪਨੇ ਮਨ ਮਹਿਂ ਰਚੰ ਨ ਡਰਹੇਂ॥
... ਵਡੋ ਯੁੱਧ ਗੁਰ ਸੰਗੇ। ਫਿਰੋ ਮਾਰ ਲੋਹੂ ਕਰ ਰੰਗੇ॥
ਇਤਨਾ ਕਹ ਕਰ ਤੇਗ ਉਠਾਈ। ਪਰੋ ਜਾਇ ਗੁਰ ਪੈਗ ਰਜਾਈ॥੯੭॥

ਦੋਹਰਾ

ਪੈਂਡੇ ਖਾਂ ਕਰ ਤੇਗ ਲੈ ਆਇਓ ਗੁਰ ਪਰ ਧਾਇ॥
ਜਿਉਂ ਪਤੰਗ ਨਿਜ ਨਾਸ ਹਿਤ ਪਰੇ ਦੀਪ ਪਰ ਆਇ॥੯੮।

ਚੌਪਈ

ਰੋਹ ਭਰੇ ਮੁਖ ਇਹ ਉਚਾਰੀ। ਦੇਖਹੁੰ ਗੁਰੂ ਕਲਾ ਅਬ ਧਾਰੀ॥
ਮੋ ਪੈਂਡੇ ਖਾਂ ਤੁਮਰਾ ਭੇਤੀ। ਜਾਨਤ ਤੁਮਰੀ ਵਿੱਦਿਯਾ ਜੇਤੀ॥
ਤਾਂ ਤੇ ਮੇਰੇ ਸਨਮੁਖ ਹੋਵੋ। ਜੀਵਨ ਆਸ ਰਿਦੇ ਤੇ ਖੋਵੋ॥
ਅਰ ਦਿਹੁਨ ਮਹਿੰ ਹੋਇ ਲਰਾਈ। ਅਪਨੋਂ ਬਲ ਸਭ ਦੇਹੁ ਦਿਖਾਈ॥
ਅਬ ਜਾਨ ਤੇ ਧੋਇ ਸੁ ਲੀਜੈ। ਮੇਰੇ ਸਾਥ ਯੁੱਧ ਅਬ ਕੀਜੈ॥
ਮੈਂ ਪਠਾਨ ਹਾਂ ਖਾਨ ਬਹਾਦਰ। ਬਾਦਸ਼ਾਹ ਜਿਸ ਕਰ ਹੈ ਆਈ॥
ਐਸੇ ਬੋਲਤ ਗੁਰ ਢਿਗ ਆਵੈ। ਸੂਤੋਂ ਕਰੋਧ ਸੁ ਮੌਤ ਜਿਸ ਖਾਵੈ॥
ਜਬ ਬਟੇਰ ਮਰਨੇ ਕੋ ਚਾਹੇ। ਕਾਸ਼ ਓਹ ਓਹ ਭਾਗਿਓ ਜਾਹੇ॥
ਤੈਸੇ ਯਹ ਪੈਂਡਾ ਸਮ ਗੈਂਡਾ। ਸਿੰਘ ਗੁਰ ਪਰ ਹੋਵਤ ਪੈਂਦੇ॥
ਜਿਸ ਕੀ ਸੁਨ ਕਰ ਐਸੀ ਬਾਨੀ। ਮਹਾਂ ਹੰਕਾਰ ਭਰੀ ਦੁਖਦਾਰੀ॥
ਹਮ ਕਰ ਕਹੀ ਖਾਨ ਸੁਨ ਭਾਈ। ਅਬ ਤੂੰ ਆਇਓ ਕਰਨ ਖੁਦਦਾਰੀ॥
ਪਰ ਹਮ ਸੋਚ ਰਿਦੇ ਮਹਿ ਭਾਰੀ। ਦੇਵਤ ਹੈ ਦੁਖ ਅਧਿਕ ਵਿਭਚਾਰੀ॥
ਜਾਂ ਤੇ ਤੂੰ ਇਸ ਗ੍ਰਹ ਕਾ ਪਾਲਕ। ਪਾਸ ਰਿਹਾ ਹਮਰੇ ਸਮ ਖਾਲਕ॥
ਹਮ ਤੇਰੀ ਰੱਖਿਆ ਬਹੁ ਕੀਨੀ। ਅਧਕ ਅਮੋਲ ਵਸਤੂ ਤੋਹਿ ਪਾਨੀ॥
ਭਾਂਤ ਭਾਂਤ ਕਰ ਤੁਹਿ ਪ੍ਰਤਿਪਾਰਾ। ਮਿਲ ਕਰ ਖੇਲੇ ਬਹੁਤ ਅਖਾਰਾ॥
ਤਾਂ ਤੇ ਜੋ ਹਮਰਾਬਨ ਪਾਰਾ। ਤਿਸ ਕੋ ਦਿਲ ਚਾਹਤ ਨਹਿ ਮਾਰਾ॥
ਅਪ੍ਲਾਚਾਰ ਕਰਨ ਅਬ ਆਇਓ। ਅਪਨੋਂ ਹਾਥ ਤੋਹਿ ਦਿਖ ਲਾਇਓ॥
ਪਰ ਹਮ ਕਹਤ ਤੋਹ ਕੋ ਭਾਈ। ਪਹਲੇ ਵਾਰ ਕਰੋ ਤੁਮ ਆਈ॥
ਜਾਂ ਕੇ ਮਨ ਕੀ ਹੌਸ ਤੁਮਾਰੀ। ਬਾਕੀ ਰਹੇ ਨ ਮੋਹ ਅਗਾਰੀ॥
ਜਬ ਇਤਨੀ ਗੁਰ ਬਾਤ ਅਲਾਈ। ਤਬ ਪੈਂਡੇ ਖਾਂ ਤੇਗ ਉਠਾਈ॥
ਹਾਥ ਉਭਾਰ ਗੁਰੂ ਪਰ ਮਾਰੀ। ਮਾਨਹੁ ਬਿਜਲੀ ਪਰੀ ਹਜ਼ਾਰੀ॥

ਜਿਸ ਦੇ ਗੁਰੂ ਢਾਲ ਪਰ ਲੀਨਾ। ਵਾਰ ਨ ਤਨ ਪਰ ਹੋਵਨ ਦੀਨਾ॥
ਐਸੀ ਬਹੁਰ ਲਲਕਾਰ ਸੁ ਐਸੀ। ਹੇ ਪੈਂਡੇ ਯਹ ਤੇਗ ਸੁ ਕੈਸੀ॥
ਜਿਸ ਨੇ ਰੰਚਕ ਕਾਮ ਨ ਕੀਆ। ਮੋ ਕੋ ਮਾਰ ਨਹੀਂ ਯਸ਼ ਲੀਆ॥੯੯॥

ਦੋਹਰਾ

ਜਾਂ ਤੇ ਤਕੜਾ ਹੋਇ ਅਬ ਕਰੀ ਦੂਸਰਾ ਵਾਰ॥
ਜਿਸ ਤੇ ਖਾਲੀ ਨਾ ਫਿਰੇ ਤੇਰੀ ਇਹ ਤਲਵਾਰ॥੧੦੦॥

ਚੌਪਈ

ਪੈਂਡੇ ਖਾਂ ਸੁਨ ਕਥਾ ਇਸ ਨੇ ਭਾਰੀ। ਤੇਗ ਉਭਾਰ ਗੁਰੂ ਪਰ ਮਾਰੀ॥
ਅਬ ਗੁਰ ਚਾਲ ਕਰ ਦੀਨੀ। ਆਵਤ ਰੋਕ ਤਾਹਿੰ ਪਰ ਲੀਨੀ॥
ਪੈਂਡੇ ਅਰੇ ਫਿਰ ਕਰੀ ਪੁਕਾਰ। ਹੇ ਪੈਂਡੇ ਕਰ ਤੀਸਰ ਵਾਰ॥
ਪੈਂਡੇ ਖਾਂ ਤੇਗ ਚਲਾਈ। ਜਿਸ ਨੇ ਕਾਮ ਨ ਕੀਨਾ ਰਾਈ॥
ਅਬ ਗੁਰ ਅੰਤੁ ਕੀ ਵਾਰੀ। ਮਾਹ ਤੇਗ ਅਬ ਠੀਕ ਸੰਭਾਰੀ॥
ਅਬ ਗੁਰ ਮਨ ਕੋਪ ਉਪਾਏ। ਪੈਂਡੇ ਖਾਂ ਮਨ ਮਹਿ ਦੁਖ ਪਾਏ॥
ਜਿਤਨੇਂ ਬਲ ਤਬਲਾ ਕਰ ਸਾਰਾ। ਕਰੀ ਤੇਗ ਗੁਰ ਪਰਹਾਰਾ॥
ਲਗੀ ਢਾਲ ਪਰ ਵਹੁ ਕੁਛ ਟੇਢੀ। ਪੇਟੀ ਜਾਇ ਗੁਰੂ ਕੀ ਬੇਢੀ॥੧੦੧॥

ਦੋਹਰਾ

ਕਟ ਪੇਟੀ ਕੋ ਕਾਟ ਕਰ ਤਨ ਪਰ ਪਹੁੰਚੀ ਜਾਇ॥
ਕੁਛਕ ਗੁਰੂ ਕੇ ਕਰ ਗਈ ਬਖਸ ਤਲ ਪਰ ਘਾਇ॥੧੦੨॥

ਚੌਪਈ

ਜਥੀ ਤੇਗ ਕੁਛ ਚੋਟ ਦਖਾਈ। ਤਬ ਸਤਿਗੁਰ ਰਿਸ ਉਮਡਿਓ ਆਈ॥
ਕਹੀ ਕਹਾਂ ਅਬ ਜਾਵੈ ਪਾਜੀ। ਹਨੀ ਤੇਗ ਮਰਿਓ ਤਹਿ ਗਾਜ਼ੀ॥
ਲਗੀ ਤੁਰੰਗ ਪੇਟ ਮਹਿ ਐਸੀ। ਛੁਰੀ ਕਾਕਰੀ ਊਪਰ ਜੈਸੀ॥

ਪੈਂਡੇ ਖਾਂ ਤਿਸ ਸੰਗ ਗਿਰਾਇਆ। ਹਾਇ ਹਾਇ ਕਰ ਸੁਖ ਅਲਾਇਆ॥

ਉਤਰੀ ਪਾਗ ਰਹਾ ਸਿਰ ਨੰਗਾ। ਉੱਠਾ ਕੋਪ ਕਰ ਹੋਇ ਨ ਸੰਗਾ॥

ਜਾਤ ਗੁਰੂ ਕੌਲ ਪਟਾ ਐਸੇ। ਨਾਗ ਗਰੜ ਕੋ ਪੇਚਤ ਜੈਸੇ।੧੦੩॥

ਦੋਹਰਾ

ਦੋਨੋਂ ਹਾਥਨ ਤੇ ਲਇਯੋ ਜੱਫਾ ਗੁਰ ਕੋ ਪਾਇ॥

ਅਰ ਮਨ ਮਹਿ ਯਹ ਸੋਚਤਾ ਗਿਰੇਂ ਧਰਾ ਪਰ ਆਇ।੧੦੪॥

ਚੌਪਈ

ਤਬ ਸਤਿਗੁਰ ਕਰਨਾ ਰਸ ਭੀਨੇ। ਦੋਨੋਂ ਨੈਨ ਨੀਰ ਭਰ ਲੀਨੇ॥

ਕਹੀ ਅਹੋ ਪੈਂਡੇ ਖਾਂ ਪਿਯਾਰੇ। ਤੇਰਾ ਕਾਲ ਸੁ ਹਾਥ ਹਮਾਰੇ॥

ਯੋਹ ਕਰ ਢਾਲ ਹਾਥ ਜੋ ਥਾਈਂ। ਮਾਰੀ ਪੈਂਡੇ ਕੇ ਮੁਖ ਤਾਈਂ॥

ਤੋੜ ਸ਼ਾਂਤ ਮੁਖ ਕੇ ਸਭ ਦੀਨੇ। ਗਿਰੇ ਗਲੇ ਮਹਿ ਲੋਹੂ ਪੀਨੇ॥

ਜਿਸ ਕੇ ਦੁਖ ਪੈਂਡਾ ਧਰ ਪਰਿਯੋ। ਉਠਾ ਬਹੁਰ ਮਨ ਕੋਪ ਸੁਭਰਿਓ॥

ਜਿਸ ਪਰ ਤੇਗ ਧਰੀ ਗੁਰ ਐਸੀ। ਤਾਰ ਹੋਤ ਸਾਥਨ ਪਰ ਜੈਸੀ॥

ਧੜ ਤੇ ਸੀਸ ਭਾਂਤ ਇਸ ਹਰਿਯੋ। ਜਿਉਂ ਕਲਾਲ ਘਟ ਚਾਕ ਉਤਰਿਯੋ॥

ਗਿਰਾ ਧਰਾ ਪਰ ਦੋ ਹੋ ਟੋਟੇ। ਜਿਉਂ ਉੱਨਮੱਤ ਮਸਤ ਕੋਂ ਲੋਟੇ॥

ਜਿਸ ਪਰ ਸੈਨ ਤੁਰਕ ਜਬ ਦੇਖਾ। ਪੈਂਡਾ ਪੂਰਾ ਕਰ ਗਇਓ ਲੇਖਾ॥

ਦੇਕਰ ਪੀਠ ਚਲੀ ਸਭ ਸੈਨਾ। ਸੂਬੇ ਸੇ ਕਰ ਰੰਚਕ ਭੈਨਾ॥

ਭਾਗ ਗਏ ਸਭ ਪ੍ਰਾਨ ਬਚਾਕੇ। ਸਨ ਮੁਖ ਅੜੇ ਪਕੜ ਕਰ ਘਾਏ॥

ਲਈ ਫਤੇ ਗੁਰ ਬਚ ਕੋ ਪਾਲੇ। ਤੇਗ ਸਾਥ ਦੁਰਜਨ ਸਭ ਗਾਲੇ।੧੦੫॥

ਦੋਹਰਾ

ਜੰਗ ਕਰੇ ਨਿਰਸੰਗ ਹੋ ਗੁਰ ਤੁਰਕਨ ਕੇ ਸੰਗ॥

ਪਰ ਮੁਖ ਤੇ ਬਚ ਜੋ ਕਹੋ ਮੂਲ ਨ ਕੀਨੇ ਭੰਗ।੧੦੬॥

ਚੌਪਈ

ਹਰਿ ਗੋਬਿੰਦ ਗੁਰੂ ਬਲ ਧਾਰੀ। ਮੀਰੀ ਪੀਰੀ ਲੈ ਕਰ ਭਾਰੀ॥
.........ਜਿਨ ਬਹੁ ਧਰ ਮਾਹੀਂ। ਭੰਗ ਕਰੀ ਪ੍ਰਤੱਗਯਾ ਨਾਹੀਂ॥
......ਸੂਦ ਕਯਾ ਜਾਨੇ। ਜੋ ਪਲ ਪਲ ਮਹਿ ਝੂਠਾ ਬਖਾਨੇ॥
......ਮਹਿ ਜਨ ਸੋਈ। ਪੂਰਨ ਬਚਨ ਜਾਹਿੰ ਕੇ ਹੋਈ।੧੦੭॥

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

ਦੋਹਰਾ

ਤੇਗ ਬਹਾਦਰ ਗੁਰੂ ਨੇ ਜੋ ਬਚ ਪਾਲੇ ਮੀਤ॥
ਅਬ ਤਿਨ ਸੇ ਨਹੀਂ ਕਰਤਾ ਜਗ ਮਹਿ ਪ੍ਰੀਤ।੧੦੮॥

ਚੌਪਈ

ਜਬ ਦਿਲੀ ਕੇ ਪਤਿ ਪਾਤਸ਼ਾਹਾ। ਧਰੋ ਜੁਲਮ ਕੋ ਉਲਟੋ ਰਾਹਾ॥
ਕਰਨ ਉਰੰਗਾ ਲਗਾ ਕੁਰੰਗਾ। ਪਰਜਾ ਕੋ ਮਨ ਬਲ ਸੇ ਭੰਗਾ॥
ਅਰ ਹਿੰਦੂ ਜੋ ਲੋਗ ਵਿਚਾਰੇ। ਸਵਾ ਸਵਾ ਮਣ ਸੂਤ ਉਤਾਰੇ॥
ਚੋਟੀ ਕਾਟ ਦੀਨ ਮਹਿ ਲਿਆਏ। ਧਰਮ ਤਿਨੋਂ ਕਾ ਨਾਸ ਕਰਾਏ॥
ਤਬ ਬ੍ਰਹਮਨ ਕਸ਼ਮੀਰੀ ਕੇਤੇ। ਦੁਖੀ ਭਏ ਮਨ ਅੰਦਰ ਤੇਤੇ॥
ਹੋਇ ਨਰਾਸ ਆਸ ਤਜ ਦੀਨੀ। ਗੁਰ ਕੀ ਓਟ ਆਇ ਕਰ ਲੀਨੀ॥
ਅਰ ਗੁਰ ਆਗੇ ਸਭ ਦੁਖ ਗਾਏ। ਬਾਦਸ਼ਾਹਿ ਕੇ ਜ਼ੁਲਮ ਸੁਨਾਏ॥
ਜਿਸ ਪਰ ਗੁਰ ਕਰਨਾ ਰਸ ਭੀਨੇ। ਸੱਤ ਬਚਨ ਤਿਨ ਕੇ ਸਹਿ ਕੀਨੇ॥
ਕਹਾ ਡਰੋ ਨਹਿੰ ਮਨ ਮਹਿ ਰਾਈ। ਮੈਂ ਤੁਮਰੋ ਦੁਖ ਹਰਹੋਂ ਭਾਈ॥
ਤੁਮਰੇ ਬਦਲੇ ਮੈਂ ਸਿਰ ਦੈਹੋਂ। ਜੁਲਮ ਆਗ ਸੇ ਤੁਮੇਂ ਬਚੈਹੋਂ॥

ਇਤਨੀ ਧੀਰਜ ਦੇ ਕਰ ਰਾਈ। ਦਿੱਲੀ ਕੋ ਤਬ ਕਰੀ ਚੜ੍ਹਾਈ॥
ਨਹੀਂ ਭੇਦ ਕਾਹੂੰ ਕੋ ਭਾਖਾ। ਨਿਜ ਅੰਤਰ ਮਹਿ ਸੂਖਮ ਰਾਖਾ॥
ਲਏ ਸਿੱਖ ਕੁਛ ਸੰਗ ਪਿਆਰੇ। ਵਿਦਾ ਭਏ ਸਤਿਗੁਰ ਆਵਤਾਰੇ॥
ਸਨੇ ਸਨੇ ਮਗ ਜਾਵਤ ਦੇਵਾ। ਆਪ ਲਖੇਂ ਅਪਨੋਂ ਜੋ ਭੇਵਾ।।੧੦੯॥

ਦੋਹਰਾ

ਕੁਛ ਦਿਨ ਵਿੱਚ ਜਾ ਆਗਰੇ ਪਹੁੰਚੇ ਦੀਨਾ ਨਾਥ॥
ਬਾਗ ਮਾਹਿੰ ਡੇਰਾ ਕਰਾ ਲੈ ਸੰਗਤ ਕੋ ਸਾਥ॥੧੧੦॥

ਚੌਪਈ

ਤਬ ਲੰਗਰ ਕੀ ਕਰੀ ਤਿਆਰੀ। ਅਰ ਮਹਿ ਇਮ ਭਾਤ ਵਿਚਾਰੀ॥
ਇੱਕ ਸਿੱਖ ਨਗਰੀ ਮਹਿ ਜਾਵੇ। ਮੋਲ ਮਿਠਾਈ ਤਬ ਲੈ ਆਵੇ॥
ਤਬ ਇੱਕ ਸਾਦਾ ਸਿੱਖ ਵਿਚਾਰਾ। ਸੋ ਅਪਨੇ ਨਿਜ ਪਾਸ ਹਕਾਰਾ॥
ਤਿਸ ਕੋ ਏਕ ਮੂਹਰ ਦੇ ਭਾਖੀ। ਸੁਨਹੁ ਮੀਤ ਮੋਰੀ ਯਹ ਸਾਖੀ॥
ਇਸ ਕੀ ਜਾ ਮਿਠੀਆਈ ਲਿਆਯੋ। ਡੇਰੇ ਆ ਸਭ ਮਿਲ ਕਰ ਖਾਓ॥
ਜਿਸ ਪਰ ਕਹਾ ਸਿੱਖ ਗੁਰਦੇਵਾ। ਮੈਂ ਕਰਹੂੰ ਸਤਿਗੁਰ ਕੀ ਸੇਵਾ॥
ਪਰ ਕੋ ਬਸਤ੍ਰ ਮੋਹ ਦਵੀਜੇ। ਜਿਸ ਮਹਿ ਬਾਂਧ ਦਯਾ ਨਿਧ ਲੀਜੇ॥
ਤਬ ਹਸ ਕਰ ਗੁਰ ਏਕ ਦੁਸ਼ਾਲਾ। ਦਇਓ ਤਾਂਹਿੰ ਕੋ ਕਹਿਓ ਵਿਸਾਲਾ॥
ਜਬ ਤੂੰ ਦਾਮ ਤਾਹਿੰ ਕੋ ਦੇਵੇ। ਅਰ ਮਿਠਿਆਈ ਤਿਸ ਤੇ ਲੇਵੇ॥
ਤੋ ਇਸ ਬਸਤਰ ਭੀਤਰ ਪਾਈਂ। ਤੁਰਤ ਉਠਾਇ ਯਹਾਂ ਲੈ ਆਈਂ॥
ਜਿਸ ਪਰ ਗਯੋ ਬਜਾਰ ਵਿਚਾਰਾ। ਨਹੀਂ ਕੁਛ ਜਿਸ ਕੋ ਹੈ ਸਾਰਾ॥
ਏਕ ਦੁਕਾਨ ਜਾਇ ਯਹ ਕੀਆ। ਵਹੁ ਮੱਦ੍ਰਕ ਤਾ ਕੇ ਕਰ ਦੀਆ॥
ਬਹੁਰ ਦੁਸ਼ਾਲਾ ਦਇਓ ਬਿਛਾਈ। ਕਹੀ ਧਰੋ ਇਸ ਬੀਚ ਮਿਠਾਈ॥
ਜਾਂ ਕੋ ਦੇਖ ਤਹੀ ਹਲਵਾਈ। ਚੱਕ੍ਰਤ ਭਇਓ ਸਮਝ ਨਹਿ ਆਈ॥

ਮਨ ਮਹਿ ਕਹੀ ਚੋਰ ਯਹ ਕੋਈ। ਐਸਾ ਕਰਮ ਕਰਤ ਹੈ ਜੋਈ॥

ਤਾਂ ਤੇ ਇਸ ਕਾ ਖੋਜ ਨਿਕਾਲੋ। ਜਾਂ ਤੇ ਮੈਂ ਹੋਂ ਰਹੂੰ ਸੁਖਾਲੋ॥

ਜੇਕਰ ਦੇਵੌਂ ਏਸ ਮਿਠਾਈ। ਅਰ ਕੁਤਵਾਲ ਬਾਤ ਸੁਨ ਪਾਈ॥

ਤੋ ਵਹੁ ਦੰਡ ਦੇਇ ਮਨ ਆਇਆ। ਜਾਂ ਤੇ ਉਲਟਾ ਭਰਨਾ ਆਇਆ॥

ਇਤਨਾ ਸਮਝ ਸਪਾਹੀ ਲਿਆਇਓ। ਵਹੀ ਸਿੱਖ ਤਿਸ ਕੋ ਪਕੜਾਇਓ॥

ਅਰ ਸਾਰੀ ਗਾਥਾ ਸਮਝਾਈ। ਕਾਹੀ ਕਰੋ ਜੈਸੀ ਮਨ ਆਈ॥

ਜਿਸ ਪਰ ਪਕਰ ਸਪਾਹੀ ਲੀਨਾ। ਅਰ ਅਪਨੇ ਆਗੇ ਧਰ ਲੀਨਾ॥

ਲੈ ਕੁਤਵਾਲੀ ਬੀਚ ਪੁਚਾਇਆ। ਸਾਰਾ ਭੇਦ ਤਾਹਿੰ ਸਮਝਾਇਆ॥

ਸੁਨ ਕੁਤਵਾਲ ਕਹੀ ਰੇ ਬੋਲੋ। ਮੇਰੇ ਸਨਮੁਖ ਝੂਠ ਨਾ ਤੋਲੋ॥

ਕੌਨ ਅਹੇ ਤੂੰ ਸਾਚ ਬਤਾਓ। ਅਰ ਇਹ ਭੀ ਛੇਤੀ ਸਮਝਾਓ॥

ਮੁਹਰ ਬੇਚ ਖਾਵੇ ਮਠਿਆਈ। ਔਰ ਦੁਸ਼ਾਲੇ ਬੀਚ ਪਵਾਈ॥

ਕਹੋ ਕਹਾਂ ਤੇ ਇਹ ਤੈਂ ਲੀਏ। ਕਿਸ ਘਰ ਕੇ ਹੈਂ ਤੈਂ ਚੋਰੀ ਕੀਏ॥

ਸਾਚ ਕਹੋਂ ਤੋਂ ਛੋਡੂੰ ਤੋਹਿੰ। ਨਾਤਰ ਇਨ ਕੋ ਲੈ ਹੂੰ ਖੋਹਿੰ॥

ਔਰ ਕੈਦ ਮਹਿ ਤੋ ਕੋ ਡਾਰੂੰ। ਚਾਬਕ ਸਾਥ ਬਨਾ ਕਰ ਮਾਰੂੰ।੧੧੧॥

ਦੋਹਰਾ

ਸੁਨ ਬਾਤਾਂ ਕੁਤਵਾਲ ਕੀ ਡਰਕੇ ਕਹਾ ਬਖਾਨਾ॥

ਏ ਵਸਤੂ ਮੇਰੀ ਨਹੀਂ ਹੇ ਕੁਤਵਾਲ ਪਠਾਨਾ।੧੧੨॥

ਚੌਪਈ

ਤੇਗ ਬਹਾਦਰ ਗੁਰੂ ਕਹਾਵੇ। ਜਿਸ ਕੋ ਸਭ ਜਗ ਸੀਸ ਨਿਵਾਵੇ॥

ਯਹ ਤਿਸ ਗੁਰ ਕੀ ਦੋਨੋਂ ਵਸਤੂ। ਕਹੀ ਬਾਤ ਮੈਂ ਜੋ ਹੈ ਤੁਮਕੋ॥

ਜਿਸ ਕੋ ਸੁਨ ਕੁਤਵਾਲ ਬਖਾਨੀ। ਕਹਾਂ ਅਹੇ ਗੁਰ ਕਹੋ ਵਿਖਾਨੀ॥

ਤਿਸ ਨੇ ਕਰੀ ਬਾਗ ਮਹਿ ਡੇਰਾ। ਕਰਾ ਗੁਰੂ ਜੀ ਨੇ ਬਿਨ ਦੇਰਾ॥

ਜਿਸ ਪਗ ਦਗਦ ਮਨ ਮਹਿ ਭਇਓ। ਅੱਲ੍ਹਾ ਅਬ ਹਮੇਂ ਯਸ਼ ਭਇਓ॥
ਬਾਦਸ਼ਾਹ ਜਿਸ ਪਕਰਿਓ ਚਾਹੇ। ਕਰੇ ਯਤਨ ਬਹੁਤੇ ਮਨ ਮਾਹੇ॥
ਸੋ ਮੈਂ ਪਕਰ ਆਜ ਤਿਸ ਲੈ ਹੋਂ। ਬਾਦਸ਼ਾਹਿ ਕੋ ਜਾਕਰ ਦੈ ਹੋਂ॥
ਜਾਂ ਤੇ ਪਾਵਹੁ ਅਧਕ ਵਡਾਈ। ਅਰ ਔਹਦਾ ਲੈਹੋਂ ਵਡਭਾਈ॥
ਐਸਾ ਮਨ ਹੀ ਮਾਹਿੰ ਵਿਚਾਰੇ। ਊਪਰ ਤੇ ਇਸ ਭਾਂਤ ਪੁਕਾਰੇ॥
ਘੋੜਾ ਲਿਆਓ ਹਮਾਰਾ ਅਬਹੀ। ਸੰਗ ਸਪਾਹੀ ਚਾਲੇ ਸਭ ਹੀ॥
ਸੁਨਤ ਹੁਕਮ ਹਾਕਮ ਕਾ ਸਾਰੇ। ਤਿਸੀ ਵਕਤ ਹੋ ਗਏ ਤਿਆਰੇ॥
ਚੜ੍ਹ ਘੋੜੇ ਕੁਤਵਾਲ ਸਿਧਾਇਆਂ। ਅਰ ਵਹੁ ਸਿੱਖ ਅਗੇਰੇ ਲਾਇਆ॥
ਜਿਨ ਜਾ ਕੇ ਸਤਿਗੁਰ ਦਿੱਖਰਾਏ। ਬੈਠ ਗਇਓ ਪਗ ਸੀਸ ਨਿਵਾਰੇ॥
ਦੇਖਤ ਜਾਨ ਗਏ ਗੁਰ ਸਾਰੀ। ਆਇ ਗਈ ਅਬ ਹਮਰੀ ਵਾਰੀ॥
ਇਤਨੇ ਮਹਿ ਕੁਤਵਾਲ ਪੁਕਾਰਾ। ਕੋਨ ਅਹੇ ਤੂੰ ਕਰੋ ਉਚਾਰਾ॥
ਸਲਾਮ ਕਹੀ ਗੁਰੂ ਜੀ ਪਿਯਾਰੇ। ਤੇਗ ਬਹਾਦਰ ਨਾਮ ਹਮਾਰੇ॥
..... ਨਾਮ ਤਿਨ ਕਹੀ ਬੁਲਾਕੇ। ਸ਼ਰਣ ਸਪਾਹੀ ਪਾਸ ਬੈਠਾਕੇ॥
ਅਬ ਕਰ ਲੇਹੂ ਇਸ ਕੋ ਬਿਨਾਂ ਦੇਰੀ। ਮਾਨ ਲੇਹੁ ਆ ਗਿਆ ਇਹ ਮੇਰੀ॥
ਜਿਸ ਪਰ ਗੁਰ ਕੋਪ ਕਰਨ ਕਾਰਾ। ਕੁਤਵਾਲੀ ਲੈ ਗਇਓ ਗੁਵਾਰਾ॥
...... ਆਇ ਕਰ ਪਗ ਕੇ ਮਾਹੀਂ। ਸੰਗਲ ਪਾਇ ਡਰੇ ਕੁਛ ਨਾਹੀਂ॥
.... ਸਮਯ ਗੱਡੇ ਪਰ ਦੇਕੇ। ਦਿੱਲੀ ਚਲੇ ਗੁਰੂ ਕੇ ਲੈਕੇ॥
.... ਦਿੱਲੀ ਜਬ ਆਏ। ਬਾਦਸ਼ਾਹ ਕੇ ਹਾਥ ਫੜਾਏ॥
.... ਕਹੀ ਤਬ ਸ਼ਾਹ ਉਰੰਗੇ। ਲੈ ਵਹੁ ਮਨ ਦੌਲਤ ਮੁਖ ਮੰਗੇ॥
.... ਤੁਮ ਦੀਨ ਕਬੂਲੋ। ਏਸ ਸਮਯ ਕੋ ਨਾਹੀਂ ਭੂਲੋ॥
...... ਕਰੀ ਗੁਸਾਂਈ। ਧਨ ਦੌਲਤ ਸਭ ਜਾਇ ਅਜਾਈ॥

(..... ਸ਼ਬਦ ਪੜ੍ਹੇ ਨਹੀਂ ਜਾਂਦੇ)

ਪਰ ਮੈਂ ਧਰਮ ਨ ਅਪਨਾ ਹਾਰੋਂ। ਕਹੇ ਬਚਨ ਸੁਖ ਨਾਹਿ ਵਿਡਾਰੋਂ॥

ਜਿਸ ਪਰ ਖਾਇ ਕੋਪ ਪਤਸ਼ਾਹਾ। ਦੇਨ ਲਗੋ ਦੁਖ ਬਹੁਤ ਕੁਰਾਹਾ॥

ਭੂਖ ਪਿਆਸ ਕੈਦ ਮਹਿ ਪਾਕੇ। ਦੇਤ ਦੁਖ ਬਹੁ ਭਾਂਤ ਸਜਾਕੇ॥

ਪਰ ਸਤਿਗੁਰ ਸਭ ਸੀਸ ਸਹਾਰੇ। ਨਿਜ ਮੁਖ ਕਹੇ ਬਚਨ ਨ ਹਿੰਟਾਰੇ॥

ਜਿਸ ਪਰ ਸਿੱਖ ਛੋਡ ਕਰ ਭਾਗੇ। ਤਿਸ ਪਰ ਗੁਰ ਯਹ ਕਹਾ ਸੁਭਾਗੇ॥੧੧੩॥

ਦੋਹਰਾ

ਸਿਖ ਸਖਾ ਸਭ ਤਜ ਗਏ ਕੋਈ ਨ ਨਿਭਿਓ ਸਾਥ॥

ਕਹੁ ਨਾਨਕ ਇਸ ਬਿਪਤ ਮਹਿ ਏਕ ਟੇਕ ਰਘੁਨਾਥ॥੧੧੪॥

ਚੌਪਈ

ਇਸੀ ਤਰ੍ਹਾਂ ਭੂਪਤ ਮਤ ਅੰਧਾ। ਦੀਨ ਮਜ਼ਹਬ ਕੀ ਫਾਹੀ ਬੰਧਾ॥

ਜਬ ਗੁਰ ਜੀ ਕੋ ਦੀਨ ਮਨਾਵੈਂ। ਤਾਂ ਪਰ ਖੇਦ ਅਧਕ ਕਰਵਾਵੈਂ॥

ਤਬ ਗੁਰ ਸੀਸ ਬਲੀ ਕਰ ਦੀਆਂ। ਬਚਨ ਆਪਨਾ ਭੰਗ ਨ ਕੀਆ॥

ਜੈ ਜੈ ਜੈ ਤ੍ਰਿਭਵਨ ਮੁਝਾਰਾ। ਬਜਤ ਗੁਰੂ ਕਾ ਸਦਾ ਨਗਾਰਾ॥

ਜਿਨ ਗਹ ਥਾਂਹ ਲਾਜ ਧਰ ਰਾਖੀ। ਕਰੀ ਨ ਮਿੱਥਯਾ ਜੋ ਮੁਖ ਭਾਖੀ॥

ਅਹੋ ਕਹਾ ਯਹ ਭੇਦ ਪਛਾਨੇ। ਜੋ ਕੂਕਰ ਸਮ ਭੌਂਕਨ ਜਾਨੇ॥

ਪਾਲਤ ਬੋਲ ਧਰਮ ਕੇ ਪਿਆਰੇ। ਕਹਾਂ ਪਰੇਤ ਲਖੇਂ ਯਹ ਸਾਰੇ॥

ਜਿਨਕੇ ਬੋਲ ਤੋਲ ਮਹਿਂ ਝੂਠਾ। ਮਹਾਂ ਪਾਪ ਕੀ ਜੋਹੈਂ ਜੂਠਾ॥੧੧੫॥

ਦਸ਼ਮ ਪਾਤਿਸ਼ਾਹਿ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

ਦੋਹਰਾ

ਯਮ ਗੁਰੂ ਗੋਬਿੰਦ ਹਰਿ ਤੇਗ ਧਨੀ ਜਗ ਮਾਹਿ॥

ਅਬ ਜਗ ਮੇਂ ਦੁਰਜਨ ਦਲੇਂ ਟਾਲੇਂ ਬਚ ਮੁਖ ਨਾਹਿਂ॥੧੧੬॥

ਚੌਪਈ

ਅਬ ਭਾਰਤ ਮਹਿ ਵਧੇ ਕਲੇਸ਼ਾ। ਧਰਮ ਕੋ ਰਹਾ ਨਲੇਸ਼ਾ॥
ਔਰੰਗਜੇਬ ਕੀ ਥੀ ਠਕੁਰਾਈ। ਜਿਸ ਨੇ ਐਸੀ ਧੂਮ ਮਚਾਈ॥
ਧੁਜਾ ਜ਼ੁਲਮ ਕੀ ਜਗਤ ਫਿਰਾਈ। ਪਰਜਾ ਸਭ ਦੇ ਉਠੀ ਦੁਹਾਈ॥
ਪਕਰ ਪਕਰ ਹਿੰਦੂ ਜਿਨ ਮਾਰੇ। ਕੈ ਕਰ ਜੋਰ ਦੀਨ ਮਹਿ ਡਾਰੇ॥
ਦੋੜਨ ਲਗਾ ਜਨੇਊ ਚੋਟੀ। ਨਾਲ ਜੁਲਮ ਕੇ ਇੱਛਾ ਖੋਟੀ॥
ਵਹੁ ਸਵਾਲੇ ਠਾਕੁਰ ਦੁਆਰੇ। ਬਨੀ ਮਸੀਤਾਂ ਸਹਿਤ ਮੁਨਾਰੇ॥
ਤ੍ਹਹ ਤ੍ਹਹ ਭਾਰਤ ਮਹਿ ਭਇਓ। ਰਾਜ ਨੀਤ ਡੇਰਾ ਉਠ ਗਇਓ
ਅਰ ਪੁਨ ਦੂਸਰ ਓਰ ਮਹਾਨਾ। ਚਲਾ ਪਖੰਡ ਅਧਿਕ ਬਿਧ ਨਾਨਾ
ਚਾਰ ਭੇਖ ਜਗ ਮਾਹਿਂ ਪਖੰਡੀ। ਲੂਟਨ ਜਗ ਕੋ ਲਗੇ ਘਮੰਡੀ॥
ਅਰ ਪਾਹੁਨ ਮਾਨਸ ਕੀ ਪੂਜਾ। ਹੋਨ ਲਗੀ ਈਸੂਰ ਸਮ ਦੂਜਾ॥
ਕਲ ਬ੍ਰਿਖ ਜਲ ਆਦਿਕ ਜੋਈ। ਈਸ੍ਵਰ ਬ੍ਹੱਧਿ ਤਾਹਿਂ ਮਹਿਂ ਹੋਈ
ਭਾਰਤ ਗਾਰਤ ਪਿਖ ਭੇਵਾ। ਆਏ ਦਸਮ ਗੁਰੂ ਤਬ ਦੇਵਾ॥
ਆਨ ਆ ਕਰ ਇਸ ਬੈਨ ਉਚਾਰੇ। ਸੋ ਸੁਨੀਏ ਮਰ ਲਾਇ ਪਿਆਰੇ।੧੧੭॥

ਸ੍ਰੀ ਮੁਖਵਾਕ

ਹਮ ਇਹ ਕਾਜ ਜਗਤ ਮੋ ਆਏ। ਧਰਮ ਹੇਤ ਗੁਰਦੇਵ ਪਠਾਏ॥
ਜਹਾਂ ਤਹਾਂ ਤੁਮ ਧ੍ਰਮ ਬਿਥਾਰੋ ਦੁਸਟ ਦੋਖੀਅਨ ਪਕਰ ਪਛਾਰੋ।੧੧੮॥

ਦੋਹਰਾ

ਇਹ ਪ੍ਰਤੱਗਯਾ ਗੁਰੂ ਨੇ ਪਾਲਨ ਕਰੀ ਜਹਾਨ॥
ਸਭ ਪਖੰਡ ਮਤ ਖੰਡ ਕਰ ਰਚਿਓ ਪੰਥ ਮਹਾਨ।੧੧੯॥

ਚੌਪਈ

ਜਬ ਸਤਿਗੁਰ ਨਿਜ ਕੇ ਕਾਮ ਚਾਇਓ। ਚਿਰ ਤਕ ਪੰਥ ਮੂਲ ਨ ਮਿਟਾਓ।।
ਤਬ ਰਜਪੂਤ ਪਹਾੜੀ ਰਾਜੇ। ਭਏ ਗੁਰੂ ਕੇ ਦੁਸ਼ਮਨ ਤਜੇ।।
ਲਗੇ ਕਹਨ ਯਹ ਧਰਮ ਗੁਵਾਵੈ। ਪੂਜਾ ਦੇਵ ਵਹੀਂ ਹਟਾਵੈ।।
ਕਹੇ ਨ ਪਹੁਨ ਪੂਜਾ ਕਰੀਯੋ। ਤਿਨ ਕੇ ਆਗੇ ਨਹਿ ਪਰੀਯੋ।।
ਅ਼ਰ ਜੰਞੂ ਗਲ ਤੇ ਉਤਰਾਵੈ। ਚੋਟੀ ਮੇਟ ਕੇਸ ਰਖਾਵੈ।।
ਅੰਮ੍ਰਿਤ ਅਪਨਾ ਨਵਾਂ ਬਨਾਵੈ। ਕਰੇ ਸਿੰਘ ਸਭ ਸਾਥ ਬਿਠਾਵੈ।।
ਚਾਰ ਵਰਨ ਇਕ ਕਰਨ ਬਨਾਵੈ। ਵੇਦਨ ਕੀ ਪਰਛਾਈ ਹਟਾਵੈ।।
ਅਰ ਪੁਨ ਜੋਗੀ ਸਰਤ ਵਿਰਾਗੀ। ਸੰਯਾਸੀ ਮਨ ਦਯੋ ਤਿਆਗੀ।।
ਅਪਨੇ ਮੱਤ ਚਲਾਵਤ ਔਰਾ। ਜੋ ਹਮ ਕੋ ਲਾਗਤ ਹੈ ਖੌਰਾ।।
ਇਤ ਇਹ ਕਰਤ ਕੋਪ ਮਨ ਮਾਹੀਂ। ਲਖਤ ਗੁਰੂ ਕੋ ਨੀਕੋ ਜਾਹੀਂ।।
ਉਤ ਪਤਸ਼ਾਹ ਕੋਪ ਮਨ ਧਾਰਾ। ਅਪਨਾ ਜ਼ੁਲਮ ਚਹਤ ਵਿਖਾਰਾ।।
ਜਿਨ ਰਾਜਿਯੋ ਕੇ ਕਹਨੇ ਸੇਤੀ। ਪਨੀ ਰੋਜ ਗੁਰ ਸੁਖਪਾਤੀ।।
ਲੈਨਾ ਜਾਤ ਸੈਨ ਵਡਭਾਰੀ। ਮਚੇ ਯੁੱਧ ਇਸ ਭੂਮ ਮਝਾਰੀ।।
ਸਭੀ ਤੀਸਰ ਘਰ ਕੇ ਜੋ ਸਾਥੀ। ਸੋਭੀ ਬਿਗਰ ਗਏ ਤਜ ਗਾਥੀ।।
ਕਹੇ ਮਸੰਦ ਮਾਤਾ ਪਹਿ ਜਾਕੇ। ਦੇਤ ਡਰਾਇ ਤਾਹਿੰ ਸਮਝਾਕੇ।।
ਯਤਨ ਸੋ ਇਨ ਚਾਵਨ ਚਾਇਯੋ। ਜੇ ਨੌ ਗੁਰ ਨੈ ਨਹਿ ਵਰਤਾਇਯੋ।।
ਜਾਇ ਮਨ ਕਰੇ ਪਹਾੜੀ ਰਾਜੇ। ਪਾਤਸ਼ਾਹ ਕੇ ਦਲ ਬਹੁ ਸਾਜੇ।।
ਤਾਂ ਤੇ ਲਰਨ ਯਹਿਕੇ ਸੰਗਾ। ਕਿਉਂ ਇਨ ਕਰਾ ਇਨੋ ਸੇ ਜੰਗਾ।।
...... ਅਪਨਾ ਭਜ ਦੀਨਾ। ਯੁੱਧ ਜੰਗ ਮੈ ਸੰਸਾਂ ਬਿਤੀਨਾ।।
...... ਇਨਕੇ ਨਹੀਂ ਸੰਗੀ। ਕਰਤਨ ਬਾਤ ਜਾਹਿੰ ਤੇ ਚੰਗੀ।।
...... ਸੁੱਖ ਕਾਲ ਮਹਿ ਦੁਖਕੇ। ਜੋ ਸਾਥੀ ਜੋ ਸਾਰੇ ਸੁਖਕੇ।।

......ਐਸੀ ਲਿਖ ਦੀਨੀ। ਫਾਰਖਤੀ ਗੁਰ ਕੋ ਦੇ ਦੀਨੀ।।

..................। ਅਸੀਂ ਸਿੱਖ ਨਹਿ ਤੇਰੇ ਪਈਏ।।

..............ਭਾਰੀ।.........ਗੁਰੂ ਪਰ ਆਇ ਕਥਾਰੀ।।

.............ਬਚਾਂਏ। ਪਾਲੇ ਬਚਨ ਮੁੱਖ ਜੋ ਸਾਏ।।

..........ਸਪੂਤ ਪਿਆਰੇ। ਇਸੀ ਬਚਨ ਕੇ ਊਪਰ ਵਾਰੇ।।

ਪਾਣੀ ਬਿਨ ਪਿਆਸੇ ਮੂਏ। ਧੰਨ ਸ਼ਹੀਦ ਧਰਮ ਹਿਤ ਹੂਏ।।

.......ਮਾਹਿ ਰੰਗੀਲੇ। ਗਏ ਪਾਲ ਬਚ ਛੈਲ ਛਬੀਲੇ।।

..........ਸੀਸ ਦਿਵਾਇਆ। ਕਹਿ ਬਚਨ ਨਹਿ ਫੇਰ ਮਿਟਾਇਆ।।

.....ਧਰਮ ਚਲਾਇਆ। ਦੁਖ ਤਨ ਕਾ ਜਿਨ ਮੂਲ ਗੁਵਾਇਆ।।

.............ਜਗ ਸਾਰੇ। ਭੇਖ ਭਿੰਨ ਸਭ ਦਇਓ ਵਿਡਾਰੇ।।

............ਭਾਖਤ ਸਾਰਾ। ਜਿਸ ਡੁਬਦੇ ਭਾਰਤ ਕੋ ਤਾਰਾ।।

ਗੁਰ ਗੋਬਿੰਦ ਸਿੰਘ ਅਵਤਾਰੀ। ਕਰੀ ਪ੍ਰਤੱਗਯਾ ਪਲ ਨ ਟਾਰੀ।।੧੨੦।।

ਹਕੀਕਤ ਰਾਇ ਧਰਮੀ

ਦੋਹਰਾ

ਦਸਮ ਗੁਰੂ ਇਸ ਜਗਤ ਵਿੱਚ ਕੀਨੋ ਕਾਜ ਮਹਾਨ।।

ਮੁਰਦੀ ਭਾਰਤ ਕੌਮ ਮੈਂ ਪਈ ਧਰਮ ਦੀ ਜਾਨ।।੧੨੧।।

ਚੌਪਈ

ਜਦ ਦਸਮੇਂ ਗੁਰ ਪੰਥ ਸਜਾਇਆ। ਦੇ ਸਰਵੰਸ ਜਤ ਯਸ਼ ਪਾਇਆ।।

ਤੇਗ ਬਹਾਦਰ ਸੀਸ ਲਗਾਏ। ਹੋਇ ਪ੍ਰਸੰਨ ਨਹੀਂ ਪਛਤਾਏ।।

ਅਰ ਚਾਰੇ ਜੋ ਸਾਹਿਬਜਾਦੇ। ਦਏ ਪ੍ਰਾਨ ਧਰਮ ਨ ਅਹਿਲਾਏ।।

(.......ਸ਼ਬਦ ਪੜ੍ਹੇ ਨਹੀਂ ਜਾਂਦੇ)

ਬਹੁਰ ਸਿੰਘ ਗੁਰ ਕੋ ਜੋ ਪੀਛੇ। ਭਏ ਧਰਮ ਕਾਰਜ ਮੁਹਿ ਭਾਛੇ॥
ਸੀਸ ਦੇਤ ਮਨ ਰੰਚਨ ਡਰਤੇ। ਹਸ ਹਸ ਕਰ ਕੁਰਬਾਨੀ ਦੇਤੇ॥
ਜਾਂ ਤੇ ਦੇਖ ਰੀਤ ਅਰ ਸਾਰੀ। ਸਿੰਘਨ ਕੀ ਜੋ ਧਰਾ ਪਹਾਰੀ॥
ਹਿੰਦੂ ਲੋਗ ਵਿਚਾਰਾਂ ਕਰਦੇ। ਆਖਨ ਸਿੰਘ ਨ ਮੌਤੋਂ ਡਰਦੇ॥
ਜਿਸ ਤੇ ਚਰਚਾ ਫੈਲੀ ਸਾਰੇ। ਹੋਤ ਜੰਗ ਸਿੰਘਨ ਕੇ ਭਾਰੇ॥
ਇਸ ਹੀ ਕਾ ਪਰਤਾਪ ਬਤਾਊਂ। ਹਕੀਕਤ ਰਾਇ ਕਥਾ ਸਣਾਊਂ॥
ਸ਼ਹਰ ਸਿਆਲਕੋਟ ਮਹਿ ਭਾਈ। ਬਾਗ ਮਲ ਖੱਤ੍ਰੀ ਘਰ ਜਾਈ॥
ਜਨਮਾ ਪੂਤ ਸਪੂਤ ਪਿਆਰਾ। ਲਿਆ ਧਰਮ ਕਾ ਜਿਸ ਸਹਾਰਾ॥
ਕੋਰਾਂ ਨਾਮ ਮਾਤ ਤਿਸ ਕੇਰੀ। ਭਈ ਸਪੂਤੀ ਪਰਮ ਸੁਖੇਰੀ॥
ਜਿਸ ਕੋ ਦੇਖ ਕੁਟੰਬ ਅਨੰਦਾ। ਭਯੋ ਚੜ੍ਹੇ ਮਨ ਰੂਪ ਪਸੰਦਾ॥
ਜਬ ਬਾਲਕ ਵਹੁ ਭਿਆ ਸਿਆਨਾ। ਤਬੀ ਬਾਪ ਨੈ ਪੜ੍ਹਨ ਬਿਠਾਨਾ॥
ਜਾਇ ਮੌਲਵੀ ਪਾਸ ਬਤਾਇਆ। ਜਿਸ ਨੇ ਤਿਸ ਕੋ ਸਬਕ ਪੜ੍ਹਾਇਆ॥
ਥੋੜ੍ਹੇ ਹੀ ਦਿਨ ਮਹਿ ਵਹੁ ਸਾਰਾ। ਪੜ੍ਹਾ ਫਾਰਸੀ ਕਾ ਵਰਤਾਰਾ॥
ਦੇਵ ਨੇਤ ਕੁਛ ਐਸੀ ਹੋਈ। ਮੇਟ ਸਕੇ ਜਿਸ ਕੋ ਨਹਿ ਕੋਈ॥
ਨਗਰ ਬਟਾਲੇ ਮਹਿ ਤ੍ਰੈ ਭਾਈ। ਤਿਨ ਕੇ ਘਰ ਹੋਈ ਕੁੜਮਾਈ॥
ਕਿਨ ਕੇ ਨਾਮ ਤੋਹ ਬਤਲਾਊਂ। ਅਰ ਸਿੱਖੋਂ ਕੇ ਗਾਮ ਬਤਾਊਂ॥
...... ਇੱਕ ਨਾਮ ਸਤਵੰਤ। ਮੇਲਾ ਸਿੱਖ ਦੂਜਾ ਕਹਿਲਾਵਤ॥
ਕ੍ਰਿਪਾਲ ਸਿੰਘ ਤੀਸਰ ਕੋ ਨਾਮਾਂ। ਅਬ ਸੁਨ ਲੇਹੁ ਤਿਨੋ ਕੋ ਕਾਮਾਂ॥
ਜਬ ਕਰ ਦੀਨੀ ਤਿਨੋਂ ਸਗਾਈ। ਕੁਛ ਦਿਨ ਪੀਛੇ ਦਾਦੀ ਆਈ॥
ਸਭ ਮਿਲ ਤਬ ਜੰਞ ਸਜਾਇ। ਪਹੁੰਚਾ ਬੀਚ ਬਟਾਲੇ ਆਇ॥
..... ਮਿਲਨੀ ਤਿਨ ਸੰਗ ਕਰਾਈ। ਸੂਰਤ ਸਿੰਘਾਂ ਦੀ ਦਿਸ ਆਈ॥
.... ਮਹਿਕੇ ਜੋ ਪੂਰੇ। ਤੇਗ ਧਨੀ ਜੋ ਕੇ ਵਡ ਸੂਰੇ॥

......ਹਕੀਕਤ ਰਾਇ ਵਿਚਾਰਾ। ਖ਼ੁਸ਼ੀ ਭਯੋ ਮਨ ਅੰਦਰ ਸਾਰਾ।।
......ਜਦ ਘਰ ਨੂੰ ਗਏ। ਦਾਜ ਦਹੇਜ਼ ਬਹੁਤ ਕੋ ਲਏ।।
... ਦੂਸਰੇ ਪੀਛੇ ਫੇਰਾ। .... ਭਇਯੋ ਹਕੀਕਤ ਕੇਰਾ।।
.... ਘਰ ਦਿਨ ਕੇਤਕ। ਪਿਖੀ ਕਥਾ ਸਿੰਘਨ ਕੀ ਚੇਤਕ।।
......ਤਿਨਕਾ ਜੋ ਡਰ ਭਾਰਾ। ਸਨਮੁਖ ਬਾਤਾਂ ਸਗਲ ਵਿਸਾਰਾ।।
...... ਕਾ ਸਿਰ ਦੇਨਾ। ਧਰਮ ਪਾਲ ਯਗ ਮੈਂ ਯਸ਼ ਲੇਨਾ।।
.... ਮਹਿ ਧਰ ਵਿਸਾਸਾ। ਕਹੇ ਧੰਨ ਗੁਰ ਧਰਮ ਪ੍ਰਕਾਸ਼ਾ।।
.... ਸੁਨ ਦੰਦ ਕਟਾਏ। ਪਰ ਮੁਖ ਤੇ ਨਹਿ ਸੀਜ ਕਰਾਏ।।
ਫਿਰ ਤਾਰੂ ਸਿੰਘ ਕੀ ਸੁਨ ਗਾਥਾ। ਭਇਓ ਪ੍ਰੇਮ ਸਿੰਘਨ ਕੇ ਸਾਥਾ।।
ਜਿਉਂ-ਜਿਉਂ ਰਿਹਾ ਬਟਾਲੇ ਮਾਹੀਂ। ਧ੍ਰਮ ਖਿਆਲ ਤਿਉ ਵਧਤੇ ਸਾਹੀਂ।।
ਹੋਏ ਵਿਦਾ ਤਥ ਧ੍ਰਮ ਹਿਆਇਆ। ਸਿਆਲ ਕੋਟ ਮਹਿ ਦ੍ਰਸ ਦਿਖਾਯਾ।।
ਪਰ ਕੁਛ ਢੰਗ ਨਵਾਂ ਜਬ ਦੇਖਾ। ਕਰਾ ਬਾਪ ਮਨ ਮਹਿ ਯਹ ਲੇਖਾ।।
ਅਬ ਪੜ੍ਹਨੇ ਕੋ ਚਾਹਤ ਨਾਹੀਂ। ਬਾਹਰ ਰਹਨ ਚਹੇ ਮਨ ਮਾਹੀਂ।।
ਤਾਂ ਤੇ ਕਹਾ ਪੂਤ ਅਬ ਜਾਓ। ਪਿਛਲਾ ਪੜ੍ਹਿਆ ਨਾਹਿੰ ਭੁਲਾਓ।।
ਯਹ ਸੁਨ ਬਚਨ ਪਿਤਾ ਕਾ ਗਇਓ। ਕਾਜ਼ੀ ਕੇ ਜਾ ਸਨਮੁਖ ਭਇਓ।।
ਜਬ ਕੁਛ ਦਿਨ ਬੀਤੇ ਤਿਸ ਜਾਗਾ। ਬਨਾ ਆਇ ਕਰ ਕਾਜ ਅਭਾਗਾ।।
ਏਕ ਦਿਵਸ ਕਾਜ਼ੀ ਕਿਸ ਕਾਜਾ। ਬਾਹਰ ਗਇਓ ਮਸੀਤੋਂ ਭਾਗਾ।।
ਤਬ ਲੜਕੇ ਤੁਰਕਨ ਕੇ ਜੇਤੇ। ਹਿੰਦਨ ਕੋ ਗਾਲਾਂ ਥੇ ਦੇਤੇ।।
ਜਿਨ ਕੋ ਸੁਨ ਸਭ ਰਹੇ ਸਹਾਰੀ। ਕੋਇ ਨ ਬੋਲੇ ਤਿਨੋਂ ਅਗਾਰੀ।।
ਪਰ ਇਹ ਬਾਲ ਹਕੀਕਤ ਰਾਈ। ਸਹ ਨਹਿ ਸਕਾ ਉਠਾ ਭਰ ਕਾਰੀ।।
ਜਗਾ ਏਕ ਕੀ ਚਾਰ ਸੁਨਾਵੈ। ਖੜਾ ਇਕੱਲਾ ਚੰਡ ਦਿਖਾਵੈ।।

(....... ਸ਼ਬਦ ਨਹੀਂ ਪੜ੍ਹੇ ਜਾਂਦੇ)

ਜਿਸ ਪਰ ਤੁਰਕਨ ਕੇ ਜੋ ਲੜਕੇ। ਦੇਖ ਹਕੀਕਤ ਕੋ ਮਨ ਭਰਕੇ।।
ਸੁਨਾ ਸ਼ੋਰ ਕਾਜ਼ੀ ਨੇ ਤਬ ਹੀ। ਡਾਟੇ ਆਨ ਬਾਲਕੇ ਸਾਰੇ।।
ਜਿਸ ਪਰ ਤੁਰਕਨ ਕੇ ਜੋ ਬੇਟੇ। ਬੇ ਰੋ ਕਰ ਧਰਤੀ ਪਰ ਗਿਰੇ।।
ਲਗੇ ਕਰਨ ਕਾਜ਼ੀ ਕੋ ਮੀਆਂ। ਇਨ ਪੁਨੀਆਂ ਹੈਂ ਹਮਾਰਾ...
ਨਾਮ ਨਬੀ ਬੇਟੀ ਕਾ ਇਨ ਲੇਕੇ। ਲੀਤਾ ਬਦਲਾ ਗਾਲੀ ਦੇਕੇ।।
ਜਿਸ ਨੂੰ ਸੁਨ ਕਰ ਕਾਜ਼ੀ ਬੋਲਾ। ਅਰੇ ਹਕੀਕਤ ਤੂੰ ਹੈਂ ਗੋਲਾ।।
ਕਿਆ ਇਹ ਸੱਚ ਬਾਤਾਂ ਹੈਂ ਸਾਰੀ। ਨਬੀ ਸੁਤਾ ਕੋ ਦੀਨੀ ਭਾਰੀ।।
ਕਹੀ ਹਕੀਕਤ ਨੇ ਤਬ ਐਸੀ। ਜੈਸੀ ਕਹੀ ਸੁਨੀ ਇਨ ਤੈਸੀ।।
ਜੈਸੇ ਇਨ ਦੇਵੀ ਕੋ ਗਾਇਆ। ਓ ਸਾਰੀ ਮੈਂ ਆਖ ਸੁਨਾਇਆ।।
ਜਿਸ ਪਰ ਕਾਜ਼ੀ ਮਨ ਧਰ ਰੋਸਾ। ਬੋਲਯੋ ਧਰ ਮਜ਼ਹਬ ਕੋ ਸੋਸ਼ਾ।।
ਅਰੇ ਕਾਫ਼ਰ ਹਿੰਦੂ ਕੇ ਲੜਕੇ। ਕਿਆ ਤੈਂ ਬਕਿਆ ਹੋਇ ਨਧੜਕੇ।।
ਇਸ ਕਾ ਬਦਲਾ ਤੁਝੇ ਦਿਖਾਉਂ। ਤੁਮ ਕੋ ਸੂਬੇ ਪਾਸ ਪੁਚਾਉਂ।।੧੨੨।।

ਦੋਹਰਾ

ਪਕੜ ਹਕੀਕਤ ਰਾਇ ਨੂੰ ਪੈਰੀਂ ਸੰਗਲ ਪਾਇ।।
ਅਮੀਰ ਬੇਗ ਢਿਗ ਰਖਿਆ ਅਖਿਆ ਘਰ ਨਾ ਜਾਇ।੧੨੩।।

ਚੌਪਈ

ਜਦ ਇਹ ਬਾਪ ਬਾਤ ਸੁਨ ਪਾਈ। ਅਰ ਮਾਤਾ ਤਕ ਪਹੁੰਚੀ ਜਾਈ।।
............................। ਕਾਜ਼ੀ ਪਾਸ ਵਿਚਾਰੇ ਆਏ।।
.... ਪਏ ਪੂਤ ਜਦ ਦੇਖਾ। ਭੁੱਲ ਗਿਆ ਮਨ ਦਾ ਸਭ ਲੇਖਾ।।
ਰੱਖੀ ਪੱਗ ਜਾਇ ਸਿਰ ਕਾਜ਼ੀ ਪੈਰਾਂ। ਆਖਨ ਰੱਬ ਦੀਆਂ ਤੁੱਧ ਖੈਰਾਂ।।
ਇਕਲੋਤਾ ਪੂਤ ਅਸਾਡਾ। ਕਾਹਨੂੰ ਚੁੱਕ ਫਸਾਇਆ ਭਾਂਡਾ।।
.... ਅੱਲ੍ਹਾ ਦੇ ਛੱਡ ਦੇਈਂ। ਜੋ ਚਾਹੇ ਮੋ ਸਾਥੋਂ ਲੇਈ।।੧੨੪।।

ਦੋਹਰਾ

ਕਾਜ਼ੀ ਆਖੇ ਮੱਲ ਜੀ ਇਹ ਕਾਫ਼ਰ ਹੈਂ ਬਾਲ।।
ਸਾਡੇ ਨਬੀ ਔਲਾਦ ਨੂੰ ਕਢੀ ਹੈ ਜਿਨ ਗਾਲ।੧੨੫।।

ਚੌਪਈ

........ਜੋ ਕੀਤਾ ਚਾਲਾ। ਕਿਕੁਰ ਬੈਠੇ ਹੋਇ ਸੁਖਾਲਾ॥
ਹੁਨ ਤਾਂ ਏਹੋ ਬਾਤ ਬਨਾਓ। ਅਰ ਇਸਨੂੰ ਬਹਿਕੇ ਸਮਝਾਓ॥
ਹੋਇ ਮੁਸਲਮਾਂ ਦੀਨੀ ਭਾਈ। ਜੇ ਚਾਹੇ ਇਹ ਜਾਨ ਬਚਾਈ॥
ਨਹੀਂ ਪਕੜਕੇ ਐਥੋਂ ਜਾਵਾ। ਸੂਬੇ ਪਾਸ ਲਾਹੌਰ ਪੁਚਾਵਾ॥
ਜੋ ਇਸ ਨੂੰ ਫੜ ਗਰਦਨ ਮਾਰੂ। ਉਲਟੀ ਕਰਕੇ ਖੱਲ ਉਤਾਰੂ॥
ਜਿਸ ਪਰ ਬਾਪ ਹਥ ਦੋ ਜੋੜੇ। ਪਿੱਟ ਪਿੱਟ ਮਾਂ ਅੰਗ ਸਭ ਤੋੜੇ॥
ਪਰ ਕਾਜ਼ੀ ਮਨ ਤਰਸ ਨ ਆਇਆ। ਸਗੋਂ ਹੁੰਦਾ ਜਾਇ ਸਵਾਇਆ॥
ਮਿਲੇ ਸ਼ਹਰ ਦੇ ਹਿੰਦੂ ਸਾਰੇ। ਕਾਜ਼ੀ ਅੱਗੇ ਕਰਨ ਪੁਕਾਰੇ॥
ਪਰ ਕਾਜ਼ੀ ਸਭ ਨਾਂ ਦੁਰਕਾਏ। ਕਹੇ ਸ਼ਰਾ ਮੇਂ ਸ਼ਰਮ ਨ ਭਾਏ॥
ਅਮੀਰ ਬੇਗ ਜੇ ਤਰਸ ਕਰਾਏ। ਤਾਂ ਕਾਜ਼ੀ ਮਸਲੇ ਸਮਝਾਏ॥੧੨੬॥

ਦੋਹਰਾ

ਸੁਨਦਾ ਗੱਲ ਨ ਕਿਸੇ ਦੀ ਮਨ ਵਿੱਚ ਕਰਦਾ ਸੋਚ॥
ਵਿੱਚ ਲਾਹੌਰ ਪੁਚਾਇਕੇ ਪੂਰੀ ਕਰੀਏ ਲੋਚ॥੧੨੭॥

ਚੌਪਈ

ਅਮੀਰ ਬੇਗ ਤੇ ਪਟਾ ਲਿਖਾਇ। ਅਪਨਾ ਕੈਦੀ ਉਸੇ ਬਨਾਇ॥
ਲੈ ਕਾਜ਼ੀ ਓਥੋਂ ਜਦ ਤੁਰਿਆ। ਰੋਹ ਨਾਲ ਬੱਦਲ ਜਿਉ ਘੁਰਿਆ॥
ਗੱਲ ਹੱਥੀਂ ਸੰਗਲ ਸਨ ਪਾਏ। ਪੈਰ ਪਿਆਦਾ ਧਰਮੀ ਜਾਏ॥
ਮਾਤ ਪਿਤਾ ਭੀ ਸੰਗ ਸਧਾਰੈ। ਨਾਲ ਸ਼ਹਰ ਦੇ ਹਿੰਦੂ ਸਾਰੇ॥
ਰਸਤੇ ਵਿੱਚ ਨਗਰ ਜੋ ਆਵੇ। ਦੇਖ ਦੇਖ ਸਭ ਹੀ ਤਰਸਾਵੇ॥
ਕਿਤਨੇ ਨਾਲ ਲੋਗ ਹੋ ਜਾਵਨ। ਚਾਹੁਨ ਮਨ ਤੇ ਤਾਹਿੰ ਛਡਾਵਨ॥
ਜਦ ਪਹੁੰਚਿਆ ਸੂਬੇ ਅੱਗੇ। ਹਾਲ ਸੁਨਾਵਨ ਸਾਰੇ ਲੋਗ॥
ਖੜਾ ਹਕੀਕਤ ਸਨਮੁਖ ਸੂਬੇ। ਦੇਖੇ ਸੂਬਾ ਸਭ ਮਨਸੂਬੇ॥
ਕਾਜ਼ੀ ਕਿਹਾ ਬਹਾਦਰ ਖਾਨਾ। ਇਸ ਕਾਫਰ ਨੇ ਕੁਫਰਬਾਨਾ॥
ਤਿਸ ਦਾ ਬਦਲਾ ਸ਼੍ਰਾ ਥਤਾਵੇ। ਨਾਲ ਤੇਗ ਸਿਰ ਇਸ ਕਟਵਾਵੇ॥੧੨੮॥

ਦੋਹਰਾ

ਕੌਰਾਂ ਮਾਈ ਹੋਇਕੇ ਬੋਲੀ ਸੂਬੇ ਪਾਸ॥

ਇੱਕੋ ਲੜਕਾ ਮੁੱਝ ਦਾ ਲਿਆਇਆ ਤੇਰੇ ਪਾਸ।੧੨੯॥
ਖੈਰ ਠੀਕਰੇ ਮੇਰੇ ਪਾਈਂ। ਇਸ ਬੱਚੇ ਦੀ ਜਾਨ ਬਚਾਈਂ॥
ਅੱਲ੍ਹਾ ਨੇਤ ਖਤ ਬਠਾਇਆ। ਕਰੀਂ ਨਿਆਉਂ ਜਿਵੇਂ ਫੁਰਮਾਇਆ।੧੩੦॥

ਦੋਹਰਾ

ਮਾਇ ਬਾਪ ਦੇ ਰੁਦਨ ਸੁਨ ਸੂਬਾ ਮਨ ਮੁਰਝਾਇ॥
ਕਾਜ਼ੀ ਨੂੰ ਸਮਝਾਵੰਦਾ ਵੱਡੀ ਗੱਲ ਨ ਕਾਇ।੧੩੧॥

ਚੌਪਈ

ਸੁਣ ਦੇਹੁ ਕਾਜ਼ੀ ਜੀ ਝੇੜਾ। ਕਾਹਨੂੰ ਘੱਤਿਆ ਐਡ ਬਖੇੜਾ॥
ਏਸ ਬੱਚੇ ਨੇ ਜੋ ਕੁਛ ਬੋਲਾ। ਜਾਨਤ ਨਹੀਂ ਅਜੇ ਹੈ ਭੋਲਾ॥
ਏਸ ਪਰ ਕਾਜ਼ੀ ਕਹਾ ਪੁਕਾਰੀ। ਸ਼ਰਾ ਨ ਮੇਰੀ ਨਹੀਂ ਤੁਮਾਰੀ॥
ਸੁਣ ਨੱਥੀ ਦੀ ਸੁਨ ਲੈ ਸਾਚੀ। ਤੋੜ ਦੇਹੁ ਜੇ ਹੈ ਕਾਚੀ॥
ਹਿੰਦੂ ਪਰ ਤੂੰ ਰਹਿਮ ਕਮਾਵੈਂ। ਨਬੀ ਸੁਤਾ ਕੀ ਪਤ ਉਤਰਾਵੈਂ॥
ਐਪਰ ਖਾਨ ਬਹਾਦਰ ਡਰਦਾ। ਅੱਗੋਂ ਮੋੜ ਨ ਕੋਈ ਕਰਦਾ।੧੩੨॥

ਦੋਹਰਾ

ਫੇਰ ਹਕੀਕਤ ਰਾਇ ਨੂੰ ਸੂਬੇ ਕਰੀ ਪੁਕਾਰ॥
ਹੋ ਜਾ ਮੁਸਲਮਾਨ ਤੂੰ ਰੱਖੂੰ ਨਾਲ ਪਿਆਰ।੧੩੩॥

ਚੌਪਈ

ਜਿਸ ਨੂੰ ਸੁਨ ਕੇ ਸੀਸ ਹਲਾਇਆ। ਹਕੀਕਤ ਰਾਇ ਮੁਖੋਂ ਇਹ ਗਾਇਆ॥
ਮੈਂ ਤਜ ਧਰਮ ਜਗ ਤੇ ਨਹਿ ਮਰੋਂ। ਸੀਸ ਦਾਨ ਇਸ ਉਪਰ ਕਰੋਂ॥
ਯਹ ਸੁਨ ਸੂਬਾ ਮਨ ਮੁਰਝਾਇਆ। ਆਖੇ ਕਾਜ਼ੀ ਹਠ ਪਰ ਆਇਆ॥
ਅਰ ਇਹ ਬਾਲਕ ਧਰਮ ਨ ਹਾਰੇ। ਕਹੋ ਬਨੇ ਕਿਆ ਇਸ ਕੇ ਮਾਰੇ॥
ਜਿਸ ਕੋ ਸੁਨ ਕਰ ਬੋਲੀ ਮਾਈ। ਸੁਨ ਬੇਟਾ ਮੈਂ ਕਹੋਂ ਸੁਨਾਈ॥
ਮੁਸਲਮਾਨ ਜੇਕਰ ਤੂੰ ਹੋਵੇਂ। ਤਾਂ ਤੂੰ ਜਾਨਤ ਅਪਨੀ ਖੋਹੇਂ॥
ਜਿਸ ਤੇ ਮੈਂ ਤੁਮ ਕੋ ਦਰਸਾਊਂ। ਅਪਨੇ ਦਿਲ ਦੀ ਅਗਨ ਬੁਝਾਊਂ॥
ਜੋ ਕੁਛ ਕਹੋ ਖਾਨ ਬਨ ਜਾਓ। ਐਵੇਂ ਜਾਨ ਨਾ ਪੂਤ ਗਵਾਓ॥
ਜ਼ਿਸ ਕੋ ਸੁਨ ਕਰ ਪੁਤ੍ਰ ਸੀ ਬੋਲਾ। ਕਿਆ ਉਪਦੇਸ਼ ਕਰਤ ਤੂੰ ਭੋਲਾ॥

ਮੈਂ ਸਿੱਖਾਂ ਕੇ ਘਰੀਂ ਬਿਆਹਿਆ। ਜਿਸ ਤੇ ਖੌਫ਼ ਮਰਨ ਦਾ ਲਾਹਿਆ॥
ਤੇਗ ਬਹਾਦਰ ਸੀਸ ਭੇਟ ਚੜ੍ਹਾਇਆ। ਪਰ ਨਾ ਦਾਗ ਧਰਮ ਨੂੰ ਲਾਇਆ॥
ਤਾਂ ਤੇ ਮੈਂ ਤਿਨ ਕਾ ਹੂੰ ਚੇਰਾ। ਜੀਵਨ ਚਹਿਤ ਨਹੀਂ ਮਨ ਮੇਰਾ॥
ਓੜਕ ਹੈ ਇਸ ਜਗਤ ਤੇ ਜਾਨਾ। ਕਹੇ ਕਿਨੇ ਕਰ ਲਿਆ ਟਿਕਾਣਾ॥
ਰਹੀ ਮਾਤ ਬਹੁਤੇ ਸਮਝਾਈ। ਹਕੀਕਤ ਕੇ ਮਨ ਏਕ ਨਾ ਭਾਈ॥
ਓੜਕ ਸੂਬੇ ਨੇ ਪਛਤਾਕੇ। ਕਰਾ ਹੁਕਮ ਮਾਰੋ ਇਸ ਦੇਖੇ॥
ਜਾਇ ਜਲਾਦ ਸੰਗ ਤਬ ਕਾਜ਼ੀ। ਕਰ ਆਨ ਰਬ ਭਏ ਮਨ ਨਾਹੀਂ॥
ਅਰ ਨਾਲ ਤੇਗ ਦੇ ਸੀਸ ਉਤਾਰਾ। ਹਾਹਾਕਾਰ ਭਇਓ ਤਬ ਭਾਰਾ॥
ਤਾਂ ਤੇ ਜੈ ਜੈਕਾਰ ਧਰਮ ਪਰ ਭਈ। ਭਇਓ ਅਮਰ ਜੜ੍ਹ ਤੁਰਕਨ ਗਈ॥
ਲਹੌਰ ਜਿਸ ਕੀ ਬਨੀ ਸਮਾਧ ਸੁਹਾਵਤ। ਖਲਕਤ ਮੈਲਾ ਜਗ ਲਗਾਵਤ॥
ਧੰਨ ਧੰਨ ਤਿਸ ਕੋ ਸਭ ਗਾਵੈ। ਹਕੀਕਤ ਧਰਮੀ ਭਾਖ ਬੁਲਾਵੈ॥
ਅਹੋ ਧੰਨ ਧੰਨ ਵਹੁ ਵਡਭਾਗੀ। ਬਚਨ ਪਾਲਾ ਸਹਿਜੋ ਅਨੁਰਾਗੀ।।੧੩੪॥

ਦੋਹਰਾ

ਐਸੇ ਪੁਰਖ ਪਛਾਨਦੇ ਪਰਤੱਗਯਾ ਦਾ ਢੰਗ॥
ਪ੍ਰਾਨ ਤਜੇ ਬਚਨ ਪਰ ਮਨ ਮਹਿ ਬਹੁਤ ਉਮੰਗ।।੧੩੫॥

ਚੌਪਈ

ਐਸਾ ਪ੍ਰਤਾਪ ਦਸਮ ਗੁਰ ਕੇਰਾ। ਜਿਸ ਤੇ ਬਾਲਕ ਭਏ ਦਲੇਰਾ॥
ਬਚਨ ਦੇਤ ਰੰਚਕ ਨ ਡਰਿਓ। ਹੋਇ ਸ਼ਹੀਦ ਧਰਮ ਪਰ ਮਰਿਓ॥
ਤਾਂ ਤੇ ਗੁਰ ਦਸਮੇਂ ਅਵਤਾਰੀ। ਯਹ ਸਗਲੀ ਸਮਰਥਾ ਧਾਰੀ।।੧੩੬॥

ਦੋਹਰਾ

ਘਣੇ ਦੁੱਖ ਬਲ ਪਰ ਸਹੇ ਦੇਅ ਚਾਲੇ ਸਰਵੰਸ॥
ਪਾਲ ਬਚਨ ਜਗ ਮੈ ਗਏ ਸੋ ਸਤਿਗੁਰ ਅਵਤੰਸ।।੧੩੭॥

ਚੌਪਈ

..... ਧਰਮ ਵਿਤ ਲੋਕਾ। ਕਹਿਤ ਦਾਸ ਯਹ ਦੇਕਰ ਹੋਕਾ॥
...... ਆਪ ਕਹਾਨੀ। ਲੈਕੇ ਕੁਛ ਇਲਮ ਮਹਿੰ ਬਖਾਨੀ॥

..ਮਹਿ ਹੈ ਕੁਛ ਵਿਚਾਰੀ। ਜੋ ਪ੍ਰਤੱਗਯਾ ਕਥਾ ਉਚਾਰੀ॥

.....ਕੋ ਮਨ ਮਹਿ ਤਾਜਾ। ਉਪਜਿਓ ਹੇ ਮਨ ਕਛੂ ਉਪਾਗਾ।੧੩੮॥

ਦੋਹਰਾ

ਉਠੋ ਜਰਾ-ਅਬ ਹੋਸ਼ ਸੰਭਾਲੇ। ਕਹੇ ਬਚਨ ਕੋ ਕਬਹੂੰ ਨ ਟਾਲੋ॥

ਇਨ ਧਰਮਾਤਮ ਜਨ ਕੀ ਗਾਥਾ। ਪਠੋਂ ਵਿਚਾਰੋ ਮਨ ਕੇ ਸਾਥਾ।੧੩੯॥

ਦੋਹਰਾ

ਖਿਨ ਭੰਗਰ ਤਨ ਜਾਨਕੇ ਤਜੋ ਨੇਹੁ ਇਸ ਸੰਗ॥

ਬਚਨ ਅਟਲ ਪਾਲਨ ਕਰੋ ਜੋ ਜਗ ਰਹੇ ਅਭੰਗ।੧੪੦॥

ਸ੍ਵੈਯਾ

ਬੋਲ ਕਹਿਓ ਜਿਨ ਨਾਹਿ ਫਿਰਾ ਅਰ ਖੇਦ ਸਹੇ ਤਨ ਊਪਰ ਭਾਰੇ।

ਆਪ ਗੁਵਾਇ ਦਯੋ ਪਰਕੇ ਹਿਤ ਆਰਤ ਕੋਟਨ ਕੋਟ ਉਧਾਰੇ॥

ਨਾਹਿੰ ਸਨੇਹੁ ਕਰਾ ਤਨ ਸੋ ਪੁਨ ਬੰਧ ਚਲੇ ਸਭ ਮੋ ਤੋਂ ਅਪਾਰੇ।

ਧੰਨ ਵਹੀ ਜਗ ਨਾਲ ਸਦਾ ਯਸ਼ ਗਾਵਤ ਦਿੱਤ ਹਰੀ ਤਿਹ ਸਾਰੇ।੧੪੧॥

ਇਤੀ ਸ੍ਰੀ ਪ੍ਰਤੱਗਯਾ ਪਾਲਨ


ਕ੍ਰਿਤ ਭਾਈ ਦਿੱਤ ਸਿੰਘ ਗਯਾਨੀ

ਅੱਧਯਾਪਕ ਔਰੀਐਂਟਲ ਕਾਲਜ, ਲਹੌਰ

(......ਸ਼ਬਦ ਪੜ੍ਹੇ ਨਹੀਂ ਜਾਂਦੇ)

ੴ ਸਤਿਗੁਰ ਪ੍ਰਸਾਦਿ॥

੩੩ ਨੀਤੀ ਪ੍ਰਕਾਸ਼



ਕ੍ਰਿਤ

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ

ਪੁਨਰ ਛਾਪ

ਸੰਨ : ਅਕਤੂਬਰ, ੨੦੦੯ ਈ:

ਸੰਪਾਦਕ ਅਤੇ ਪ੍ਰਕਾਸ਼ਕ

ਪ੍ਰੀਤਮ ਸਿੰਘ ਐਮ.ਏ.

'ਨੀਤੀ ਪ੍ਰਕਾਸ਼' ਬਾਰੇ

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਨੇ ਇਸ ਮਹੱਤਵਪੂਰਣ ਪੁਸ੍ਤਕ 'ਨੀਤੀ ਪ੍ਰਕਾਸ਼' ਦੀ ਰਚਨਾ 'ਪ੍ਰਤੱਗਯਾ ਪਾਲਨ' ਤੋਂ ਪਹਿਲਾਂ ਕੀਤੀ ਸੀ ਜਿਸ ਦਾ ਰਚਨਾ ਕਾਲ ੧੮੯੨ ਈ: ਸੀ। ਇਸ ਪੁਸਤਕ ਦੀ ਪਹਿਲੀ ਛਾਪ ਤਾਂ ਨਹੀਂ ਮਿਲੀ। ਪਰੰਤੂ ਇਸ ਪੁਸਤਕ ਦੀ ਦੂਜੀ ਪੁਨਰ ਛਾਪ ਜੋ ਮੈਸਰਜ਼ ਤਾਰਾ ਸਿੰਘ ਕਿਸ਼ਨ ਸਿੰਘ ਮਾਲਿਕ ਦਿੱਤ ਹਰੀ ਬੁਕ ਡਿਪੋ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ ਵਲੋਂ ਫ਼ਰਵਰੀ, ੧੯੩੨ ਈ: ਵਿੱਚ ਪ੍ਰਕਾਸ਼ਿਤ ਕਰਕੇ ਮੋਖ 11-) ਭਾਵ ਨੌਂ ਆਨੇ ਕੀਮਤ ਉਤੇ ਵੇਚੀ ਸੀ, ਪ੍ਰਾਪਤ ਹੋਈ ਹੈ। ਇਸ ਪੁਸਤਕ ਦੇ ਅੰਦਰਲੇ ਪਾਸੇ ਗੁਰਪੁਰਵਾਸੀ ਗਿਆਨੀ ਜੀ ਦੀ ਫੋਟੋ ਵੀ ਛਪੀ ਹੋਈ ਹੈ। ਇਹ ਪੁਸਤਕ ੧੩੬ ਪੰਨਿਆਂ ਵਿੱਚ ਸਮੋਈ ਹੋਈ ਹੈ।

ਇਸ ਪੁਸਤਕ ਵਿੱਚ ਗਿਆਨੀ ਜੀ ਦੀ ਅਧਿਆਤਮਕ ਰੁਚੀ ਅਤੇ ਧਾਰਮਿਕ ਵਿਚਾਰਾਂ ਦੀ ਝਲਕ ਅੱਛੀ ਤਰ੍ਹਾਂ ਦਿਖਾਈ ਦੇ ਰਹੀ ਹੈ। ਆਪ ਜੀ ਨੇ ਪੁਸਤਕ ਵਿੱਚ ਸਿੱਖੀ ਸਿੱਧਾਂਤਾਂ ਦੇ ਉਪਦੇਸ਼ਕ ਅਤੇ ਪ੍ਰਚਾਰਕ ਹੋਣ ਦੇ ਨਾਤੇ ਆਮ ਲੋਕਾਂ ਨੂੰ ਜਿੰਦਗੀ ਵਿੱਚ ਸਿੱਧੇ ਰਸਤੇ ਅਤੇ ਸਿੱਖ ਧਰਮ ਦੇ ਪਵਿੱਤਰ ਰਾਹ ਉੱਤੇ ਚਲਣ ਲਈ ਆਪਣੇ ਕੀਮਤੀ ਅਤੇ ਦੁਰੱਲਭ ਨੀਤੀ ਬਚਨ ਦ੍ਰਿੜਾਏ ਹਨ।

ਗਿਆਨੀ ਜੀ ਨੇ ਪੁਸਤਕ ਦਾ ਆਰੰਭ 'ਦਿੱਤ ਹਰੀ ਨੀਤੀ ਬਚਨ' ਦੇ ਦੋਹਰਾ ਨਾਲ ਇਸ ਤਰ੍ਹਾਂ ਕੀਤਾ ਹੈ:-

"ਭੱਲ ਭਲਾਈ ਕਰ ਲਹੈ, ਲਹੈ ਨਚਾਈ ਨੀਚ॥
ਸੁਧਾ ਸਰਾਹੀਏ ਅਮਰਤਾ, ਸਗਲ ਸਰਾਹੀਏ ਮੀਚ।।੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ "ਭਲੇ ਪੁਰਖ ਤਾਂ ਆਪਣੀ ਭਲਾਈ ਕਰਕੇ ਪ੍ਰਸਿੱਧ ਹੋ ਜਾਂਦੇ ਹਨ ਅਤੇ ਬੁਰੇ ਪੁਰਖ ਆਪਣੀ ਬੁਰਯਾਈ ਕਰਕੇ, ਜਿਸ ਪ੍ਰਕਾਰ ਅੰਮ੍ਰਿਤ ਤਾਂ ਪੁਰਖਾਂ ਦੇ ਰੋਗਾਂ ਨੂੰ ਦੂਰ ਕਰਕੇ ਅਰ ਅਮਰ ਕਰਨ ਕਰਕੇ ਪ੍ਰਸਿੱਧ ਹੈ ਅਤੇ ਵਿਖਮਾਰ ਦੇਣੇ ਕਰਕੇ ਸਰਾਹੀ ਜਾਂਦੀ ਹੈ।"

ਮਹਾਨ ਵਿਦਵਾਨ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਨੇ ਇਸ ਪੁਸਤਕ ਵਿੱਚ ੧੫੫ ਦੋਹਰੇ 'ਦਿੱਤ ਹਰੀ ਨੀਤੀ ਬਚਨ' ਵਜੋਂ ਦਿੱਤੇ ਹਨ ਅਤੇ ਹਰ ਦੋਹਰਾ ਪਿਛੋਂ ਨੀਤੀ ਬਚਨ ਦੇ ਭਾਵ ਆਪਣੇ ਸਰਲ ਸ਼ਬਦਾਂ ਵਿੱਚ ਹਰ ਇੱਕ ਬਚਨ ਦੀ ਵਿਆਖਿਆ ਕੀਤੀ ਹੈ ਜੋ ਆਮ ਆਦਮੀ ਸਮਝ ਸਕਦਾ ਹੈ। ਪੁਸਤਕ ਦੇ ਸਾਰੇ ਦੋਹਰਿਆਂ ਦੀ ਸ਼ਬਦਾਵਲੀ ਗੁਰਬਾਣੀ ਨਾਲ ਮੇਲ ਖਾਂਦੀ ਹੈ ਜੋ ਗਿਆਨੀ ਜੀ ਦੀ ਵਿੱਦਵਤਾ ਨੂੰ ਚਾਰ ਚੰਨ ਲਾਉਂਦੀ ਹੈ।

ਗਿਆਨੀ ਜੀ ਨੇ ਆਪਣੇ ਨੀਤੀ ਬਚਨਾਂ ਰਾਹੀਂ ਹਰ ਪ੍ਰਕਾਰ ਦੇ ਪੁਰਸ਼, ਇਸਤਰੀਆਂ, ਸ਼ਰਧਾਲੂਆਂ ਅਤੇ ਰਿਆਸਤਾਂ ਦੇ ਰਾਜਿਆਂ ਨੂੰ ਵੀ ਨਸੀਹਤਾਂ ਦਿੱਤੀਆਂ ਹਨ।

ਵੰਨਗੀ ਵਜੋਂ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਦੇ ਦੁਸ਼ਟ ਸਬੰਧੀ ਪੰਜ ਨੀਤੀ ਬਚਨ ਇਸ ਤਰ੍ਹਾਂ ਹਨ :-

(1) ਦੁਸ਼ਟ ਪੁਰਖ ਮੱਛਰ ਦੇ ਬਰਾਬਰ ਹੈ।

(2) ਦੁਸ਼ਟ ਪੁਰਖ ਚਿੱਚੜ ਦੇ ਸਮਾਨ ਹੁੰਦੇ ਹਨ।

(3) ਦੁਸ਼ਟ ਪੁਰਖ ਬਿਛੂ ਸੁਭਾਵ ਦੇ ਹੁੰਦੇ ਹਨ।

(4) ਦੁਸ਼ਟ ਪੁਰਖ ਉਲੂ ਸੁਭਾਵ ਦੇ ਹੁੰਦੇ ਹਨ।

(5) ਦੁਸ਼ਟ ਪੁਰਖ ਅਤੇ ਜੋਕ ਇਨ੍ਹਾਂ ਦੋਨੋਂ ਦਾ ਇਕੋ ਜੈਸਾ ਸੁਭਾਵ ਹੈ।

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਦੇ ਸੱਜਣ ਪੁਰਸ਼ ਬਾਰੇ ਪੰਜ ਨੀਤੀ ਬਚਨ ਇਹ ਹਨ :-

(1) ਸੱਜਣ ਪੁਰਸ਼ ਬ੍ਰਿਖ ਦੇ ਸਮਾਨ ਹੁੰਦੇ ਹਨ।

(2) ਸੱਜਣ ਪੁਰਸ਼ ਬਰਖਾ ਦੇ ਬੱਦਲ ਸਮਾਨ ਹੁੰਦੇ ਹਨ।

(3) ਸੱਜਣ ਪੁਰਸ਼ ਚੰਦਨ ਦੇ ਸਮਾਨ ਹੁੰਦੇ ਹਨ।

(4) ਸੱਜਣ ਪੁਰਸ਼ ਫੁੱਲ ਦੇ ਸਮਾਨ ਹੁੰਦੇ ਹਨ।

(5) ਸੱਜਣ ਪੁਰਸ਼ ਸੁਇਨਾ ਦੇ ਸਮਾਨ ਹੁੰਦੇ ਹਨ।

ਉਕਤ ਦਿੱਤ ਨੀਤੀ ਬਚਨਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਗਿਆਨੀ ਜੀ ਭਾਈ ਸਾਹਿਬ ਭਾਈ ਗੁਰਦਾਸ ਜੀ ਤੋਂ ਪਿਛੋਂ ਸਿੱਖ ਧਰਮ ਨੂੰ ਆਪਣੀ ਲੇਖਣੀ ਅਤੇ ਉਪਦੇਸ਼ਾਂ ਰਾਹੀਂ ਉਜਾਗਰ ਕਰਨ ਵਾਲੇ ਉੱਚ ਕੋਟੀ ਦੇ ਵਿਦਵਾਨ ਸਨ ਜਿਹੜੀ ਕਿ ਅੱਤ ਕਥਨੀ ਗੱਲ ਨਹੀਂ ਹੈ। ਆਪ ਜੀ ਦੀ ਲੇਖਣੀ ਅਤੇ ਸਮੂਹ ਰਚਨਾਵਾਂ ਵਿੱਚ ਬਹੁਤ ਵੱਡੀ ਸ਼ਕਤੀ ਅਤੇ ਦਮ ਸੀ ਜਿਸ ਕਰਕੇ ਉਸ ਵੇਲੇ ਦੇ ਡੇਰਿਆਂ ਦੇ ਦੰਭੀ ਅਤੇ ਢੌਂਗੀ ਮਹੰਤ ਤਾਂ ਉਨ੍ਹਾਂ ਦੇ ਸਾਹਮਣੇ ਅੱਖ ਨਹੀਂ ਚੁੱਕਦੇ ਸਨ।

ਪ੍ਰੀਤਮ ਸਿੰਘ ਐਮ.ਏ.
ਸੰਪਾਦਕ ਅਤੇ ਪ੍ਰਕਾਸ਼ਕ

ੴ ਸੱਤਿਗੁਰ ਪ੍ਰਸਾਦਿ॥

ਦਿੱਤ ਹਰੀ ਨੀਤੀ ਬਚਨ

ਦੋਹਰਾ

ਭੱਲ ਭਲਾਈ ਕਰ ਲਹੈ, ਲਹੈ ਨਚਾਈ ਨੀਚ॥
ਸੁਧਾ ਸਰਾਹੀਏ ਅਮਰਤਾ, ਸਗਲ ਸਰਾਹੀਏ ਮੀਚ॥੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਭਲੇ ਪੁਰਖ ਤਾਂ ਅਪਣੀ ਭਲਾਈ ਕਰਕੇ ਪ੍ਰਸਿੱਧ ਹੋ ਜਾਂਦੇ ਹਨ ਅਤੇ ਬੁਰੇ ਪੁਰਖ ਅਪਣੀ ਬੁਰਯਾਈ ਕਰਕੇ, ਜਿਸ ਪ੍ਰਕਾਰ ਅੰਮ੍ਰਿਤ ਤਾਂ ਪੁਰਖਾਂ ਦੇ ਰੋਗਾਂ ਨੂੰ ਦੂਰ ਕਰਕੇ ਅਰ ਅਮਰ ਕਰਨ ਕਰ ਕੇ ਪ੍ਰਸਿੱਧ ਹੈ ਅਤੇ ਵਿਖ ਮਾਰ ਦੇਣੇ ਕਰਕੇ ਸਰਾਹੀ ਜਾਂਦਾ ਹੈ।

ਜੈਸਾ ਕਿ ਲੋਕ ਆਖਦੇ ਹਨ ਕਿ ਭਾਈ ਕੇਹੀ ਤੇਜ ਜ਼ਹਰ ਸੀ ਜੋ ਖਾਂਦਿਆਂ ਹੀ ਪਾਸਾ ਨਹੀਂ ਪਰਤਨ ਦਿਤਾ। ਇਸੀ ਪ੍ਰਕਾਰ ਜੋ ਭਲੇ ਪੁਰਖ ਹਨ ਸੋ ਤਾਂ ਲੋਕਾਂ ਵਿੱਚ ਭਲਯਾਈ ਕਰਨੇ ਕਰਕੇ ਸਲਾਹੇ ਜਾਂਦੇ ਹਨ ਤੇ ਭਰਿਸ਼ਟ ਪੁਰਖ ਬੁਰਾ ਕਰਨ ਤੇ ਜੈਸਾ ਕਿ ਲੋਕ ਆਖਦੇ ਹਨ ਕਿ ਭਾਈ ਉਸ਼ ਨੇ ਇਕੋ ਵੇਰ ਅਜੇਹੀ ਅੱਗ ਭੜਕਾਈ ਜਿਸ ਨਾਲ ਸਭ ਨਿਕੇ ਵੱਡੇ ਸੜ ਕੇ ਮਰ ਗਏ ਯਾਂ ਮਰ ਚਲੇ ਸੇ, ਵਲੇ ਵਲੇ ਕੇਡਾ ਸਰੀਰ ਹੈ"।

ਮਹਾਤਮਾਂ ਪੁਰਖਾਂ ਨੂੰ ਚਾਹੀਦਾ ਹੈ ਜੋ ਨੀਚ ਕਰਮ ਨਾਲ ਜਿਸ ਤੇ ਕੁਲ ਦਾ ਘਾਤ ਹੋਵੇ, ਮਸ਼ਹੂਰੀ ਨਾ ਹਾਸਲ ਕਰਨ॥

ਦੋਹਰਾ

ਖਲਹੁ ਸਰਪ ਇਨ ਦੁਹਨ ਮਹਿ, ਭਲੋ ਸਰਪ ਖਲ ਨਾਹਿ॥
ਸਰਪ ਡੱਸਤ ਹੈ ਕਾਲ ਮੈਂ, ਖਲ ਜਨ ਪਦ ਪਦ ਮਾਹਿ॥੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਮੂਰਖ ਅਤੇ ਸਰਪ ਦੋਨੋ ਮਹਾਂ ਨੀਚ ਹਨ ਪਰੰਤੂ ਤਾਂ ਭੀ ਇਨਾਂ ਦੋਹਾਂ ਵਿਚੋਂ ਮੂਰਖ ਨਾਲੋਂ ਸਰਪ ਬਹੁਤ ਅੱਛਾ ਹੈ ਕਿਉਂਕਿ ਉਹ ਕਿਸੇ ਸਮਯ ਪਰ ਹੀ ਡੰਗ ਮਾਰਦਾ ਹੈ ਪਰੰਤੂ ਜੋ ਮੂਰਖ ਪੁਰਖ ਹੈ ਸੋ ਛਿਨ-ਛਿਨ ਵਿੱਚ ਦੁਖਦਾਈ ਹੁੰਦਾ ਹੈ।

ਇਸ ਨੀਤੀ ਬਚਨ ਤੋਂ ਇਹ ਭੀ ਸਿਧ ਹੁੰਦਾ ਹੈ ਕਿ ਭਾਵੇਂ ਸਰਪ ਦੇਖਨ ਲਈ ਸੁੰਦਰ ਅਤੇ ਪਰਸਨ ਲਈ ਨਰਮ ਹੁੰਦਾ ਹੈ ਪਰ ਤਾਂ ਭੀ ਉਸ ਦੇ ਮੁਖ ਵਿੱਚ ਜੋ ਜ਼ਹਰ ਹੈ ਉਸ ਨਾਲ ਨਰ ਨਾਰਾਇਨੀ ਦੇਹੀ ਨੂੰ ਬੁਰਾ ਕਰ ਦੇਂਦਾ ਹੈ, ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਭਾਵੇਂ ਦੇਖਨ ਲਈ ਸੁੰਦਰ ਅਰ ਨਰਮ ਸੁਭਾਵ ਦਿਸਦਾ ਹੈ ਪ੍ਰੰਤੂ ਫੇਰ ਭੀ ਉਹ ਅਪਣੇ ਦੁਸ਼ਟਤਾ ਦੇ ਭਰੇ ਹੋਏ ਜ਼ਹਰੀਲੇ ਬਚਨ ਨਿਕਾਲ ਕੇ ਉਨ੍ਹਾਂ ਨਾਲ ਕਈ ਮਹਾਤਮਾਂ ਦਾ ਬੁਰਾ ਕਰ ਸਕਦਾ ਹੈ ਅਰ ਅਪਣਾ ਕੁਝ ਮਨੋਰਥ ਭੀ ਸਿਧ ਨਹੀਂ ਕਰਦਾ।

ਜਿਸ ਪ੍ਰਕਾਰ ਅਪਨੀ ਜਾਨ ਦੀ ਰਖਿਯਾ ਵਾਸਤੇ ਪੁਰਖ ਸਰਪ ਤੋਂ ਦੂਰ ਰਹਿੰਦਾ ਹੈ, ਇਸੀ ਪ੍ਰਕਾਰ ਮਹਾਤਮਾਂ ਪੁਰਖ ਅਜੇਹੇ ਮੂਰਖ ਪੁਰਖ ਤੋਂ ਸਦਾ ਦੂਰ ਰਹਿਣ ਜੋ ਅਕਾਰਨ ਦੁਖਦਾਈ ਹੈ।।

ਦੋਹਰਾ

ਪਹਿਲੇ ਪਾਹਿਨ ਲਗਤ ਹੈ, ਪਾਛੇ ਡੰਗ ਚਲਾਇ।।
ਮੱਧਰ ਧੁਨੀ ਕਾਨਨ ਕਰੇ, ਦੁਰਜਨ ਮਸਕ ਸੁਭਾਇ।।੩।।

ਇਸ ਬਚਨ ਦਾ ਅਰਥ ਅਤੇ ਭਾਵ ਇਹ ਹੈ ਕਿ ਦੁਸ਼ਟ ਪੁਰਖ ਦਾ ਭਾਵ ਮੱਛਰ ਦੇ ਬਰਾਬਰ ਹੈ, ਜਿਸ ਪ੍ਰਕਾਰ ਮੱਛਰ ਪਹਿਲੇ ਤਾਂ ਪੈਰਾਂ ਵੱਲ ਆਉਂਦਾ ਹੈ ਫਿਰ ਪੁਰਖ ਦੀ ਪਿੱਠ ਪਿੱਛੇ ਡੰਗ ਮਾਰ ਕੇ ਉਸ ਦਾ ਲਹੂ ਪੀਂਦਾ ਹੈ, ਮਗਰੋਂ ਕੰਨਾਂ ਪਾਸ ਆਏ ਕੇ ਮਿਠੀ-ਮਿਠੀ ਬਾਣੀ ਕਰਦਾ ਹੈ। ਇਸ ਪ੍ਰਕਾਰ ਦੁਸ਼ਟ ਪੁਰਸ਼ ਭੀ ਪਹਿਲੇ ਤਾਂ ਝੁਕ ਕੇ ਫਤੇ ਬੁਲਾਉਂਦਾ ਹੈ ਅਰ ਫੇਰ ਪੀਠ ਪਿਛੋਂ ਨਿੰਦਯਾ ਕਰਕੇ ਪਰ

ਪੁਰਖਾਂ ਦੇ ਔਗੁਣਾਂ ਦਾ ਲਹੂ ਪੀਂਦਾ ਹੈ। ਜਿਸ ਤੇ ਮਗਰੋਂ ਫੇਰ ਜਦ ਮਿਲਦਾ ਹੈ ਤਾਂ ਕੰਨਾਂ ਵਿਚ ਮਿਠੀਆਂ-ਮਿਠੀਆਂ ਬਾਤਾਂ ਕਰਕੇ ਰਝਾਉਂਦਾ ਫਿਰਦਾ ਹੈ, ਪਰੰਤੂ ਜਿਸ ਪ੍ਰਕਾਰ ਲੋਗ ਮੱਛਰ ਦੀ ਮਿਠੀ-ਮਿਠੀ ਬਾਣੀ ਪਰ ਨਹੀਂ ਭੁਲਦੇ ਕਿੰਤੂ ਉਸ ਨੂੰ ਧੂਆਂ ਦੇਕੇ ਉਡਾਇ ਦਿੰਦੇ ਹਨ। ਇਸੀ ਪ੍ਰਕਾਰ ਮਹਾਤਮਾਂ ਪੁਰਖ ਭੀ ਦੁਸ਼ਟ ਆਦਮੀ ਦੀਆਂ ਮਿਠੀਆਂ-ਮਿਠੀਆਂ ਗਲਾਂ ਪਰ ਨਾ ਭੁਲ ਬੈਠਨ ਕਿੰਤੂ ਉਸ ਨੂੰ ਤਰਕਾਂ ਦੇ ਧੂਏਂ ਨਾਲ ਦੂਰ ਕਰ ਦੇਣ।

ਦੋਹਰਾ

ਅੰਤਰ ਕਟਕ ਬਾਹਰ ਮ੍ਰਿਦ, ਨੀਚ ਪੁਰਖ ਜਿਉਂ ਬੇਰ॥
ਅੰਤਰ ਮ੍ਰਿਦ ਬਾਹਰ ਕਠਨ, ਉਤਨ ਜਿਉਂ ਨਲੀਏਰ।੪॥

ਇਸ ਬਚਨ ਦਾ ਭਾਵ ਇਹ ਹੈ ਕਿ ਨੀਚ ਪੁਰਖ ਦਾ ਸੁਭਾਵ ਬੇਰ ਵਾਂਗ ਹੁੰਦਾ ਹੈ ਜਿਸ ਪ੍ਰਕਾਰ ਬੇਰ ਉਪਰੋਂ ਤਾਂ ਮਿਠਾ ਅਤੇ ਨਰਮ ਪ੍ਰਤੀਤ ਹੁੰਦਾ ਹੈ ਅਤੇ ਅੰਦਰ ਉਸ ਦੇ ਵਡੀ ਕਰੜੀ ਗਿੱਟਕ ਹੁੰਦੀ ਹੈ। ਇਸੀ ਪ੍ਰਕਾਰ ਨੀਚ ਪੁਰਖ ਭੀ ਬਾਹਰੋਂ ਤਾਂ ਇੱਕ ਵੱਡੀ ਭੋਲੀ ਭਾਲੀ ਜੇਹੀ ਸੋਹਣੀ ਸੂਰਤ ਅਤੇ ਵੱਡੇ ਮਿਠੇ-ਮਿਠੇ ਬਚਨਾਂ ਵਾਲਾ ਪ੍ਰਤੀਤ ਹੁੰਦਾ ਹੈ ਪਰੰਤੂ ਅੰਦਰ ਵਿੱਚ ਅਜੇਹੀ ਕਠੋਰਤਾ ਹੁੰਦੀ ਹੈ ਜੋ ਬ੍ਰਹਮਾਂ ਭੀ ਨਰਮ ਕਰਨਾ ਚਾਹੇ ਤਾਂ ਭੀ ਨਰਮ ਨਹੀਂ ਹੋਣੇ ਵਾਲੀ। ਪਰੰਤੂ ਅਛੇ ਪੁਰਖਾਂ ਦਾ ਸੁਭਾਵ ਨਰੇਲ ਵਾਂਗੂ ਹੁੰਦਾ ਹੈ ਜੋ ਉਪਰੋਂ ਕਠਨ ਅਤੇ ਅੰਦਰ ਉਸਦੇ ਸੁੰਦਰ ਸੁਆਦ-ਵੰਤ ਖੋਪਾ ਹੁੰਦਾ ਹੈ, ਇਸੀ ਪ੍ਰਕਾਰ ਮਹਾਤਮਾ ਪੁਰਖ ਭਾਵੇਂ ਉਪਰੋਂ ਤਾਂ ਖਰੇ ਅਰ ਕਠਨ ਸੁਭਾਵ ਵਾਲੇ ਪ੍ਰਤੀਤ ਹੁੰਦੇ ਹਨ ਪਰੰਤੂ ਉਨ੍ਹਾਂ ਦੇ ਆਤਮਾਂ ਸਦਾ ਹੀ ਪਰਉਪਕਾਰ ਦੇ ਨਾਲ ਪੂਰਤ ਹੁੰਦੇ ਹਨ। ਇਸੀ ਪ੍ਰਕਾਰ ਬੁਰੇ ਪੁਰਖ ਬਾਹਰੋਂ ਭਾਵੇ ਨਿਯੂਨੀ ਨਿਯੂਨੀ ਵਾਲੇ ਹੁੰਦੇ ਹਨ ਪਰ ਅੰਦਰੋਂ ਕਪਟੀ, ਇਸ ਵਾਸਤੇ ਪਿਆਰੇ ਪਾਠਕੋ ਆਪ ਕਿਸੇ ਪੁਰਖ ਦੀ ਬਾਹਰਲੀ ਨਿਯੂਨੀ ਨਿਯੂਨੀ ਦੇਖ ਕੇ ਨਾ ਭੁਲ ਜਾਣਾ ਕਿਉਂਕਿ ਬਿਲੀ ਦੇਖਣ ਅਤੇ ਬੋਲਣ ਨੂੰ ਤਾਂ ਬੇਸ਼ਕ ਸੁੰਦਰ ਅਤੇ ਮਧਰ

ਧੁਨੀ ਹੁੰਦੀ ਹੈ ਪਰੰਤੂ ਉਸ ਦੇ ਅੰਦਰ ਦੰਦ ਅਤੇ ਨਖ ਅਜੇਹੇ ਤਿਖੇ ਹੁੰਦੇ ਹਨ ਜੋ ਮਾਰ ਕੇ ਲਹੂ ਲੁਹਾਨ ਕਰ ਦਿੰਦੀ ਹੈ, ਇਹੋ ਦੁਸ਼ਟ ਪੁਰਖ ਦੀ ਨਿਸ਼ਾਨੀ ਹੈ।

ਦੋਹਰਾ

ਦੁਸ਼ਟ ਤ੍ਰਿਯ ਪੋਖਨ ਕੀਏ, ਮੂਰਖ ਸਿਖ ਉਪਦੇਸ਼॥
ਔ ਦੁਖੀਅਨ ਬਿਵਹਾਰ ਸੈ, ਬਿਵਧਹੁ ਲਹੇ ਕਲੇਸ਼।੫॥

ਇਸ ਦਾ ਭਾਵ ਇਹ ਹੈ ਕਿ ਖੋਟੀ ਇਸਤ੍ਰੀ ਦੀ ਪਾਲਨਾ ਕਰਕੇ ਅਰ ਮੂਰਖ ਪੁਰਖ ਨੂੰ ਅੱਛੀ ਸਿਖਿਯਾ ਦੇਣ ਤੇ ਅਰ ਦੁੱਖੀ ਪੁਰਖਾਂ ਨਾਲ ਬਿਵਹਾਰ ਕਰਨੇ ਕਰਕੇ ਅਛੇ ਅਛੇ ਪੁਰਖਾਂ ਨੂੰ ਭੀ ਕਲੇਸ਼ ਪ੍ਰਾਪਤ ਹੁੰਦੇ ਹਨ, ਜਿਸ ਦਾ ਭਾਵ ਇਹ ਹੈ ਕਿ ਮੂਰਖ ਪੁਰਖ ਨੂੰ ਭਲੀ ਸਿਖਿਯਾ ਦੇਣੀ ਭੀ ਮਹਾਂ ਦੁਖਦਾਈ ਹੈ।

ਇਸ ਤੇ ਇਹ ਸਿੱਧ ਹੁੰਦਾ ਹੈ ਕਿ ਬੁਰੇ ਆਦਮੀ ਅਛੀ ਬਾਤ ਨੂੰ ਬੁਰੀ ਦ੍ਰਿਸ਼ਟੀ ਨਾਲ ਦੇਖ ਕੇ ਬੁਰੀ ਬਣਾ ਦਿੰਦੇ ਹਨ ਜਿਸ ਤੇ ਕਈ ਪ੍ਰਕਾਰ ਦੇ ਕਲੇਸ਼ਾਂ ਨੂੰ ਪ੍ਰਾਪਤ ਕਰ ਸਕਦੇ ਹਨ ਜਿਸ ਤੇ ਬੁਧਿਮਾਨ ਪੁਰਖ ਬਚਕੇ ਸਿਖਿਯਾ ਦੇਣ।

ਦੋਹਰਾ

ਮੂਰਖ ਕੋ ਤਜ ਦੀਜੀਏ, ਪ੍ਰਗਟ ਦੁਪਦ ਪਸੂ ਜਾਨ॥
ਬਚਨ ਬੋਲਤੇ ਬੇਦ ਹੀ, ਅੰਧਹ ਕਾਂਟ ਸਮਾਨ ।੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਮੂਰਖ ਪੁਰਖ ਨੂੰ ਦੋ ਪੈਰਾਂ ਵਾਲਾ ਪਸ਼ੂ ਜਾਣ ਕੇ ਤਿਯਾਗ ਦੇਣਾ ਚਾਹੀਏ ਅਤੇ ਉਸ ਦੀ ਸੰਗਤ ਕਰਨੇ ਤੇ ਇਸ ਪ੍ਰਕਾਰ ਬਚਨਾਂ ਰੂਪੀ ਕੰਡੇ ਪੁੜਦੇ ਹਨ ਜਿਸ ਪ੍ਰਕਾਰ ਅੰਧੇ ਪੁਰਖ ਨੂੰ ਬਿਨਾ ਦੇਖਣੇ ਤੇ ਕੰਡੇ ਦੁਖ ਦੇਂਦੇ ਹਨ। ਇਸ ਦਾ ਭਾਵ ਇਹ ਹੈ ਕਿ ਮੂਰਖ ਪੁਰਸ਼ ਦੋ ਪੈਰਾਂ ਵਾਲਾ ਪਸ਼ੂ ਅਤੇ ਦੁਰ ਬਚਨਾਂ ਰੂਪੀ ਕੰਡਿਆਂ ਦਾ ਰੁਖ ਹੈ, ਜਿਸ ਤੇ ਮਹਾਤਮਾਂ ਪੁਰਖ ਬਚੇ ਰਹਿਣ।

ਦੋਹਰਾ

ਜਹਾਂ ਅੰਨ ਸੰਚਤ ਰਹੈ, ਮੂਰਖ ਮਾਨ ਨਹਿ ਪਾਵ॥
ਦੰਪਤ ਮਹਿ ਜਹਿ ਕਲਹਿ, ਨਹਿ ਸੰਪਤਿ ਆਪਹ ਆਵ।੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਦੇਸ ਵਿਖੇ ਅੰਨ-ਅਕੱਠਾ ਰਹਿੰਦਾ ਹੈ ਬਾਹਰ ਨਹੀਂ ਜਾਂਦਾ ਅਰ ਜਿਸ ਦੇਸ ਵਿੱਚ ਮੂਰਖ ਪੁਰਖਾਂ ਦਾ ਆਦਰ ਨਹੀਂ ਹੈ ਅਰ ਇਸਤ੍ਰੀ ਅਤੇ ਪੁਰਖ ਵਿੱਚ ਜਿੱਥੇ ਕਲੇਸ਼ ਨਹੀਂ ਹੈ ਉਸ ਜਗ੍ਹਾ ਅਰਥਾਤ ਉਸ ਦੇਸ ਵਿਖੇ ਧਨ ਆਪੇ ਹੀ ਹੁੰਦਾ ਹੈ ਅਤੇ ਉਹ ਦੇਸ ਧਨੀ ਕਹਾਂਉਂਦਾ ਹੈ।

ਨੀਤੀ ਦੇ ਇਸ ਬਚਨ ਦੇ ਵਿਚਾਰੇ ਤੇ ਇਹ ਸਿੱਧ ਹੁੰਦਾ ਹੈ ਕਿ ਇਸ ਭਾਰਤ ਭੂਮੀ ਜਿਤਨਾ ਧਨ ਹੋਰ ਕਿਸੇ ਦੇਸ ਵਿੱਚ ਨਹੀਂ ਸੀ, ਜਿਸ ਤੇ ਇਸ ਦੇਸ ਵਿੱਚ ਇਹ ਗੁਣ ਪਾਏ ਜਾਂਦੇ ਹਨ।

ਪਰੰਤੂ ਅੱਜ ਕੱਲ ਇਸ ਦੇ ਉਲਟ ਹੋ ਰਿਹਾ ਹੈ ਜੋ ਅੰਨ ਬੋਰੀਆਂ ਭਰ-ਭਰ ਕੇ ਵਲਾਇਤ ਨੂੰ ਜਾਇ ਰਿਹਾ ਹੈ ਅਤੇ ਪਾਪੀ ਕਪਟੀ ਪੁਰਖ ਪਰਮਾਤਮਾ ਬਣ ਕੇ ਦਖਾਉਣ ਲੱਗ ਪਏ ਹਨ ਜਿਨ੍ਹਾਂ ਪਰ ਲੋਗ ਉਨ੍ਹਾਂ ਦੇ ਗੁਣ ਬਿਨਾਂ ਵਿਚਾਰੇ ਵਿਸ਼੍ਵਾਸ ਕਰ ਬੈਠਦੇ ਹਨ ਅਤੇ ਇਸਤ੍ਰੀ ਪੁਰਖਾਂ ਦਾ ਆਪਸ ਵਿੱਚ ਮਿਲਾਪ ਦੂਰ ਹੋ ਗਿਆ ਹੈ ਜਿਸ ਤੇ ਇਹ ਦੇਸ ਅਧੋਗਤੀ ਨੂੰ ਪ੍ਰਾਪਤ ਹੋ ਰਿਹਾ ਹੈ।

ਦੋਹਰਾ

ਮੂਰਖ ਚਿਰਾਯੂ ਸੇ ਭਲੋ, ਜਨਮਤ ਹੀ ਮਰ ਜਾਇ॥
ਮਰੇ ਅਲਪ ਦੁਖ ਹੋਇ ਹੈ, ਜੀਏ ਮਹਾਂ ਦੁਖ ਦਾਇ।੯॥

ਇਸ ਨੀਤੀ ਬਚਨ ਦਾ ਇਹ ਅਰਥ ਹੈ ਕਿ ਵੱਡੀ ਉਮਰਾਂ ਵਾਲੇ ਮੂਰਖ ਹੋਣ ਨਾਲੋਂ ਉਸ ਦਾ ਜੰਮਦਿਆਂ ਹੀ ਮਰ ਜਾਣਾ ਬਹੁਤ ਅੱਛਾ ਹੈ ਅਤੇ ਸੁਖਦਾਈ ਹੈ, ਕਿਉਂਕਿ ਜੇ ਉਹ ਜੰਮਦਿਆਂ ਹੀ ਮਰ ਜਾਵੇਂਗਾ ਤਾਂ ਇਕ ਪੱਲ ਮਾਤ੍ਰ ਹੀ ਉਸ

ਦੀ ਮੌਤ ਦਾ ਦੁਖ ਉਸ ਦੇ ਸੰਬੰਧੀਆਂ ਨੂੰ ਨਹੀਂ ਹੋਵੇਗਾ, ਪਰੰਤੂ ਜੇ ਉਹ ਜਿਉਂਦਾ ਰਹੇਗਾ ਤਾਂ ਜਿਤਨੀ ਵੱਡੀ ਉਸ ਦੀ ਉਮਰਾ ਹੋਵੇਗੀ ਉਤਨਾਂ ਹੀ ਵੱਡਾ ਲੋਕਾਂ ਨੂੰ ਦੁਖ ਪੁਚਾਏਗਾ। ਇਸ ਬੱਚਨ ਦਾ ਭਾਵ ਇਹ ਹੈ ਕਿ ਮੂਰਖ ਪੁਰਖ ਵੱਡਾ ਹੋਰ ਨਾਲੋਂ ਜੰਮਦਾ ਹੀ ਮਰ ਜਾਏ ਤਾਂ ਬਹੁਤ ਅੱਛਾ ਹੈ। ਜਿਸ ਤੇ ਕਿਸੇ ਨੂੰ ਦੁਖ ਨਾ ਪਹੁੰਚਾਵੇ।

ਦੋਹਰਾ

ਤੁਲਸੀ ਪਰੀਤ ਸੁਆਨ ਕੀ, ਦੋਹੀਂ ਗੱਲੀਂ ਦੁੱਖ॥
ਜੇ ਗੁੱਸੇ ਤਾਂ ਦਾਹੜੇ, ਰਾਜੀ ਚੱਟੇ ਮੁੱਖ॥੯॥

ਇਸ ਦੋਹਰੇ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਕੁੱਤੇ ਦੀ ਪ੍ਰੀਤ ਦਾ ਇਹ ਫਲ ਹੁੰਦਾ ਹੈ ਕਿ ਜੇ ਕਰਕੇ ਉਹ ਤੰਗ ਹੋ ਜਾਂਦਾ ਹੈ ਤਾਂ ਉਸ ਵੇਲੇ ਉਹ ਕੱਟਨ ਲਈ ਪੈਂਦਾ ਹੈ ਅਤੇ ਜੱਦ ਰਾਜ਼ੀ ਹੋ ਜਾਂਦਾ ਹੈ ਤਾਂ ਮੂੰਹ ਚੱਟਨ ਲੱਗ ਜਾਂਦਾ ਹੈ। ਇਸ ਤੋਂ ਇਹ ਭਾਵ ਨਿਕਲਦਾ ਹੈ ਕਿ ਕੁੱਤੇ ਦਾ ਰਾਜ਼ੀ ਹੋਣਾ ਯਾ ਗੁੱਸਾ ਹੋਣਾ ਦੋਨੋ ਪ੍ਰਕਾਰ ਦੁੱਖ ਦਾ ਕਾਰਨ ਹੈ, ਇਸੀ ਪ੍ਰਕਾਰ ਦੁਸ਼ਟ ਪੁਰਸ਼ਾਂ ਦਾ ਪ੍ਰੇਮ ਅਤੇ ਵਿਰੋਧ ਦੋਨੋਂ ਹੀ ਦੁਖ ਦਾ ਕਾਰਨ ਹੁੰਦੇ ਹਨ ਜਿਸ ਪਰਕਾਰ ਕੁੱਤੇ ਤੇ ਦੂਰ ਰਹਣਾ ਹੀ ਉਤਮ ਸਮਝਿਆ ਜਾਂਦਾ ਹੈ ਇਸੀ ਪ੍ਰਕਾਰ ਦੁਸ਼ਟ ਪੁਰਖਾਂ ਦੇ ਵਿਰੋਧ ਅਤੇ ਮਿਲਾਪ ਤੋਂ ਭਲੇ ਪੁਰਖਾਂ ਨੂੰ ਸਦਾ ਹੀ ਬਚੇ ਰਹਿਣਾ ਯੋਗ ਹੈ।

ਕਿਯਾ ਮਹਾਤਮਾਂ ਪੁਰਖ ਇਸ ਬਚਨ ਪਰ ਵਿਸ਼ਵਾਸ਼ ਕਰਕੇ ਅਪਣੇ ਆਪ ਨੂੰ ਦੁਸ਼ਟ ਪੁਰਖ ਦੇ ਮਿਲਾਪ ਤੇ ਦੂਰ ਨਹੀਂ ਰਖਣਗੇ?

ਦੋਹਰਾ

ਪਹੁਪ ਗੰਧ ਮਾਖੀ ਤਜੈ, ਭਜੈ ਮੈਲ ਨਿਸ ਜਾਮ॥
ਗੁਨ ਤਜ ਔਂਗੁਨ ਲੈਤ ਹੈ, ਯਹਿ ਦੁਰਜਣ ਕੋ ਕਾਮ॥੧੦॥

ਇਸ ਬਚਨ ਦਾ ਭਾਵ ਇਹ ਹੈ ਕਿ ਮੱਖੀ ਨੂੰ ਭਾਵੇਂ ਕਿਤਨੇ ਹੀ ਚੰਬੇ ਮਰੂਏ

ਅਤੇ ਕੇਵੜ ਆਦਿਕ ਦੇ ਫੁੱਲਾਂ ਪਰ ਬਠਾਉ ਅਰ ਚੰਦਨ ਆਦਿਕ ਦੀ ਸੁਗੰਧੀ ਪਰ ਲਗਾਓ ਪਰੰਤੂ ਉਹ ਉਸ ਨੂੰ ਛੱਡਕੇ ਜਿਥੇ ਮੈਲੀ ਜਗ੍ਹਾ ਪਰ ਮੈਲ ਪਈ ਹੋਵੇਗੀ ਉਸੀ ਉਪਰ ਜਾਇ ਬੈਠੇਗੀ। ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਹਜ਼ਾਰਾਂ ਗੁਣਾਂ ਨੂੰ ਛਡ ਕੇ ਜੋ ਕਿਤੇ ਜਗ ਪਰ ਕੁੰਭੀ ਐਬ ਦੇਖੇਗਾ ਉਸ ਦੇ ਮਗਰ ਲਗ ਜਾਇਗਾ ਅਤੇ ਗੁਣਾਂ ਨੂੰ ਤਿਯਾਗ ਦਏਗਾ।

ਜਿਸ ਪ੍ਰਕਾਰ ਮੱਖੀਆਂ ਦੇ ਬਚਾਓ ਲਈ ਪੁਰਖ ਚਿਕਾਂ ਲਗਾਇ ਲੈਂਦੇ ਹਨ ਇਸੀ ਪ੍ਰਕਾਰ ਮਹਾਤਮਾਂ ਪੁਰਖ ਅਜੇਹੇ ਪਾਪੀ ਦੁਸ਼ਟਾਂ ਵਾਸਤੇ ਭੀ ਧੀਰਜ ਅਤੇ ਖਿਮਾਂ ਰੂਪੀ ਚਿਕਾਂ ਆਪਨੇ ਇੰਦ੍ਰੇ ਰੂਪੀ ਦੁਆਰਿਆਂ ਪਰ ਤਾਣ ਲੈਣ।

ਦੋਹਰਾ

ਲਘੁ ਅਰ ਅਵਸਰ ਪਾਇਕੇ, ਦੁਖ ਦਾਇਕ ਅਵਨੀਸ॥
ਅਹ ਕਾਂਟਾ ਪਗ ਮਹਿਂ ਲਗੇ, ਪੀੜਾ ਦੇ ਨਖ ਸੀਸ॥੧੧॥

ਇਸ ਦਾ ਭਾਵ ਇਹ ਹੈ ਕਿ ਹੇ ਰਾਜਾ ਛੋਟਾ ਸਤ੍ਰ ਭੀ ਸਮਯ ਪਾਕੇ ਵਡਾ ਦੁੱਖ ਦੇ ਸਕਦਾ ਹੈ, ਜੈਸਾ ਕਿ ਸੱਪ ਦਾ ਕੰਡਾ ਬਹੁਤ ਛੋਟਾ ਹੁੰਦਾ ਹੈ ਪਰ ਜਦ ਉਹ ਪੈਰ ਵਿਚ ਆਇ ਲਗਦਾ ਹੈ ਤਦ ਨਖ ਸਿਰ ਤੱਕ ਸਾਰੇ ਸਰੀਰ ਨੂੰ ਦੁੱਖ ਦੇ ਦਿੰਦਾ ਹੈ, ਇਸੀ ਪ੍ਰਕਾਰ ਦੁਰਜਨ ਭਾਵੇਂ ਛੋਟਾ ਭੀ ਹੋਵੇ ਪਰੰਤੂ ਸਮਯ ਪਰ ਓਹੋ ਵਡਾ ਭਿਯਾਨਕ ਰੂਪ ਹੋਕੇ ਦੁਖਦਾਯੀ ਬਣ ਕਰਕੇ ਕਈ ਪ੍ਰਕਾਰ ਦੇ ਦੁਖ ਦੇ ਸਕਦਾ ਹੈ।

ਇਸ ਨੀਤੀ ਬਚਨ ਪਰ ਅਮਲ ਕਰਨ ਵਾਲੇ ਮਹਾਤਮਾ ਇਹ ਖਿਆਲ ਨਾ ਕਰਨ ਕਿ ਇਹ ਅਤਿ ਤੁਛ ਪ੍ਰਾਣੀ ਹੈ ਸੋ ਸਾਡਾ ਕਿਆ ਨੁਕਸਾਨ ਕਰ ਸਕਦਾ ਹੈ ਕਿੰਤੂ ਸਮੇਂ ਪਰ ਓਹੋ ਕਈ ਪ੍ਰਕਾਰ ਦੇ ਦੁਖ ਦੇ ਸਕਦਾ ਹੈ ਤਾਂ ਤੇ ਅਜੇਹੇ ਦੁਸ਼ਟ ਪੁਰਸ਼ ਨੂੰ ਜਰੂਰ ਕੰਡੇ ਵਾਂਗ ਕੱਢਕੇ ਸ਼ਾਂਤਿ ਕਰਨ, ਨਹੀਂ ਵਿਚ ਰਹਿਕੇ ਸਾਰੇ ਸਰੀਰ ਰੂਪੀ ਸਮਾਜ ਨੂੰ ਗਾਲ ਦੇਵੇਗਾ।

ਦੋਹਰਾ

ਪਰ ਯਸ਼ ਕੀ ਪਾਵਕ ਵਿਖੇ, ਭਸਮ ਹੋਤ ਨਰ ਗੁਵਾਰ॥
ਤਾਂ ਤੇ ਨਿੰਦਾ ਕਰਤ ਹੈ, ਪਰ ਅਪਯਸ਼ ਕੋ ਗਾਰ॥੧੨॥

ਇਸ ਨੀਤੀ ਬਚਨ ਦਾ ਭਾਵ ਅਰਥ ਇਹ ਹੈ ਕਿ ਦੁਸ਼ਟ ਪੁਰਖ ਪਰਾਈ ਸੋਭਾ ਦੀ ਅੱਗ ਵਿਚ ਸੜਨ ਲੱਗ ਜਾਂਦਾ ਹੈ, ਪਰੰਤੂ ਜਿਸ ਪ੍ਰਕਾਰ ਜਦ ਕੋਈ ਪੁਰਖ ਅੱਗ ਨਾਲ ਜਲਦਾ ਹੋਵੇ ਤਦ ਉਹ ਇਹ ਕਰਦਾ ਹੈ ਕਿ ਜਿਥੇ ਉਹ ਚਿੱਕੜ ਦੇਖਦਾ ਹੈ ਉਸ ਨੂੰ ਚੁੱਕ ਕੇ ਆਪਣੇ ਉਪਰ ਪਾਉਂਦਾ ਹੈ। ਜਿਸ ਤੇ ਉਸ ਅੱਗ ਦੇ ਦਾਹ ਨੂੰ ਉਹ ਠੰਡਾ ਕਰਦਾ ਹੈ। ਇਸੀ ਪ੍ਰਕਾਰ ਦੁਰਜਨ ਪੁਰਖ ਭੀ ਉਸ ਪਰਯਸ਼ ਦੀ ਅੱਗ ਦੇ ਦਾਹ ਦਾ ਦਧਿਆ ਹੋਇਆ ਪਰਾਏ ਅਪਯਸ਼ ਰੂਪੀ ਨਿੰਦਿਯਾ ਦਾ ਚਿੱਕੜ ਆਪਣੇ ਉਪਰ ਪਾਕੇ ਆਪਣੀ ਆਤਮਾ ਨੂੰ ਠੰਢਾ ਕਰਦਾ ਹੈ। ਕਯਾ ਮਹਾਤਮਾਂ ਪੁਰਖ ਭੀ ਇਸ ਅੱਗ ਵਿੱਚ ਆਪਣੇ ਆਪ ਨੂੰ ਤਪਾਉਣਗੇ?

ਦੋਹਰਾ

ਤੁਲ ਦੁਸ਼ਟ ਮ੍ਰਿਦੰਗ ਪਿੰਡ, ਤੁੰਡ ਪਰ ਜਬ ਪਰਹਿ॥
ਤਬ ਲਗ ਬੋਲਤ ਚੰਗ, ਨਹੀਂ ਤਨਿੰਦ ਕੁਰਸ ਕਰਹਿ॥੧੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਦੁਸ਼ਟ ਪੁਰਖ ਅਤੇ ਤਪਲੇ ਦਾ ਇਕੋ ਜੇਹਾ ਸੁਭਾਵ ਹੈ ਕਿਉਂਕਿ ਤਪਲੇ ਪਰ ਜਿਤਨਾ ਚਿਰ ਆਟਾ ਰਖਦੇ ਰਹੀਏ ਉਤਨਾ ਚਿਰ ਹੀ ਉਹ ਸੁੰਦਰ ਅਵਾਜ਼ ਦੇਕੇ ਰਸ ਬਣਾ ਛਡਦਾ ਹੈ ਪਰੰਤੂ ਜਦ ਆਟਾ ਉਤਾਰ ਲਈਏ ਫੇਰ ਉਸੇ ਵੇਲੇ "ਢੈਂ ਢੈਂ" ਕਰਨ ਲਗ ਜਾਂਦਾ ਹੈ। ਇਸ ਪ੍ਰਕਾਰ ਖੋਟੇ ਪੁਰਖ ਦਾ ਭੀ ਇਹ ਲਖਨ ਹੈ ਕਿ ਜਿਤਨਾ ਚਿਰ ਉਸ ਨਾਲ ਸੱਚ ਝੂਠ ਬੋਲ ਕੇ ਲਲੋਂ ਪਤੋਂ ਕਰਦੇ ਰਈਏ ਉਤਨਾ ਚਿਰ ਤਾਂ ਤਾਰੀਫ ਕਰਦਾ ਹੈ ਅਰ ਅਛਾ ਰਹਿੰਦਾ ਹੈ ਪਰੰਤੂ ਜਦੋਂ ਉਸ ਦੀ ਖੁਸ਼ਾਮਦ ਦਾ ਆਟਾ ਉਤਾਰ ਲਈਏ ਤਦ ਉਸੇ ਸਮਯ ਲੋਕਾਂ ਵਿਚ ਨਿੰਦਿਯਾ ਰੂਪ ਕੁਰਸ ਕਰਨ ਲਗ ਜਾਂਦਾ ਹੈ।

ਪਾਠਕ ਗਣ ਅਜੇਹੇ ਸੁਭਾਵ ਵਾਲੇ ਤਪਲੇ ਸਨੇਹੀ ਪੁਰਖਾਂ ਤੋਂ ਬਚੇ ਰਹਿਨ॥

ਦੋਹਰਾ

ਦੁਰਜਨ ਕੋ ਤਜ ਦੀਜੀਏ, ਵਿਦਯਾ ਸਹਤ ਸਿੰਗਾਰ॥
ਮਨ ਭੂਖਤ ਜਿਮ ਸਰਪ ਕੋ, ਕੌਨ ਧਰਤ ਹੈ ਪਯਾਰ॥੧੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਖੋਟਾ ਪੁਰਖ ਭਾਵੇਂ ਵਿਦ੍ਵਾਨ ਅਤੇ ਬਹੁਤ ਸੁੰਦਰ ਬਸਤ੍ਰ ਭੂਖਣਾ ਕਰਕੇ ਸ਼ਿੰਗਾਰਿਆ ਹੋਇਆ ਭੀ ਹੋਵੇ ਤਾਂ ਭੀ ਤਿਯਾਗ ਦੇ ਜੋਗ ਹੈ। ਜੈਸਾ ਕਿ ਸਰਪ ਭਾਵੇਂ ਮਣੀ ਵਾਲਾ ਭੀ ਹੈ ਪਰ ਤਾਂ ਭੀ ਉਹ ਬਹੁਤ ਭਿਯਾਨਕ ਸਮਝਕੇ ਪੁਰਖ ਉਸ ਤੇ ਦੂਰ ਰਹਿੰਦੇ ਹਨ।

ਇਸ ਨੀਤੀ ਬਚਨ ਨੂੰ ਵਿਚਾਰਨ ਵਾਲੇ ਪੁਰਖ ਬਹੁਤ ਗੁਣੀ ਅਤੇ ਦੇਖਣ ਨੂੰ ਸੁੰਦਰ ਦੁਸ਼ਟ ਪੁਰਖ ਨੂੰ ਭੀ ਇਸ ਪ੍ਰਕਾਰ ਤਿਯਾਗ ਦੇਣਗੇ ਜਿਸ ਪ੍ਰਕਾਰ ਸੁੰਦਰ ਅਤੇ ਮਿਠੇ ਜ਼ਹਿਰ ਵਾਲੇ ਲਡੂਆਂ ਨੂੰ ਭੁੱਖਾ ਪੁਰਖ ਤਿਆਗ ਦੇਂਦਾ ਹੈ।

ਦੋਹਰਾ

ਦਜਨ ਸੂਜਨ ਇੱਕ ਵਸਤ ਮਹਿ, ਗੁਨ ਔਗੁਨ ਚੁਨ ਲੇਤ॥
ਹੰਸ ਸਿੰਧ ਮੁਕਤਾ ਚੁਨੇ, ਬਕ ਦਾਦਰ ਕੋ ਹੇਤ॥੧੫॥

ਇਸ ਬਚਨ ਦਾ ਭਾਵ ਇਹ ਹੈ ਕਿ ਅੱਛੇ ਪੁਰਖ ਇਕੋ ਵਸਤੂ ਵਿਚ ਗੁਣ ਅਤੇ ਔਗੁਣ ਆਪਣੀ ਪ੍ਰਾਕ੍ਰਿਤੀ ਦੇ ਅਨੁਸਾਰ ਚੁਣ ਲੈਂਦੇ ਹਨ ਜੈਸਾ ਕਿ ਇਕੋ ਸਮੁੰਦਰ ਵਿਚੋਂ ਹੰਸ ਆਪਨੇ ਸੁਭਾਵ ਅਨੁਸਾਰ ਮੋਤੀ ਚੁਗ ਲੈਂਦਾ ਹੈ ਅਤੇ ਬਗੁਲਾ ਅਪਣੀ ਪ੍ਰਕ੍ਰਿਤੀ ਅਨੁਸਾਰ ਉਸੇ ਵਿਚੋਂ ਡਡੂ ਪਕੜ ਲੈਂਦਾ ਹੈ।

ਇਸ ਨੀਤੀ ਦੇ ਵਿਚਾਰਨ ਵਾਲੇ ਪੁਰਖ ਹਰ ਇਕ ਵਸਤੂ ਦੇ ਗ੍ਰਿਹਨ ਅਤੇ ਤਿਯਾਗ ਵਿਚ ਦੇਖ ਲੈਣ ਕਿ ਅਸੀ ਡੱਡੂ ਚੁਗਦੇ ਹਾਂ ਯਾ ਮੋਤੀ॥

ਦੋਹਰਾ

ਦੁਸ਼ਟ ਸਾਰ ਕੋ ਛੋਡ ਕੇ, ਰਖੇ ਪਾਸ ਅਸਾਰ॥
ਜਿਉਂ ਛਲਨੀ ਮੈਦਾ ਤਜੇ, ਰਾਖਤ ਛਾਨ ਸੰਭਾਰ॥੧੬॥

ਇਸ ਨੀਤੀ ਬਚਨ ਦਾ ਅਰਥ ਇਹ ਹੈ ਕਿ ਬੁਰੇ ਪੁਰਖਾਂ ਦਾ ਇਹ ਕੰਮ ਹੈ ਜੋ ਕਈ ਪ੍ਰਕਾਰ ਦੇ ਗੁਣਾਂ ਨੂੰ ਤਿਆਗ ਕੇ ਹਰ ਇਕ ਵਸਤੂ ਵਿਚੋਂ ਔਗੁਣਾਂ ਨੂੰ ਅਪਣੇ ਪਾਸ ਸੰਭਾਲ ਰਖਦੇ ਹਨ। ਜੈਸੇ ਕਿ ਛਾਲਨੀ ਦਾ ਸੁਭਾਵ ਹੈ ਜੋ ਮੈਦੇ ਨੂੰ ਤਾਂ ਹੇਠਾਂ ਸਿਟੀ ਜਾਂਦੀ ਹੈ ਅਤੇ ਸੂੜਾ ਭਾਂਵੇ ਕਿਤਨਾ ਹੀ ਥੋੜਾ ਕਯੋਂ ਨਾ ਹੋਵੇ ਸੋ ਅਪਣੇ ਪਾਸ ਰਖ ਲੈਂਦੀ ਹੈ।

ਪਾਠਕਾਂ ਨੂੰ ਹਰ ਇਕ ਅਜੇਹੇ ਛਾਲਨੀ ਦੇ ਸੁਭਾਵ ਵਾਲੇ ਪੁਰਖ ਤੇ ਬਚਕੇ ਰਹਿਣਾ ਚਾਹੀਦਾ ਹੈ।

ਦੋਹਰਾ

ਭਾਗ ਹੀਨ ਕੋ ਨਾ ਮਿਲੇ, ਭਲੀ ਵਸਤ ਕੋ ਜੋਗ॥
ਦਾਖ ਪਕੇ ਤਬ ਮੂੰਹ ਪਕੇ, ਕਾਗਾਂ ਆਵੇ ਰੋਗ॥੧੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਖੋਟੇ ਭਾਗਾਂ ਵਾਲੇ ਪੁਰਖ ਹਨ ਉਨ੍ਹਾਂ ਨੂੰ ਭਲੀ ਵਸਤੂ ਦਾ ਮਿਲਾਪ ਪਹਿਲੇ ਤਾਂ ਹੁੰਦਾ ਨਹੀਂ ਕਿੰਤੂ ਜੇ ਹੋ ਭੀ ਜਾਏ ਤਾਂ ਉਨ੍ਹਾਂ ਨੂੰ ਪ੍ਰਾਪਤ ਨਹੀਂ ਹੁੰਦੀ ਜਿਸ ਪ੍ਰਕਾਰ ਜਦ ਦਾਖਾਂ ਪੱਕਦੀਆਂ ਹਨ ਤਦ ਕਾਵਾਂ ਦੇ ਮੂੰਹ ਭੀ ਪੱਕ ਜਾਂਦੇ ਹਨ ਜਿਸ ਤੇ ਉਨ੍ਹਾਂ ਦਾਖਾਂ ਦੀ ਪ੍ਰਾਪਤੀ ਹੋਇਆ ਭੀ ਨਸੀਬਾਂ ਵਿਚ ਨਹੀਂ ਹੁੰਦੀਆਂ।

ਇਸ ਨੀਤੀ ਬਚਨ ਦਾ ਭਾਵ ਇਹ ਗੂੜਤਾ ਰਖਦਾ ਹੈ ਕਿ ਖੋਟਾ ਪੁਰਖ ਪਹਿਲੇ ਤਾਂ ਕਿਸੇ ਦੇਸੀ ਯਾ ਕੌਮੀ ਭਲਾਈ ਦਾ ਹਿਸੇਦਾਰ ਹੁੰਦਾ ਹੀ ਨਹੀਂ, ਪਰੰਤੂ ਜੇ ਹੋ ਭੀ ਜਾਏ ਤਾਂ ਉਸ ਸਮਯ ਉਸ ਦੀ ਬੁਧੀ ਨੂੰ ਅਜੇਹਾ ਉਲਟਾ ਚਕਰ ਆਉਂਦਾ ਹੈ ਜੋ ਇਸ ਜਸ਼ ਤੇ ਖਾਲੀ ਰਹਿ ਜਾਂਦਾ ਹੈ ਅਰ ਸੋਭਾ ਉਸ ਦੇ ਭਾਗਾਂ ਵਿਚ ਨਹੀਂ ਹੁੰਦੀ।

ਦੋਹਰਾ

ਰਿਣ ਸੱਤ੍ਰ ਅਗਨੀ ਖਲੂ, ਸਰਪ ਦੁਸ਼ਟ ਸਗ ਜੋਗ॥

ਤਜੇ ਲਹੇ ਸੁਖ ਜਗਤ ਮਹਿ, ਭਏ ਦੇਤ ਬਹੁ ਰੋਗ।੧੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਕਰਜ਼ਾ, ਦੁਸ਼ਮਣ, ਅੱਗ, ਮੂਰਖ, ਸੱਪ ਅਤੇ ਹਲਕਾਏ ਕੁਤੇ ਆਦਿਕਾਂ ਦੇ ਮਿਲਾਪ ਤੇ ਕਈ ਪ੍ਰਕਾਰ ਦੇ ਕਲੇਸ਼ ਜੀਵਾਂ ਨੂੰ ਪ੍ਰਾਪਤ ਹੁੰਦੇ ਹਨ। ਪਰੰਤੂ ਇਨ੍ਹਾਂ ਦੀ ਸੰਗਤ ਦੇ ਤਿਆਗ ਤੇ ਸਦਾ ਹੀ ਸੁਖ ਦੀ ਪ੍ਰਾਪਤੀ ਹੁੰਦੀ ਹੈ। ਇਸ ਵਾਸਤੇ ਪੁਰਖ ਇਨਾਂ ਦੁਖਦਾਈ ਪਦਾਰਥਾਂ ਤੇ ਸਦਾ ਹੀ ਆਪਣੇ ਆਪ ਨੂੰ ਬਚਾਈ ਰਖੇ।

ਦੋਹਰਾ

ਕਾਮ ਧੇਨ ਥੰਨ ਮੈ ਬਸੇ, ਚੀਚਰ ਰੁਧਰ ਆਘਾਤ॥

ਦੁਘਧ ਅਮੀ ਕੀ ਓਰ ਵਹਿ, ਭੂਲ ਨਾ ਕਬਹੂੰ ਜਾਤ।੧੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਚਿੱਚੜ ਗਊ ਦੇ ਸ਼ਰੀਰ ਵਿਚੋਂ ਹੀ ਪੈਦਾ ਹੋ ਕੇ ਅਤੇ ਉਸ ਦੇ ਦੁਧ ਵਾਲੇ ਥਨਾਂ ਵਿਚ ਨਵਾਸ ਕਰਦਾ ਹੈ ਪਰੰਤੂ ਉਹ ਦੁਧ ਦੀ ਵੱਲ ਬਿੱਲਕੁਲ ਨਹੀਂ ਜਾਂਦਾ ਕਿੰਤੂ ਉਸ ਦੁਧ ਰੂਪੀ ਅੰਮ੍ਰਿਤ ਨਾਲ ਭਰੇ ਹੋਏ ਥਨਾਂ ਵਿਚੋਂ ਲਹੂ ਨੂੰ ਹੀ ਪੀ ਜਾਂਦਾ ਹੈ।

ਇਸੀ ਤਰਾਂ ਦੁਸ਼ਟ ਪੁਰਸ਼ ਭਾਵੇਂ ਭਲੇ ਪੁਰਸ਼ਾਂ ਵਿੱਚ ਹੀ ਪੈਦਾ ਹੁੰਦੇ ਹਨ ਅਤੇ ਭਲੇ ਸਤਿਸੰਗ ਵਿੱਚ ਹੀ ਰਹਿੰਦੇ ਹਨ ਪਰੰਤੂ ਉਹ ਸਾਰੇ ਗੁਣਾਂ ਨੂੰ ਛੱਡਕੇ ਔਗੁਣਾਂ ਨਾਲ ਹੀ ਬਿਉਹਾਰ ਰਖਦੇ ਹਨ। ਪਾਠਕਾਂ ਨੂੰ ਚਾਹੀਦਾ ਹੈ ਜੋ ਚਿੱਚੜ ਸਮਾਨ ਦੁਸ਼ਟ-ਪੁਰਸ਼ ਨੂੰ ਨਰਮ ਅਤੇ ਕੂਲਾ ਕੂਲਾ ਵੇਖਕੇ ਨਾ ਭੁੱਲ ਜਾਣ ਕਿਉਂਕਿ ਜੋ ਉਹ ਲਹੂ ਪੀਣ ਵਾਲਾ ਹੈ।

ਦੋਹਰਾ

ਪਹੁਪ ਪੇਡ ਤੇ ਭਵਰ ਬਹੇ, ਤੁਰਤ ਸੁਗੰਧੀ ਲੇਤ॥
ਤਿਸ ਹੀ ਮੂਲ ਮੈਂ ਬੈਠ ਕਰ, ਭੂੰਡ ਗੋਬਰੀ ਹੇਤ।੨੦॥

ਇਸ ਨੀਤੀ ਬਚਨ ਦਾ ਭਾਵ ਹੈ ਕਿ ਇਕੋ ਫੁਲਾਂ ਦੇ ਬੂਟੇ ਵਿਚੋਂ ਭਵਰ ਤਾਂ ਫੁਲਾਂ ਦੀ ਵਾਸ਼ਨਾ ਲੈਂਦਾ ਹੈ ਅਤੇ ਭੂੰਡ ਉਸ ਦੀਆਂ ਜੜ੍ਹਾਂ ਵਿਚ ਗੋਹੇ ਦੀ ਗੋਲੀ ਰੋੜ੍ਹ ਕੇ ਅਨੰਦ ਲਾਭ ਕਰਦਾ ਹੈ। ਇਸੀ ਪ੍ਰਕਾਰ ਇਕੋ ਵਸਤੂ ਵਿਚੋਂ ਭਵਰ ਦੀ ਨਯਾਈ ਮਹਾਤਮਾਂ ਪੁਰਖ ਗੁਣ ਨੂੰ ਗ੍ਰਿਹਨ ਕਰ ਲੈਂਦੇ ਹਨ ਅਤੇ ਮੂਰਖ ਪੁਰਖ ਉਸੀ ਵਸਤੂ ਵਿਚੋਂ ਔਗੁਣ ਗ੍ਰਹਨ ਕਰ ਲੈਂਦੇ ਹਨ। ਹਰ ਇਕ ਪੁਰਸ਼ ਨੂੰ ਚਾਹੀਦਾ ਹੈ ਜੋ ਭੂੰਡ ਬ੍ਰਿਤੀ ਨੂੰ ਛਡਕੇ ਭਵਰ ਵਾਲੀ ਬ੍ਰਿਤੀ ਨੂੰ ਧਾਰਨ ਕਰੇ।

ਦੋਹਰਾ

ਲਖ ਕੋਮਲ ਉਪਦੇਸ਼ ਤੇ, ਦੁਸ਼ਟ ਨ ਸੀਧਾ ਹੋਤ॥
ਤੇਲ ਘ੍ਰਿਤ ਸਗ ਪੂਛ ਕੋ, ਟੇਢਾ ਪਨ ਨਹੀਂ ਖੋਤ।੨੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਖੋਟੇ ਪੁਰਖ ਨੂੰ ਭਾਵੇਂ ਕਿਤਨੇ ਹੀ ਕੋਮਲ ਅਤੇ ਨਿਮ੍ਰਤਾ ਵਾਲੇ ਬਚਨਾਂ ਦੇ ਉਪਦੇਸ਼ ਕਿਉਂ ਨਾ ਕਰੀਏ ਪਰੰਤੂ ਉਨ੍ਹਾਂ ਨੂੰ ਸੁਣ ਕੇ ਉਸ ਦੇ ਹਿਰਦੇ ਦੀ ਕੁਟਲਤਾ ਦੂਰ ਨਹੀਂ ਹੋਵੇਗੀ, ਜੈਸਾ ਕਿ ਕੁਤੇ ਦੀ ਪੂੰਛ ਨੂੰ ਭਾਵੇਂ ਕਿਤਨਾ ਹੀ ਤੇਲ ਅਤੇ ਘਿਓ ਨਾਲ ਤਰ ਕਰਕੇ ਲਪੇਟ ਰਖੋ ਅਰ ਮਾਲਸ਼ ਕਰੋ ਪਰ ਉਸ ਦੀ ਪੂੰਛ ਕਦੇ ਭੀ ਸਿਧੀ ਨਹੀਂ ਹੋਵੇਗੀ। ਮਹਾਤਮਾਂ ਪੁਰਖਾਂ ਨੂੰ ਚਾਹੀਦਾ ਹੈ ਜੋ ਐਸੇ ਖੋਟੇ ਸੁਭਾਉ ਵਾਲੇ ਪੁਰਖਾਂ ਤੇ ਨੇਕੀ ਦੀ ਆਸ ਨਾ ਰਖਣ।

ਦੋਹਰਾ

ਦੁਸ਼ਟ ਔਰ ਪੁਨ ਕਾਕ ਕੋ, ਦੀਖਤ ਏਕ ਸੁਭਾਇ॥
ਕਾਕ ਸੁਕਲ ਪਟ ਬੀਠ ਦੇ, ਖਲ ਗੁਣ ਦੋਖ ਦਖਾਇ।੨੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਦੁਸ਼ਟ ਪੁਰਖ ਅਤੇ ਕਾਂਉ ਦਾ ਇਕੋ ਜਿਹਾ ਸੁਭਾਉ ਹੁੰਦਾ ਹੈ, ਕਿਉਂਕਿ ਕਾਉਂ ਦਾ ਸੁਭਾਉ ਹੈ ਜੋ ਜਿਸ ਜਗ੍ਹਾ ਪਰ ਕਿਸੇ ਪੁਰਖ ਦੇ ਸਫੈਦ ਬਸਤ੍ਰ ਪਹਰੇ ਹੋਏ ਦੇਖੇਗਾ। ਸੋ ਉਥੇ ਹੀ ਉਹ ਜਾਣਕੇ ਵਿਠ ਕਰੇਗਾ ਜਿਸ ਤੇ ਉਹ ਬਸਤ੍ਰ ਦੀ ਸੁੰਦਰਤਾ ਨੂੰ ਜ਼ਰੂਰ ਕਲੰਕਤ ਕਰਕੇ ਦਖਾਉਣਾ ਚਾਹੁੰਦਾ ਹੈ। ਇਸੀ ਪ੍ਰਕਾਰ ਦੁਸ਼ਟ ਪੁਰਖ ਦਾ ਭੀ ਇਹ ਸੁਭਾਵਕ ਸਭਾਵ ਹੈ ਜੋ ਭਾਂਵੇ ਕੇਹਾ ਹੀ ਗੁਣ ਵਾਲਾ ਕਥਨ ਹੋਵੇ ਉਸ ਵਿਚ ਕੋਈ ਨਾ ਕੋਈ ਦੋਖ ਰੂਪੀ ਵਿਚ ਜ਼ਰੂਰ ਕਰੇਗਾ ਅਤੇ ਤਨੋ ਮਨੋ ਉਸ ਨੂੰ ਦੂਖਤ ਕਰਕੇ ਦੁਖਾਉਣ ਲਈ ਯਤਨ ਕਰੇਗਾ। ਐਸੇ ਪੁਰਖਾਂ ਕੋਲੋਂ ਮਹਾਤਮਾਂ ਸਦਾ ਹੀ ਬਚੇ ਰਹਿਣ।

ਦੋਹਰਾ

ਚੀਟੀ ਦੁਰਜਨ ਦੁਹਨ ਮਹਿ, ਏਕੋ ਬਸਤ ਸੁਭਾਇ॥
ਗੁਨ ਮੰਦਰ ਮਹਿ ਪੈਠ ਕਰ, ਛਿਦਰ ਲੇਤਤ ਕਾਇ।੮੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਦੁਸ਼ਟ ਪੁਰਖ ਅਤੇ ਕੀੜੀ ਦਾ ਇਕੋ ਜਿਹਾ ਸੁਭਾਵ ਹੈ ਕਿਉਂਕਿ ਕੀੜੀ ਭਾਵੇਂ ਕਿਹੇ ਸੁੰਦਰ ਮੰਦਰ ਵਿੱਚ ਜਾਵੇ ਪਰੰਤੂ ਉਹ ਉਸ ਮੰਦਰ ਦੀ ਸੁੰਦਰਤਾ ਨੂੰ ਤੱਜ ਕੇ ਉਸ ਵਿੱਚ ਕੋਈ ਛਿਦੋਰ ਟੋਲੇਗੀ ਇਸ ਪ੍ਰਕਾਰ ਦੁਸ਼ਟ ਪੁਰਖ ਭੀ ਗੁਣਾਂ ਰੂਪੀ ਮੰਦਰ ਵਿਚ ਕੋਈ ਨਾ ਕੋਈ ਦੋਖ ਟੋਲ ਕੇ ਉਸ ਗੁਣ ਨੂੰ ਦੂਖਤ ਕਰਨਾ ਚਾਹੇਗਾ ਅਤੇ ਉਸ ਗੁਣ ਦੀ ਵੱਲ ਕੋਈ ਖਿਆਲ ਨਹੀਂ ਕਰੇਗਾ।

ਪਿਆਰੇ ਪਾਠਕ ਅਜੇਹੇ ਕੀੜੀ ਦੇ ਸੁਭਾਵ ਵਾਲੇ ਪੁਰਖ ਤੇ ਬਚੇ ਰਹਿਣ ਜੋ ਗੁਣਾਂ ਵਿੱਚ ਔਗੁਣ ਢੂੰਡਦਾ ਹੋਵੇ।

ਦੋਹਰਾ

ਨੀਚ ਪੁਰਖ ਅਰ ਬੇਰ ਮੈਂ, ਭੇਦ ਨਾ ਰੰਚਕ ਜਾਨ॥
ਉਪਰ ਮ੍ਰਿਦ ਦਖਾਇ ਹੈ, ਅੰਤਰ ਕਠਨ ਮਹਾਨ।੮੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਜੋ ਦੁਸ਼ਟ ਆਦਮੀ ਅਤੇ ਬੇਰ ਵਿਚ ਕੁਝ ਭੇਦ ਨਹੀਂ ਹੈ ਜੈਸੇ ਬੇਰ ਉਪਰ ਤੇ ਦੇਖਨ ਲਈ ਸੁੰਦਰ ਅਤੇ ਖਾਣ ਲਈ ਮਿਠਾ ਹੁੰਦਾ ਹੈ ਪਰੰਤੂ ਅੰਦਰ ਉਸ ਦੇ ਇਕ ਅਜੇਹੀ ਕਠਨ ਗਿਟਕ ਅਰਥਾਤ ਗੁਠਲੀ ਹੁੰਦੀ ਹੈ ਜੋ ਸੰਘ, ਵਿਚ ਫਸਕੇ ਆਦਮੀ ਦੀ ਜਾਨ ਲੈ ਲੈਂਦੀ ਹੈ ਅਤੇ ਦੰਦਾਂ ਵਿਚ ਅੜਕੇ ਉਨ੍ਹਾਂ ਨੂੰ ਤੋੜ ਸਿਟਦੀ ਹੈ। ਇਸ ਪ੍ਰਕਾਰ ਦੁਸ਼ਟ ਪੁਰਖ ਭੀ ਭਾਵੇਂ ਦੇਖਣ ਅਤੇ ਬਚਨ ਬਿਲਾਸ ਲਈ ਬਹੁਤਾ ਅਛਾ ਦਿਖਾਈ ਦਿੰਦਾ ਹੈ, ਪਰੰਤੂ ਉਸਦੇ ਅੰਦਰ ਅਜੇਹੀ ਦੋਖ ਰੂਪੀ ਗਿਟਕ ਪਈ ਹੁੰਦੀ ਹੈ ਜੋ ਅਛੇ-ਅਛੇ ਪੁਰਖਾਂ ਨੂੰ ਵੱਡੇ ਵੱਡੇ ਦੁਖ ਦੇ ਸਕਦੀ ਹੈ। ਪਿਆਰੇ ਪਾਠਕ ਅਜੇਹੇ ਪੁਰਖਾਂ ਤੇ ਬਚੇ ਰਹਿਣ।

ਦੋਹਰਾ

ਅਪਨੋ ਕਾਰਜ ਸਰਤ ਨਹਿ, ਦੂਸਰ ਕੋ ਕਰ ਭੰਗ॥
ਤਬ ਦੁਰਜਨ ਸੁਖ ਲੇਤ ਹੈ, ਜਿਉ ਬਿਛੂ ਧਰ ਡੰਗ।੮੫॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪਰਕਾਰ ਬਿਛੂ ਦੂਸਰੇ ਪੁਰਖ ਦੇ ਡੰਗ ਮਾਰ ਕੇ ਉਸ ਨੂੰ ਕਈ ਪ੍ਰਕਾਰ ਦੀ ਪੀੜਾਂ ਦੇ ਅੰਦਰ ਪਾਇ ਦਿੰਦਾ ਹੈ ਪਰੰਤੂ ਉਸ ਦਾ ਆਪਣਾ ਉਸ ਤੇ ਕੋਈ ਪੇਟ ਨਹੀਂ ਭਰਦਾ, ਇਸੀ ਪ੍ਰਕਾਰ ਦੁਸ਼ਟ ਪੁਰਖ ਦੂਸਰੇ ਨੂੰ ਦੁਖ ਦੇਕੇ ਰਾਜ਼ੀ ਹੁੰਦਾ ਹੈ ਅਰ ਅਪਣਾ ਭਾਵੇਂ ਕੁਝ ਭੀ ਸਿਧ ਨਾ ਹੋਵੇ ਅਰ ਨਾ ਕੁਝ ਉਸ ਤੇ ਲਾਭ ਪਹੁੰਚੇ।

ਪਿਆਰੇ ਪਾਠਕ ਅਜੇਹੇ ਬਿਛੂ ਸੁਭਾਵ ਵਾਲੇ ਪੁਰਖਾਂ ਤੇ ਆਪਣੇ ਆਪਨੂੰ ਸਦਾ ਹੀ ਖਬਰਦਾਰ ਰਖਣ।

ਦੋਹਰਾ

ਹਿਤ ਕਰਨੋ ਅਨਹਿਤ, ਲਖੋ ਐਸੋ ਦੁਸ਼ਟ ਸੁਭਾਇ॥
ਜਿਉ ਘ੍ਰਿਤ ਯੁਤ ਭੋਜਨ ਧਰੇ, ਬਾਨਰ ਅਧਕ ਰਿਸਾਇ।੮੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਦੁਸ਼ਟ ਪੁਰਖ ਨਾਲ ਜੇ ਪ੍ਰੀਤੀ

ਕਰੀਏ ਤਦ ਉਹ ਚਿੱਤ ਵਿੱਚ ਇਹ ਜਾਣਕੇ ਕਿ ਖਬਰ ਨਹੀਂ ਮੇਰੇ ਨਾਲ ਇਹ ਪ੍ਰੀਤੀ ਕਰਕੇ ਕਿਹਾ ਕਰੇਗਾ ਸਗੋਂ ਅਨਹਿਤ ਕਰਨ ਲਈ ਤਿਆਰ ਹੋ ਜਾਂਦਾ ਹੈ ਜਿਸ ਪ੍ਰਕਾਰ ਬੰਦ੍ਰ ਨੂੰ ਚੋਪੜ ਕੇ ਰੋਟੀ ਪਾਈਏ ਤਦ ਉਹ ਇਹ ਸਮਝਕੇ ਕਿ ਇਨ੍ਹਾਂ ਨੇ ਇਹ ਚਿਕਨੀ ਜਹੀ ਵਸਤ ਕਿਹਾ ਲਗਾਇ ਦਿਤੀ ਹੈ ਸਗੋਂ ਘੁਰਕਨ ਲੱਗ ਜਾਂਦਾ ਹੈ ਅਤੇ ਉਸੀ ਘਿਓ ਵਾਲੇ ਪੇਪੜ ਨੂੰ ਉਤਾਰ ਕੇ ਦੂਰ ਸਿੱਟ ਦੇਂਦਾ ਹੈ॥

ਪਿਯਾਰੇ ਪਾਠਕ ਅਜੇਹੇ ਬੰਦਰ ਸੁਭਾਵ ਵਾਲੇ ਪੁਰਖਾਂ ਤੇ ਬਚੇ ਰਹਿਣ ਜੋ ਹਿਤ ਵਿਚ ਅਨਹਿਤ ਭਾਵਨਾਂ ਕਰਦੇ ਹਨ।

ਦੋਹਰਾ

ਏਕ ਬੂੰਦ ਕਾਂਜੀ ਪਰੇ, ਸਗਲ ਦੂਧ ਫਟ ਜਾਇ॥
ਤਿਉ ਦੁਰਜਨ ਹਿਤ ਦੁਗਧ ਕੋ, ਫੋੜਤ ਦੁਬਧਾ ਪਾਇ।੨੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਇਕ ਚਾਟੀ ਦੁੱਧ ਦੀ ਭਰੀ ਹੋਈ ਵਿਚ ਇਕ ਸਿਰਕੇ ਦੀ ਬੂੰਦ ਗਿਰ ਕੇ ਸਾਰੇ ਦੁੱਧ ਨੂੰ ਫਿਟਾ ਕੇ ਅਡੋ ਅਡੀ ਕਰ ਦਿੰਦੀ ਹੈ, ਇਸੀ ਪ੍ਰਕਾਰ ਆਪਸ ਵਿਚ ਦੇ ਸਨੇਹੁ ਰੂਪੀ ਦੁੱਧ ਵਿਚ ਦੁਸ਼ਟ ਪੁਰਖ ਦੁਬਧਾ ਰੂਪੀ ਕਾਂਜੀ ਪਾਕੇ ਪਲ ਵਿਚ ਵਿਗਾੜ ਪਾਇ ਸਕਦਾ ਹੈ।

ਪਿਯਾਰੇ ਪਾਠਕ ਅਜੇਹੇ ਸਿਰਕੇ ਦੇ ਮਰਤਬਾਨ ਜੈਸੇ ਲੋਕਾਂ ਕੋਲੋਂ ਬੱਚੇ ਰਹਿਣ ਜਿਸ ਤੋਂ ਪ੍ਰਸਪ੍ਰ ਪ੍ਰੇਮ ਦਾ ਦੁੱਧ ਫਿਟ ਜਾਣ ਦੀ ਆਸ਼ਾ ਹੋਵੇ।

ਦੋਹਰਾ

ਰਾਹੂ ਚੰਦ ਕੋ ਮੰਦ ਕਰ, ਸਭ ਲੋਗਨ ਦਿਖਰਾਤ॥
ਤਦਪ ਸਭ ਹੀ ਤਾਹਿ ਕੋ, ਦੁਸ਼ਟ ਜਾਨ ਦੁਰਕਾਤ।੨੮॥

ਜਿਸ ਪ੍ਰਕਾਰ ਰਾਹੂ ਭਾਵੇਂ ਸਭ ਲੋਗਾਂ ਦੀ ਦ੍ਰਿਸ਼ਟੀ ਵਿਚ ਚੰਦ ਨੂੰ ਮੰਦ ਕਰਕੇ ਭੀ ਪ੍ਰਗਟ ਕਰ ਦਿੰਦਾ ਹੈ ਪਰੰਤੂ ਫੇਰ ਭੀ ਸਾਰੇ ਲੋਗ ਚੰਦ ਨੂੰ ਨੀਚਾ ਨਹੀਂ ਜਾਨਨ ਲਗ ਜਾਂਦੇ ਕਿੰਤੂ ਸਭ ਕੋਈ ਉਸ ਰਾਹੂ ਨੂੰ ਹੀ ਨੀਚ ਅਤੇ ਦੁਸ਼ਟ ਆਖਦੇ

ਹਨ, ਇਸੀ ਪ੍ਰਕਾਰ ਦੁਸ਼ਟ ਪੁਰਖ ਭਾਵੇਂ ਆਪਣੇ ਦੁਸ਼ਟ ਸੁਭਾਵ ਨਾਲ ਭਲੇ ਪੁਰਖਾਂ ਨੂੰ ਦੁਖ ਦੇਕੇ ਦਬਾ ਭੀ ਲੇਵੇ ਪਰੰਤੂ ਫੇਰ ਭੀ ਸੰਸਾਰ ਵਿਚ ਉਹ ਭਲਾ ਨਹੀਂ ਕਹਾਇ ਸਕੇਗਾ। ਪਾਠਕ ਜਨ ਅਜੇਹੇ ਰਾਹੂ ਪੁਰਖ ਤੇ ਜੋ ਗੁਣਾਂ ਨੂੰ ਦੋਖ ਰੂਪੀ ਕਾਲਮਾ ਨਾਲ ਦਬਾਕੇ ਅਛਾ ਕਹਾਉਣ ਦੀ ਆਸਾ ਰਖਦਾ ਹੋਵੇ ਬਚੇ ਰਹਿਣ।

ਦੋਹਰਾ

ਉਜਰੇ ਹੋਤ ਅਨੰਦ ਮਨ, ਵਸਤੇ ਵੈਰ ਬਿਕਾਰ॥
ਜਿਉ ਉਲੂ ਦੁਰਜਨ ਤਿਵੇਂ, ਚਾਹਤ ਕਰੀ ਉਜਾਰ।੨੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਉੱਲੂ ਵਸਦਿਆਂ ਨੂੰ ਦੇਖਕੇ ਖੁਸ਼ ਨਹੀਂ ਹੁੰਦਾ ਕਿੰਤੂ ਹਰ ਵੇਲੇ ਉਜਾੜ ਹੀ ਭਾਲਦਾ ਹੈ ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਆਪਸ ਦੇ ਪਰੇਮ ਨੂੰ ਦੇਖਕੇ ਅਨੰਦ ਨਹੀਂ ਹੁੰਦਾ ਕਿੰਤੂ ਉਹ ਉਜਾੜ ਪੁਜਾੜ ਵਿਚੋਂ ਹੀ ਅਨੰਦਤ ਰਹਿੰਦਾ ਹੈ।

ਪਿਆਰੇ ਪਾਠਕ ਅਜੇਹੇ ਉਲੂ ਦੇ ਸੁਭਾਵ ਵਾਲੇ ਪੁਰਖਾਂ ਤੋਂ ਦੂਰ ਰਹਿਣ।

ਦੋਹਰਾ

ਅੰਤਰ ਤੇ ਕਟੂ ਬਿਖ ਮਹਾਂ, ਉਪਰ ਸੁੰਦਰ ਰੂਪ॥
ਦੁਰਜਨ ਤੂੰਬਾ ਕਟੂ ਸਠ, ਸਮ ਭਾਖਤ ਕਵਿ ਭੂਤ।੩੦॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਕੌੜਾ ਤੂੰਬਾ ਉੱਪਰ ਤੇ ਤਾਂ ਦੇਖਣ ਲਈ ਖਰਬੂਜੇ ਵਾਂਗ ਸੁੰਦਰ ਪ੍ਰਤੀਤ ਹੁੰਦਾ ਹੈ ਪਰੰਤੂ ਅੰਦਰ ਤੇ ਮਹਾਂ ਕੌੜਾ ਅਤੇ ਦੁਖਦਾਈ ਹੁੰਦਾ ਹੈ। ਇਸੀ ਪ੍ਰਕਾਰ ਦੁਸ਼ਟ ਪੁਰਸ਼ ਭੀ ਉਪਰ ਤੇ ਤਾਂ ਬਹੁਤ ਸੁੰਦਰ ਮੂਰਤੀ ਅਰ ਹਸਮੁੱਖ ਜਿਹਾ ਦਿਸਦਾ ਹੈ ਪ੍ਰੰਤੂ ਅੰਦਰ ਤੇ ਮਹਾਂ ਦੋਖੀ ਅਤੇ ਘਾਤੀ ਹੁੰਦਾ ਹੈ, ਅਜੇਹੇ ਪੁਰਸ਼ਾਂ ਤੇ ਬੁੱਧੀਮਾਨ ਬਚੇ ਰਹਿਣ।

ਦੋਹਰਾ

ਦੁਸ਼ਟ ਸੂਰ ਸਮ ਨਿੰਦ ਮਲ, ਨਿਸ ਦਿਨ ਕਰਤ ਅਹਾਰ॥
ਸਜਨ ਗਾਉ ਨਿਰਮਲ ਕਰੇ, ਨਿਜ ਬੁਧੀ ਅਨੁਸਾਰ।੩੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਦੁਸ਼ਟ ਪੁਰਖ ਅਤੇ ਸੂਰ ਇਨ੍ਹਾਂ ਦੋਨਾਂ ਦਾ ਸੁਭਾਵ ਇਕੋ ਜਿਹਾ ਹੈ ਕਿਉਂਕਿ ਸੂਰ ਦਾ ਇਹ ਸੁਭਾਵ ਹੈ ਜੋ ਸਾਰਾ ਦਿਨ ਨਗਰ ਦੇ ਇਰਦੇ ਗਿਰਦੇ ਫਿਰਦਾ ਰੈਂਹਦਾ ਹੈ ਅਤੇ ਜਿਥੇ ਮੈਲਾ ਪਿਆ ਦੇਖਦਾ ਹੈ ਸੋ ਉਥੋਂ ਹੀ ਚੁੱਕ ਕੇ ਸਾਫ ਕਰ ਦਿੰਦਾ ਹੈ, ਇਸੀ ਪ੍ਰਕਾਰ ਦੁਸ਼ਟ ਪੁਰਖ ਵੀ ਮਹਾਤਮਾਂ ਲੋਕਾਂ ਦੇ ਪਿਛੇ ਪਇਆ ਰਹਿੰਦਾ ਹੈ ਅਰ ਜਿਥੇ ਕੋਈ ਦੂਖਨ ਰੂਪੀ ਮੈਲਾ ਦੇਖ ਲੈਂਦਾ ਹੈ ਉਥੇ ਹੀ ਗ੍ਰਿਹਨ ਕਰ ਲਹਿੰਦਾ ਹੈ। ਮਹਾਤਮਾਂ ਪੁਰਖ ਅਜਿਹੇ ਸੂਕਰ ਸੁਭਾਵ ਪੁਰਖਾਂ ਨਾਲ ਦੂਰ ਦਾ ਹੀ ਸਬੰਧ ਰਖਕੇ ਆਪਣੀ ਨਿੰਦਾ ਰੂਪੀ ਮਲ ਦਾ ਭਾਗੀ ਰਖਣ।

ਦੋਹਰਾ

ਖਲ ਖੋਤਾ ਖਿਆਲਨ ਵਿਖੇ, ਕਹੀਏ ਏਕ ਸਮਾਨ॥
ਗੁਨ ਚੰਦਨ ਲੇਖਨ ਤਜੇ, ਅਪਯਸ਼ ਖੇਹ ਉਡਾਨ।੩੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਮੂਰਖ ਪੁਰਖ ਅਤੇ ਗੱਧੇ ਦਾ ਸੁਭਾਵ ਇਕੋ ਜੇਹਾ ਹੁੰਦਾ ਹੈ ਜਿਸ ਪ੍ਰਕਾਰ ਗੱਧੇ ਨੂੰ ਭਾਵੇਂ ਕਿਤਨਾ ਹੀ ਚੰਦਨ ਦਾ ਲੈਪ ਕਰੀਏ ਪਰ ਅੰਤ ਨੂੰ ਉਹ ਖੇਹ ਵਿਚ ਹੀ ਲੇਟਨ ਲੱਗ ਜਾਂਦਾ ਹੈ। ਇਸੀ ਪ੍ਰਕਾਰ ਦੁਸ਼ਟ ਨੂੰ ਭਾਵੇਂ ਕਿਤਨਾ ਹੀ ਸੱਤ ਦਾ ਉਪਦੇਸ਼ ਕਰੀਏ ਪਰੰਤੂ ਤਾਂ ਭੀ ਉਹ ਅਪਯਸ਼ ਦੀ ਖੇਹ ਉਡਾਏ ਬਿਨਾਂ ਨਹੀਂ ਰੈਂਹਦਾ।

ਪਿਆਰੇ ਪਾਠਕ ਅਜੇਹੇ ਗਰਧਵ ਸਮਾਨ ਪ੍ਰਕਤੀ ਵਾਲੇ ਪੁਰਖਾਂ ਤੇ ਦੂਰ ਰੈਹਣ ਕਿਤੇ ਉਨ੍ਹਾਂ ਦੇ ਸਮੀਪ ਹੋਕੇ ਪਰ ਅਪਯਸ਼ ਦੀ ਧੂਲੀ ਨਾਲ ਆਪਣਾ ਰਿਦੇ ਰੂਪੀ ਬਸਤਰ ਮਲਨ ਨਾ ਕਰ ਲੈਣ।

ਦੋਹਰਾ

ਹਿਤ ਮੇਂ ਅਨਹਿਤ ਲਖਤ ਹੈ, ਦੇ ਮੂਰਖ ਉਪਦੇਸ਼॥
ਜਿਉ ਦਰਪਨ ਨਕਟੇ ਦੀਏ, ਮਨ ਮਹਿਂ ਧਰਤ ਕਲੇਸ਼।੩੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਦੁਸ਼ਟ ਪੁਰਖਾਂ ਨੂੰ ਜੇ ਕਦੇ ਭਲੇ ਦਾ ਅਤੇ ਪ੍ਰੇਮ ਦਾ ਉਪਦੇਸ਼ ਭੀ ਕੀਤਾ ਜਾਏ ਤਦ ਉਹ ਸਗੋਂ ਉਲਟਾ ਬੁਰਾ ਮਨਾਉਂਦਾ ਹੈ ਜਿਸ ਪ੍ਰਕਾਰ ਕਿਸੇ ਨਕਟੇ ਨੂੰ ਭਾਵੇਂ ਸਹਿਜ ਸੁਭਾਵ ਹੀ ਸ਼ੀਸ਼ਾ ਦਖਾਈਏ ਪਰੰਤੂ ਉਹ ਇਹ ਸਮਝ ਕੇ ਕਿ ਮੈਨੂੰ ਹਾਸੀ ਕੀਤੀ ਹੈ ਸਗੋਂ ਕਲੇਸ਼ ਨੂੰ ਪ੍ਰਾਪਤ ਹੁੰਦਾ ਹੈ।

ਪਾਠਕ ਅਜੇਹੇ ਨਕਟੇ ਸਮਾਨ ਪੁਰਖ ਨੂੰ ਹਿਤ ਉਪਦੇਸ਼ ਰੂਪੀ ਸ਼ੀਸ਼ਾ ਦਖਾਕੇ ਕੁਪੱਤ ਨਾ ਕਰ ਲੈਣ।

ਦੋਹਰਾ

ਹਿਤ ਸਿਖ੍ਯਾ ਦੇ ਦੁਸ਼ਟ ਕੋ, ਕਿਨ ਨਹਿ ਪਾਇਯੋ ਖੇਦ॥
ਚਿਟਕਾ ਧਾਮ ਗਵਾਇਯੋ, ਦੇ ਮਰਕਟ ਕੋ ਭੇਦ।੩੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਦੁਸ਼ਟ ਪੁਰਖ ਨੂੰ ਸਿਖਿਯਾ ਦੇਕੇ ਕਿਸੇ ਨੇ ਸੁੱਖ ਨਹੀਂ ਪਾਇਆ ਜਿਸ ਪ੍ਰਕਾਰ ਬਈਅੜੇ ਨੇ ਬੰਦਰ ਨੂੰ ਸਿਖਿਯਾ ਦੇਕੇ ਅਪਣਾ ਘਰ ਉਸ ਦੇ ਹਥੋਂ ਹੀ ਕਿਯਾ ਨਹੀਂ ਤੁੜਾਇਆ ਸੀ। ਇਸ ਦਾ ਭਾਵ ਇਹ ਹੈ ਕਿ ਇਕ ਦਿਨ ਪੋਹ ਮਾਘ ਦੀ ਝੜੀ ਵਾਲੇ ਦਿਨ ਹੀ ਸਰਦੀ ਦਾ ਮਾਰਿਆ ਹੋਇਆ ਇਕ ਬੰਦਰ ਉਸ ਰੁੱਖ ਹੇਠ ਆ ਬੈਠਾ ਜਿਥੇ ਬਈਅੜੇ ਦਾ ਆਲ੍ਹਣਾ ਸੀ, ਤਦ ਉਸ ਪੰਖੀ ਨੇ ਬੰਦਰ ਨੂੰ ਦੇਖਕੇ ਆਖਿਯਾ ਤੇਰੇ ਦੋ ਹਥ ਤੇ ਦੋ ਪੈਰ ਹਨ ਅਰ ਮਨੁੱਖਾਂ ਜੇਹਾ ਤੇਰਾ ਸਰੀਰ ਹੈ, ਕਿਆ ਤੂੰ ਅਜੇਹੀ ਸਰਦੀ ਤੇ ਅਪਣੇ ਆਪਨੂੰ ਬਚਾਉਣ ਲਈ ਘਰ ਨਹੀਂ ਬਣਾ ਸਕਦਾ, ਉਸ ਮੂਰਖ ਬੰਦਰ ਨੇ ਆਖਿਯਾ ਕਿ ਹੇ ਮੂਰਖਨੀ ਚਿੜੀਏ ਤੂੰ ਮੈਨੂੰ ਅਕਲ ਦਿੰਦੀ ਹੈ, ਜੇ ਮੈਂ ਅਪਣਾ ਕੁਝ ਨਹੀਂ ਬਣਾ ਸਕਦਾ ਤਾਂ ਤੇਰਾ ਬਣਾਇਆ ਹੋਇਆ ਘਰ ਤਾਂ ਭੋੜਨ ਨੂੰ ਸਮਰਥ ਹਾਂ ਜਿਸ ਪਰ ਉਸ ਨੇ ਉਸ ਦਾ ਸਾਰਾ ਘਰ ਢਾਹ ਦਿਤਾ, ਇਸੀ ਪ੍ਰਕਾਰ ਦੁਸ਼ਟ ਪੁਰਖ ਆਪ ਤਾਂ ਕੁਝ ਕਰਨ ਜੋਗ ਹੁੰਦਾ ਨਹੀਂ ਪਰੰਤੂ ਹੋਰਨਾਂ ਦੀ ਬਣਾਈ ਹੋਈ ਅਛੀ ਵਸਤੂ ਦਾ

ਬੰਦਰ ਵਾਂਗ ਨਾਸ ਕਰਨ ਲਈ ਤਿਯਾਰ ਬਰ ਤਿਯਾਰ ਰਹਿੰਦਾ ਹੈ।

ਪਿਆਰੇ ਪਾਠਕ ਅਜੇਹੇ ਮਰਕਟ ਬੁਧਿ ਪੁਰਖ ਤੇ ਬਚੇ ਰਹਿਣ।

ਦੋਹਰਾ

ਜਿਉ ਸਾਧੂ ਪਰ ਸੁਖ ਸੁਨੇ, ਅਤਿ ਮਨ ਮਹਿ ਹਰਖਾਇ॥
ਤਿਉ ਦੁਰਜਨ ਪਰਸੰਨ ਹੋਇ, ਪਰ ਪਰ ਬਿਪਦਾ ਪਾਇ।੩੫॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਮਹਾਤਮਾਂ ਪੁਰਖ ਪਰਾਏ ਪੁਰਖ ਨੂੰ ਕਿਸੀ ਪ੍ਰਕਾਰ ਦੀ ਸੁਖ ਦੀ ਪ੍ਰਾਪਤੀ ਸੁਣਕੇ ਚਿੱਤ ਵਿੱਚ ਪ੍ਰਸੰਨ ਹੁੰਦੇ ਹਨ, ਇਸੀ ਪ੍ਰਕਾਰ ਦੁਸ਼ਟ ਪੁਰਖ ਪਰਾਈ ਸੋਭਾ ਨੂੰ ਸੁਣਕੇ ਬਹੁਤ ਦੁਖੀ ਹੁੰਦਾ ਹੈ। ਪਰੰਤੂ ਜਦ ਕਿਸੇ ਸੁਖੀਏ ਪਰ ਕੋਈ ਬਿਪਦਾ ਪਾਇ ਦੇਵੇ ਤਦ ਓਹ ਅਪਣੇ ਆਤਮਾਂ ਵਿਚ ਵਡਾ ਪ੍ਰਸੰਨ ਹੁੰਦਾ ਹੈ ਅਰ ਆਖਦਾ ਹੈ ਕਿ ਦੇਖਿਯਾ ਮੈਂ ਕਹੀ ਕੁ ਕੀਤੀ ਜੋ ਉਸ ਦੇ ਸਾਰੇ ਸੁਖ ਨੂੰ ਇਕ ਪਲ ਵਿਚ ਨਾਸ ਕਰਕੇ ਕੇਹੇ ਦੁਖ ਵਿਚ ਚਾਇ ਸਿਟਿਆ ਹੈ।

ਪਾਠਕ ਅਜੇਹੇ ਪੁਰਖਾਂ ਤੋਂ ਸਦਾ ਹੀ ਸਵਧਾਨ ਰਹਿਣ॥

ਦੋਹਰਾ

ਜੋ ਦੁਰਜਨ ਪੀਛੇ ਹਟੇ, ਨਿਵ ਨਿਵ ਅਧਕ ਦਿਖਾਇ॥
ਤਿਉ ਮੇਢੇ ਸਮ ਤਾਹਿ ਪਰ, ਸੁਧੀਨ ਕੋ ਪਾਤਿ ਆਇ।੩੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਦੁਸ਼ਟ ਪੁਰਖ ਜੇ ਵੱਡੀ ਨਿਮਰਤਾ ਦਿਖਾਕੇ ਮੁਕਾਬਲਾ ਕਰਨੋ ਪਿਛੇ ਹੱਟ ਜਾਏ ਤਾਂ ਬੁਧਿਮਾਨ ਪੁਰਖ ਉਸ ਪਰ ਭਰੋਸਾ ਨਾ ਕਰ ਬੈਠਨ ਕਿਉਂਕਿ ਮੇਢਾ ਜਦ ਨੀਵਾਂ ਸਿਰ ਕਰਕੇ ਪਿਛਲੀ ਪੈਰੀਂ ਹਟਦਾ ਹੈ ਤਦ ਉਹ ਕਿਸੇ ਪ੍ਰੇਮ ਭਾਵ ਨਾਲ ਨਹੀਂ ਹਟਦਾ ਕਿੰਤੂ ਉਹ ਕੇਵਲ ਅਗੇ ਨਾਲੋਂ ਭੀ ਜੋਰ ਦੀ ਟੱਕਰ ਮਾਰਨ ਲਈ ਜਾਂਦਾ ਹੈ।

ਪਾਠਕ ਅਜੇਹੇ ਵਿਸ੍ਵਾਸ ਘਾਤੀ ਪੁਰਖਾਂ ਤੋਂ ਬਚੇ ਰਹਿਣ।

ਦੋਹਰਾ

ਹਸਤੀ ਦੁਰਜਨ ਯੁਗਲ ਕੋ, ਮੱਜਨ ਗੁਨ ਨਹਿ ਭਾਤ॥
ਦੁਸ਼ਟ ਬਿਗਾਰੇ ਕਾਜ ਕੋ, ਹਸਤੀ ਖੇਹ ਉਡਾਤ॥੩੭॥

ਇਸ ਨੀਤੀ ਬਚਨ ਦਾ ਭਾਵ ਹੈ ਕਿ ਹਸਤੀ ਅਤੇ ਖੋਟਾ ਪੁਰਖ ਇਕੋ ਜੇਹਾ ਸੁਭਾਵ ਰਖਦਾ ਹੈ, ਜਿਸ ਪ੍ਰਕਾਰ ਹਸਤੀ ਨੂੰ ਭਾਵੇਂ ਕੇਉੜੇ ਦੇ ਅਰਕ ਨਾਲ ਭੀ ਅਸ਼ਨਾਨ ਕਰਾਈਏ ਪਰੰਤੂ ਫੇਰ ਭੀ ਉਹ ਖੇਹ ਉਡਾਕੇ ਆਪਣੇ ਸਿਰ ਪਰ ਪਾਉਂਦਾ ਹੈ, ਇਸੀ ਪ੍ਰਕਾਰ ਖੋਟੇ ਪੁਰਖ ਨੂੰ ਭੀ ਭਾਵੇਂ ਕੇਹੋ ਜੇਹੇ ਅੰਮਿਰਤ ਰੂਪੀ ਬਚਨਾਂ ਦੀ ਬਰਖਾ ਕਰਕੇ ਤ੍ਰਿਪਤ ਕਰ ਦਈਏ ਪ੍ਰੰਤੂ ਉਹ ਫੇਰ ਭੀ ਅਪਯਸ਼ ਰੂਪੀ ਘੱਟਾ ਹੀ ਉਡਾਉਂਦਾ ਹੈ।

ਪਾਠਕ ਅਜੇਹੇ ਹਸਤੀ ਸਮਾਨ ਗੁਣਾਂ ਵਾਲੇ ਪੁਰਖਾਂ ਤੇ ਬਚੇ ਰਹਿਣ ਕਿਉਂਕਿ ਉਨ੍ਹਾਂ ਦੇ ਸੰਗ ਤੇ ਪੁਰਖ ਓਹੋ ਜੇਹਾ ਹੀ ਗੁਣ ਸਿਖ ਜਾਏਗਾ।

ਦੋਹਰਾ

ਦੁਸ਼ਟ ਕੁਸ਼ਟ ਸਮ ਜਿਸ ਸਮਯ, ਕਰਤਾ ਕਾਹੂੰ ਸੰਗ॥
ਦੂਰ ਦੂਰ ਕਰਤਾ ਜਗਤ ਤਹਿੰ, ਹੋਤ ਮਾਨ ਸਭ ਭੰਗ॥੩੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਕੁਸ਼ਟ ਦੀ ਬੀਮਾਰੀ ਜਿਸ ਪੁਰਖ ਦੇ ਸਰੀਰ ਨਾਲ ਸਬੰਧ ਰਖਦੀ ਹੈ ਉਸ ਨੂੰ ਸਾਰੇ ਲੋਗ ਪਰੇ ਪਰੇ ਕਰਨ ਲਗ ਜਾਂਦੇ ਹਨ ਅਤੇ ਉਸ ਪੁਰਖ ਦਾ ਸਾਰਾ ਮਾਣ ਦੂਰ ਹੋ ਜਾਂਦਾ ਹੈ, ਇਸੀ ਪ੍ਰਕਾਰ ਇਸ ਕੁਸ਼ਟ ਰੂਪੀ ਬੀਮਾਰੀ ਜਿਸ ਪੁਰਖ ਨਾਲ ਸਬੰਧ ਕਰਦੀ ਹੈ ਤਦ ਉਸ ਦਾ ਸਾਰਾ ਸਤਿਕਾਰ ਦੂਰ ਕਰਕੇ ਅਪਯਸ਼ ਦਾ ਭਾਗੀ ਕਰ ਦੇਂਦੀ ਹੈ ਜਿਸ ਤੇ ਉਹ ਪੁਰਖ ਲੋਕਾਂ ਦੀ ਨਜ਼ਰ ਤੇ ਗਿਰ ਜਾਂਦਾ ਹੈ।

ਪਿਆਰੇ ਪਾਠਕ ਅਜੇਹੇ ਕੁਸ਼ਟ ਰੂਪੀ ਦੁਸ਼ਟ ਤੇ ਬਚੇ ਰਹਿਣ ਜਿਸ ਦੀ ਸੰਗਤ ਤੇ ਅਪਯਸ਼ ਦੀ ਪ੍ਰਾਪਤੀ ਹੋਣੇ ਕਰਕੇ ਪੁਰਖ ਆਤਮ ਭ੍ਰਿਸ਼ਟੀ ਹੋਕੇ ਦੁਖ ਪਾਇ ਸਕਦਾ ਹੈ।

ਦੋਹਰਾ

ਦੁਸ਼ਟ ਭਲਾ ਜੇ ਕਰੇ ਕੁਛ, ਤੋਂ ਭੀ ਬੁਰਾ ਸੁਭਾਇ॥
ਨਾਹਿੰ ਤਜੇ ਸਮ ਅਜਾਦੇ, ਦੂਧ ਮੇਂਗਨਾਂ ਪਾਇਂ॥੩੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਦੁਸ਼ਟ ਪੁਰਖ ਜੇ ਕੋਈ ਭੁਲ ਵਿਸਰ ਕੇ ਭਲਾ ਕੰਮ ਭੀ ਕਰ ਦੇਂਦਾ ਹੈ ਤਾਂ ਭੀ ਓਹ ਅਪਣੇ ਬੁਰੇ ਸੁਭਾਵ ਨੂੰ ਨਹੀਂ ਤਿਆਗਦਾ। ਜਿਸ ਪ੍ਰਕਾਰ ਬਕਰੀ ਜੇ ਦੁਧ ਭੀ ਦੇਂਦੀ ਹੈ ਤਾਂ ਮੇਂਗਨਾਂ ਜਰੂਰ ਉਸ ਵਿਚ ਪਾਇ ਦੇਂਦੀ ਹੈ, ਇਸ ਪਰ ਗੁਸਾਈਂ ਤੁਲਸੀ ਦਾਸ ਜੀ ਇਸ ਪ੍ਰਕਾਰ ਗਵਾਹੀ ਦੇਂਦੇ ਹਨ -

ਯਥਾ: ਖਲ ਕਰੇ ਭਲ ਪਾਇ ਸੁਸੰਗ॥ ਮਿਟਹਿ ਨ ਮਲ ਨਸ ਭਾਉ ਅਭੰਗ॥

ਇਸਦਾ ਭਾਵ ਹੈ ਕਿ ਜੇਕਰ ਮੂਰਖ ਪੁਰਖ ਭਲੇ ਪੁਰਖਾਂ ਦੀ ਸੰਗਤ ਕਰਕੇ ਕੋਈ ਭਲਾ ਕੰਮ ਭੀ ਕਰ ਬੈਠਦਾ ਹੈ ਤਾਂ ਭੀ ਉਹ ਅਪਣਾ ਜੋ ਖੋਟਾ ਸੁਭਾਵ ਹੈ ਉਸ ਨੂੰ ਨਹੀਂ ਤਿਆਗਦਾ ਉਹ ਹਮੇਸ਼ਾਂ ਅਪਣੇ ਨਾਲ ਰਖਦਾ ਹੈ।

ਪਾਠਕ ਅਜੇਹੇ ਮੂਰਖਾਂ ਤੋਂ ਬਚੇ ਰਹਿਣ।

ਦੋਹਰਾ

ਗੜਾ ਗਲੇ ਗਿਰ ਅਪਾ ਭੀ, ਖੇਤੀ ਕਰੇ ਵਿਨਾਸ॥
ਤਿਉ ਦੁਰਜਨ ਦੁਖ ਔਰ ਦੇ, ਕਰੇ ਆਪ ਪਤ ਨਾਸ॥੪੦॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਗੜਾ ਅਸਮਾਨੋ ਗਿਰਕੇ ਖੇਤੀ ਦਾ ਨਾਸ ਕਰਕੇ ਪਿਛੋਂ ਆਪ ਭੀ ਉਸੇ ਜਗਾ ਨਾਸ ਹੋਇ ਜਾਂਦਾ ਹੈ, ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਦੂਸਰੇ ਦਾ ਨੁਕਸਾਨ ਕਰਕੇ ਆਪ ਉਸ ਦੇ ਨਾਲ ਹੀ ਅਪਯਸ਼ ਦਾ ਪਾਤ੍ਰ ਹੋਇ ਜਾਂਦਾ ਹੈ।

ਦੋਹਰਾ

ਕੁੰਡੂ ਦੁਰਜਨ ਮਿਲਨ ਤੇ, ਪ੍ਰਥਮੇ ਹੋਤ ਅਨੰਦ॥
ਪੁਨ ਪਾਛੇ ਦੁਖ ਦੇਤ ਹੈ, ਰੂਪ ਮਾਨ ਕਰ ਮੰਦ॥੪੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਦੁਸ਼ਟ ਪੁਰਖ ਅਤੇ ਖੁਰਕ ਦੀ ਬੀਮਾਰੀ ਦਾ ਇਕੋ ਜਿਹਾ ਸੁਭਾਵ ਹੈ, ਕਿਉਂਕਿ ਜਿਸ ਪ੍ਰਕਾਰ ਜਦ ਖੁਰਕ ਕਿਸੇ ਆਦਮੀ ਨੂੰ ਲਗਦੀ ਹੈ ਤਦ ਉਹ ਉਸ ਨੂੰ ਵਡੇ ਪਿਆਰ ਨਾਲ ਖੁਰਕਦਾ ਹੈ, ਪਰੰਤੂ ਪਿਛੇ ਤੋਂ ਉਸ ਦਾ ਇਹ ਫਲ ਹੁੰਦਾ ਹੈ ਜੋ ਆਦਮੀ ਦਾ ਰੂਪ ਕਰੂਪ ਕਰ ਦੇਂਦੀ ਹੈ। ਇਸ ਪ੍ਰਕਾਰ ਦੁਸ਼ਟ ਪੁਰਖ ਭੀ ਜਦੋਂ ਪਹਿਲੇ ਪਹਿਲ ਮਿਲਦਾ ਹੈ ਤਦ ਬਹੁਤ ਪ੍ਰੇਮ ਕਰਦਾ ਹੈ ਅਰ ਵਡਾ ਸਜੱਨ ਪ੍ਰਤੀਤ ਹੁੰਦਾ ਹੈ ਪਰੰਤੂ ਕੁਛ ਕਾਲ ਪਾ ਕੇ ਅਜੇਹਾ ਦੁਖਦਾਈ ਹੋ ਜਾਂਦਾ ਹੈ ਜੋ ਉਸ ਦੇ ਪਰਤਾਪ ਤੇ ਭਲੇ ਪੁਰਖ ਦਾ ਭੀ ਮਾਨ ਭੰਗ ਹੋਕੇ ਅਪਮਾਨ ਹੋ ਜਾਂਦਾ ਹੈ।

ਮਹਾਤਮਾਂ ਪੁਰਖ ਅਜੇਹੇ ਪੁਰਖ ਤੇ ਦੂਰ ਰਹਿਣ।

ਦੋਹਰਾ

ਮਾਖੀ ਦੁਰਜਨ ਸਮਸਰੇ, ਗਲੇ ਨਿਗਲੇ ਦੁਖ ਦੈਨ॥
ਉਲਟ ਦੇਤ ਫਲ ਮਿਲਨ ਤੇ, ਦੂਰ ਹਰੇ ਹਤ ਚੈਨ॥੪੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਮੱਖੀ ਗਲ ਵਿਚੋਂ ਨਿਗਲੀ ਅਰਥਾਤ ਖਾਧੀ ਜਾਏ ਤਦੋਂ ਹੀ ਅਗਲੇ ਖਾਂਦੇ ਅੰਨ ਨੂੰ ਭੀ ਬਾਹਰ ਕੱਢ ਸੁਟਦੀ ਹੈ, ਇਸੀ ਪ੍ਰਕਾਰ ਜਦ ਦੁਸ਼ਟ ਪੁਰਖ ਨੂੰ ਗਲੇ ਲਗਾਇਆ ਜਾਏ ਤਦ ਉਹ ਭੀ ਸਾਰੇ ਸੁੱਖਾਂ ਨੂੰ ਦੂਰ ਕਰਕੇ ਕਈ ਪ੍ਰਕਾਰ ਦੇ ਦੁੱਖ ਪਾਇ ਦੇਂਦਾ ਹੈ।

ਪ੍ਰੰਤੂ ਜਿਸ ਪ੍ਰਕਾਰ ਜਦ ਮੱਖੀ ਨੂੰ ਦੂਰ ਕਰ ਦਈਏ ਤਦ ਬਾਰ ਬਾਰ ਨੇੜੇ ਆਕੇ ਕੰਨਾਂ ਅੱਗੇ ਭਿਣ ਭਣਾ ਕੇ ਚਿਤ ਨੂੰ ਬੇਚੈਨੀ ਕਰਦੀ ਹੈ। ਇਸੀ ਤਰ੍ਹਾਂ ਦੁਸ਼ਟ ਪੁਰਖ ਭੀ ਪਰੇ ਕੀਤਾ ਹੋਇਆ ਨਿੰਦਿਯਾ ਫੈਲਾ ਫੈਲਾ ਕੇ ਦੁਖਦਾਈ ਹੋ ਜਾਂਦਾ ਹੈ।

ਪਿਯਾਰੇ ਪਾਠਕ ਅਜੇਹੇ ਮੱਖੀ ਸਮਾਨ ਗੁਣਾਂ ਵਾਲੇ ਪੁਰਖ ਤੇ ਅਪਣੇ ਆਪ ਤਾਈਂ ਬਚਾਈ ਰਖਣ॥

ਦੋਹਰਾ

ਦੁਰਜਨ ਗੁਲਰ ਫਲ ਵਿਖੇ, ਏਕ ਸੁਭਾਵ ਪਛਾਨ॥
ਉਪਰ ਮੀਠੇ ਅੰਤ੍ਰੇ, ਭਰੇ ਕੀਟ ਦੋ ਖਾਨ।੪੩॥

ਇਸੀ ਨੀਤੀ ਬਚਨ ਦਾ ਭਾਵ ਇਹ ਹੈ ਕਿ ਗੁਲਰ ਫਲ ਅਤੇ ਦੁਸ਼ਟ ਪੁਰਖ ਦਾ ਸੁਭਾਵ ਇਕੋ ਜੇਹਾ ਹੈ, ਜਿਸ ਪ੍ਰਕਾਰ ਜੇ ਕਰਕੇ ਗੁਲਰ ਫਲ ਨੂੰ ਚੂਪਕੇ ਖਾਇ ਲਈਏ ਤਦ ਬਹੁਤ ਹੀ ਮਿੱਠਾ ਸੁਆਦ ਵਾਲਾ ਲਗਦਾ ਹੈ, ਪਰੰਤੂ ਜਦ ਉਸ ਨੂੰ ਥੋੜਾ ਜੇਹਾ ਉਧੇੜ ਕੇ ਦੇਖੀਏ ਤਦ ਕਿਯਾ ਦਿਖਾਈ ਦੇਂਦਾ ਹੈ ਜੋ ਇਹ ਸਾਰਾ ਛੋਟੇ-ਛੋਟੇ ਜੀਆਂ ਦਾ ਭਰਿਆ ਹੋਇਆ ਹੈ ਜਿਸ ਤੇ ਚਿੱਤ ਨੂੰ ਕਰਾਹਤ ਆਇ ਜਾਂਦੀ ਹੈ।

ਇਸ ਤਰਾਂ ਦੁਰਜਨ ਪੁਰਖ ਨੂੰ ਉਪਰ ਤੇ ਮਿਲ ਕੇ ਦੇਖੀਦਾ ਹੈ ਤਦ ਸੁੰਦਰ ਮੂਰਤੀ ਅਤੇ ਮਨੋਹਰ ਬਚਨਾਂ ਵਾਲਾ ਨਜ਼ਰ ਆਉਂਦਾ ਹੈ ਪਰੰਤੂ ਜਦ ਉਸਦੇ ਅੰਦਰਲੇ ਹਾਲ ਥੋਂ ਵਾਕਫ ਹੋਈਏ ਤਦ ਮਹਾਂ ਵਿਕਾਰਾਂ ਦਾ ਭਰਿਆ ਹੋਇਆ ਮਤਸਰੀ ਅਤੇ ਈਰਖਾ ਦਾ ਪਾਤ੍ਰ ਪ੍ਰਤੀਤ ਹੋ ਜਾਂਦਾ ਹੈ। ਪਿਯਾਰੇ ਪਾਠਕ ਅਜੇਹੇ ਮਹਾਤਮਾਂ ਤੇ ਸਦਾ ਹੀ ਬਚੇ ਰਹਿਣ।

ਦੋਹਰਾ

ਮੇਂਡਕ ਸਦ ਜਲ ਮਹਿ ਰਹੇ, ਕਵਲ ਨਾ ਲੇਵਤ ਗੰਧ॥
ਤਿਉ ਦੁਰਜਨ ਸਤਿਸੰਗ ਮਹਿ, ਕਰਤ ਨਾ ਨੇਕੀ ਸੰਧ।੪੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਡੱਡੂ ਸਦਾ ਹੀ ਕੌਲ ਦੇ ਨਾਲ ਪਾਨੀ ਵਿੱਚ ਸਮਾਨ ਵਾਸ ਕਰਦਾ ਹੈ ਪ੍ਰੰਤੂ ਉਸ ਦਾ ਧਿਆਨ ਚਿੱਕੜ ਵਲੋਂ ਹਟ ਕੇ ਕਦੇ ਭੀ ਕੌਲ ਦੀ ਸੁਗੰਧੀ ਵੱਲੇ ਨਹੀਂ ਜਾਂਦਾ, ਇਸੀ ਪ੍ਰਕਾਰ ਦੁਰਜਨ ਪੁਰਖ ਭਾਵੇਂ ਅਛੇ ਪੁਰਖਾਂ ਦੇ ਨਾਲ ਸਦਾ ਹੀ ਸਤਿਸੰਗ ਵਿਚ ਰਹੇ ਪਰੰਤੂ ਉਸ ਦੀ ਆਤਮਾ ਬੁਰਾਈ ਨੂੰ ਛੱਡਕੇ ਕਦੇ ਭੀ ਭਲਾਈ ਵੱਲ ਨਹੀਂ ਜਾਂਦੀ।

ਪਾਠਕ ਗਣ ਅਜਿਹੇ ਡੱਡੂ ਵਾਲੇ ਸੁਭਾਵ ਧਾਰੀਆਂ ਤੇ ਆਪਣੇ ਆਪ ਨੂੰ ਸੰਕੋਚ ਰਖਣ ਜਿਸ ਤੇ ਕੋਈ ਖੇਦ ਨਾ ਮਿਲੇ।

ਦੋਹਰਾ

ਸੈ ਬਰਸਾਂ ਜਲ ਮੈਂ ਰਹੇ, ਪਾਹਨ ਤਜੇ ਨ ਆਗ॥
ਪੁਨ ਕਠੋਰਤਾ ਸੰਗ ਤਿਉ, ਦੁਰਜਨ ਲਖੋ ਅਭਾਗ॥੪੫॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਪਥੱਰ ਜਲ ਦੇ ਵਿਚ ਭਾਵੇਂ ਸੈਂਕੜੇ ਸਾਲ ਤੱਕ ਪਿਆ ਰਹਿੰਦਾ ਹੈ ਪਰੰਤੂ ਫੇਰ ਭੀ ਉਹ ਨਾਂ ਤਾਂ ਆਪਨੀ ਅਗਨੀ ਨੂੰ ਹੀ ਬੁਝਾਉਂਦਾ ਹੈ ਅਤੇ ਨਾ ਉਹ ਜਲ ਨਾਲ ਗਿੱਲਾ ਹੋਕੇ ਨਰਮ ਹੀ ਹੁੰਦਾ ਹੈ, ਕਿੰਤੂ ਓਹ ਓਹਾ ਜੇਹਾ ਹੀ ਕਠੋਰ ਦਾ ਕਠੋਰ ਬਣਿਆ ਰਹਿੰਦਾ ਹੈ। ਇਸੀ ਪ੍ਰਕਾਰ ਦੁਸ਼ਟ ਪੁਰਖ ਭਾਵੇਂ ਸਤਿਸੰਗ ਵਿਚ ਕਿਤਨਾ ਕਾਲ ਹੀ ਰਹੇ ਪਰੰਤੂ ਤਾਂ ਭੀ ਆਪਣੇ ਦੁਸ਼ਟ ਸੁਭਾਵ ਨੂੰ ਨਹੀਂ ਤਿਆਗਦਾ ਅਤੇ ਨਾ ਉਸ ਨੂੰ ਕੁਝ ਸਤਿਸੰਗ ਦਾ ਲੇਸ਼ ਹੀ ਲਗਦਾ ਹੈ।

ਪਿਯਾਰੇ ਪਠਕ ਅਜਿਹੇ ਪਥੱਰ ਰੂਪ ਸੁਭਾਵ ਵਾਲੇ ਪ੍ਰਾਣੀਆਂ ਤੇ ਬਚੇ ਰਹਿਣ॥

ਦੋਹਰਾ

ਦੁਸ਼ਟ ਕੋਕਰੂ ਦਹੁਨ ਮੈਂ, ਸਮ ਲਖਨ ਲਖ ਲੇਹੁ॥
ਰੀਝੇ ਅਰ ਭੀਜੇ ਨਹੀਂ, ਦੇਵਹੁ ਅਗਨ ਸਨੇਹੁ॥੪੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਦੁਸ਼ਟ ਪੁਰਖ ਅਤੇ ਕੋਕੜੂ ਇਕੋ ਜਿਹੇ ਸੁਭਾਵ ਵਾਲੇ ਹਨ, ਜਿਸ ਤਰ੍ਹਾਂ ਕੋਕੜੂ ਦਾਲ ਦੇ ਨਾਲ ਹੀ ਦੇਗਚੇ ਵਿਚ ਪਾਈਦਾ ਹੈ ਅਤੇ ਬਰਾਬਰ ਦੀ ਹੀ ਅਗਨੀ ਉਸ ਵਿਚ ਜਲਾਈਦੀ ਹੈ, ਪਰੰਤੂ ਉਸ ਨੂੰ ਇਕ ਭੀ ਨਹੀਂ ਪੋਂਹਦੀ ਸਗੋਂ ਅਗੇ ਨਾਲੋਂ ਭੀ ਕਠਨ ਹੋ ਜਾਂਦਾ ਹੈ।

ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਭਾਵੇ ਸਤਿਸੰਗ ਵਿਚ ਮਹਾਤਮਾਂ ਪੁਰਖਾਂ ਨਾਲ ਸਦਾ ਹੀ ਮੇਲ ਜੋਲ ਰੱਖ ਕੇ ਧਰਮ ਦੇ ਉਪਦੇਸ਼ ਸੁਣਦਾ ਰਹਿੰਦਾ ਹੋਵੇ ਪਰੰਤੂ ਫੇਰ ਭੀ ਉਸ ਨੂੰ ਉਨ੍ਹਾਂ ਦਾ ਰੰਚਕ ਭੀ ਪਾਹੁ ਨਹੀਂ ਲਗਦਾ। ਸਗੋਂ ਜਿਉਂ ਜਿਉਂ ਸਤਿਸੰਗ ਦੀ ਪਾਣ ਚੜ੍ਹਦੀ ਹੈ ਤਿਉਂ ਤਿਉਂ ਮਹਾਂ ਕਠੋਰਤਾ ਉਸ ਵਿਚ ਪੈਂਦੀ ਜਾਂਦੀ ਹੈ।

ਪਿਯਾਰੇ ਪਾਠਕ ਅਜੇਹੇ ਕੋਕੜੂ ਸਮਾਨ ਪੁਰਖਾਂ ਤੇ ਅਪਣੇ ਆਪ ਤਾਂਈ ਸਦਾ ਹੀ ਸੰਕੋਚ ਕੇ ਰੱਖਣ ਜਿਸ ਤੇ ਕੋਈ ਦੁਖ ਨਾ ਪਹੁੰਚਾਉਣ।

ਦੋਹਰਾ

ਦੁਰਜਨ ਚੀਚੜ ਸਮ ਸਦਾ, ਰਹੇ ਦੂਧ ਗੁਣ ਸੰਗ॥
ਪਰ ਔਗੁਨ ਲੋਹੂ ਅਚੈ, ਕਰਤ ਸੁਭਾਵ ਨਾ ਭੰਗ।੪੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਦੁਰਜਨ ਪੁਰਖ ਅਤੇ ਚਿਚੱੜ ਇਨ੍ਹਾਂ ਦੋਨਾਂ ਵਿਚ ਇਕ ਸੁਭਾਵਕ ਇਹ ਗੁਣ ਹੈ ਜੋ ਸਦਾ ਹੀ ਮੰਦਤਾਂ ਦੇ ਭਾਗੀ ਰਹਿੰਦੇ ਹਨ, ਜੈਸਾ ਕਿ ਚਿੱਚੜ ਸਦਾ ਹੀ ਗਊ ਦੇ ਲੇਵੇ ਨਾਲ ਚੰਬੜਿਆ ਰਹਿੰਦਾ ਹੈ ਪਰੰਤੂ ਉਸ ਵਿਚ ਜੋ ਦੁਧ ਹੈ ਉਸ ਨੂੰ ਨਹੀਂ ਚਾਹੁੰਦਾ ਕਿੰਤੂ ਉਥੇ ਭੀ ਉਹ ਲੋਹੂ ਦਾ ਹੀ ਅਹਾਰ ਕਰਦਾ ਹੈ। ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਭਾਵੇਂ ਅਛੇ ਪੁਰਖਾਂ ਅਤੇ ਅਛੇ ਸ਼ਾਸਤ੍ਰਾਂ ਦੇ ਵਿਚਾਰ ਵਿਚ ਕਿਉਂ ਨਾ ਰਹੇ ਕਿੰਤੂ ਉਹ ਓਥੇ ਭੀ ਰਾਗ ਦ੍ਵੈਖ ਮਾਨ ਅਭਿਮਾਨ ਅਤੇ ਈਰਖਾ ਮਤਸਰ ਆਦਿਕ ਲੋਹੂ ਦਾ ਹੀ ਭਾਗੀ ਰਹਿੰਦਾ ਹੈ ਅਤੇ ਉਨ੍ਹਾਂ ਉੱਤਮ ਗੁਣਾਂ ਦਾ ਉਸ ਨੂੰ ਲੇਸ਼ ਭੀ ਨਹੀਂ ਲਗਦਾ।

ਪਿਯਾਰੇ ਪਾਠਕ ਅਜੇਹੇ ਚਿੱਚੜ ਜੈਸੇ ਸੁਭਾਵ ਵਾਲੇ ਮਹਾਤਮਾਂ ਪੁਰਖਾਂ ਤੇ ਆਪਣੇ ਆਪ ਨੂੰ ਬਚਾਈ ਰੱਖਣ, ਕਿਤੇ ਐਸਾ ਨਾ ਹੋਵੇ ਜੋ ਉਨਾਂ ਦੇ ਔਗੁਣਾਂ ਰੂਪੀ ਰਕਤ ਨਾਲ ਉਹ ਪੇਟ ਭਰ ਲੇਵੇ ਔਰ ਅੰਤ ਨੂੰ ਦੁੱਖ ਦੇਵੇ।

ਦੋਹਰਾ

ਜੋਕ ਦੁਸ਼ਟ ਊਪਰ ਨਰਮ, ਕਰਮ ਮੰਦ ਜਿਨ ਕਰੇ॥
ਵਹੁ ਲੋਹੂ ਗੰਦਾ ਅਚੇ, ਦੂਰਜਨ ਅਵਗੁਨ ਹਰੇ॥੪੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਦੁਰਜਨ ਪੁਰਖ ਅਤੇ ਜੋਕ ਇਨ੍ਹਾਂ ਦੋਨਾਂ ਦਾ ਇਕੋ ਜੈਸਾ ਸੁਭਾਵ ਹੈ, ਜਿਸ ਪ੍ਰਕਾਰ ਜਦ ਜੋਕ ਨੂੰ ਪਕੜ ਕੇ ਦੇਖੀਦਾ ਹੈ ਤਦ ਉਹ ਅਜੇਹੀ ਨਰਮ ਨਜ਼ਰ ਆਉਂਦੀ ਹੈ ਜੋ ਉਸ ਵਿਚ ਹਡੀ ਦਾ ਨਾਮ ਤੀਕ ਭੀ ਨਹੀਂ ਹੁੰਦਾ। ਪਰੰਤੂ ਕੰਮ ਉਸ ਦਾ ਇਹ ਹੁੰਦਾ ਹੈ ਜੋ ਪੁਰਖ ਦੇ ਗੰਦੇ ਲਹੂ ਨੂੰ ਪੀਕੇ ਆਫ਼ਰ ਮਰਦੀ ਹੈ, ਇਸ ਪ੍ਰਕਾਰ ਖੋਟਾ ਪੁਰਸ਼ ਉਪਰ ਤੋਂ ਤਾਂ ਵਡੇ ਨਾਮ ਦਾ ਸੁਭਾਵ ਵਾਲਾ ਪਰਤੀਤ ਹੁੰਦਾ ਹੈ ਪਰੰਤੂ ਅੰਦਰ ਤੇ ਉਸ ਦਾ ਇਹ ਕੰਮ ਹੁੰਦਾ ਹੈ ਜੋ ਮਹਾਤਮਾਂ ਪੁਰਖਾਂ ਦੇ ਔਗੁਣ ਰੂਪੀ ਰੁਧਰ ਨੂੰ ਪਾਨ ਕਰਕੇ ਆਪਣੀ ਅਧਿਯਾਤਮਿਕ ਜ਼ਿੰਦਗੀ ਦਾ ਨਾਸ ਕਰ ਲੈਂਦਾ ਹੈ।

ਪਿਯਾਰੇ ਪਠਕ ਅਜੇਹੇ ਜੋਕ ਸਮਾਨ ਪੁਰਖ ਤੇ ਬਚੇ ਰਹਿਣਾ।

ਦੋਹਰਾ

ਦੁਰਜਨ ਫੋੜਾ ਦੁਹਨ ਮਹਿ, ਸਮ ਲਖਨ ਲਖ ਮੀਤ॥
ਨਿਜ ਤਨ ਤੇ ਨਿਪਜਤ, ਜੁਗਲ ਦੁਖ ਦੇਵਤ ਭੈ ਭੀਤ॥੪੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਫੋੜਾ ਆਪਣੇ ਸਰੀਰ ਵਿਚੋਂ ਹੀ ਉਤਪਤ ਹੋਕੇ ਉਸੇ ਦੇਹੀ ਨੂੰ ਦੁਖ ਦੇਕੇ ਤਪਾਉਂਦਾ ਹੈ। ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਆਪਣੇ ਵਿਚੋਂ ਹੀ ਪੈਦਾ ਹੋ ਕਿ ਆਪਣੇ ਹੀ ਪਿਆਰਿਆਂ ਨੂੰ ਦੁੱਖ ਦਾ ਕਾਰਨ ਹੋਇ ਜਾਂਦਾ ਹੈ ਅਤੇ ਅਜਿਹਾ ਭਿਆਨਕ ਰੂਪ ਹੋਕੇ ਦਿਖਾਈ ਦੇਂਦਾ ਹੈ ਜੋ ਖਬਰ ਨਹੀਂ ਕਿ ਇਹ ਕਿਹਾ ਉਪਦ੍ਰਵ ਕਰੇਗਾ।

ਪਿਆਰੇ ਪਾਠਕ ਅਜੇਹੇ ਦੁਸ਼ਟ ਫੋੜੇ ਜੈਸੇ ਪਿਆਰੇ ਭਾਈਆਂ ਤੋਂ ਬਚੇ ਰਹਿਣ ਜੋ ਵਿਚੋਂ ਹੀ ਨਿਕਲਕੇ ਦੁਖਦਾਈ ਹੋ ਜਾਂਦੇ ਹਨ।

ਦੋਹਰਾ

ਹਿਮ ਦੁਰਜਨ ਪੇਖਨ ਵਿਖੇ, ਸੀਤਲ ਸੁੰਦਰ ਰੂਪ॥

ਪਰ ਪਰਸੇ ਗਾਰਤ ਜੁਗਲ, ਛਿਨ ਮਹਿ ਕਰਤ ਗਰੂਪ।੫੦॥

ਇਸ ਨੀਤੀ ਬਚਨ ਦਾ ਭਾਵ ਇਹ ਕਿ ਬਰਫ ਅਰ ਦੁਸ਼ਟ ਪੁਰਖ ਦੋਨੋ ਇਕੋ ਜੇਹੇ ਸੁਭਾਵ ਵਾਲੇ ਹਨ ਜਿਸ ਪ੍ਰਕਾਰ ਬਰਫ ਦੇਖਣ ਲਈ ਸੁਫੈਦ ਅਰ ਪਰਸਨ ਲਈ ਸੀਤਲ ਹੁੰਦੀ ਹੈ ਪਰੰਤੂ ਅੰਤ ਨੂੰ ਫਲ ਉਸ ਦਾ ਇਹ ਹੁੰਦਾ ਹੈ ਜੋ ਜਦ ਕੋਈ ਪੁਰਖ ਉਸ ਵਿਚ ਗਿਰ ਪੈਂਦਾ ਹੈ ਤਦ ਉਸ ਨੂੰ ਪਲ ਵਿਚ ਗਾਲ ਸੁਟਦੀ ਹੈ। ਇਸੀ ਪ੍ਰਕਾਰ ਦੁਰਜਨ ਪੁਰਖ ਬੀ ਦੇਖਣ ਲਈ ਬੀਬੀ ਸੂਰਤ ਅਰ ਮੋਹਨੀ ਮੂਰਤ ਦਿਖਾਈ ਦੇਂਦਾ ਹੈ ਅਰ ਇਸੀ ਤਰਾਂ ਮਿਠੇ ਜਏ ਬੋਲ ਬੋਲ ਕੇ ਮਨ ਨੂੰ ਮੋਹਨਹਾਰਾ ਪ੍ਰਤੀਤ ਹੁੰਦਾ ਹੈ ਪਰੰਤੂ ਜੇ ਕੋਈ ਉਸ ਦੀ ਅਜੇਹੀ ਉਪ੍ਰਲੀ ਸੁੰਦ੍ਰਤਾ ਨੂੰ ਦੇਖਕੇ ਭੁਲ ਜਾਏ ਤਾਂ ਹਜ਼ਾਰਾਂ ਦੁਖਾਂ ਦੇ ਵਿਚ ਫਸਾ ਦੇਣ ਦਾ ਸਾਧਨ ਹੋ ਜਾਂਦਾ ਹੈ।

ਪਿਆਰੇ ਪਾਠਕ ਅਜਿਹੇ ਬਰਫ ਸਮਾਨ ਪੁਰਖਾਂ ਤੋਂ ਬਚੇ ਰਹਿਣ। ਨਹੀਂ ਇਸ ਦਾ ਫਲ ਇਹ ਨਿਕਲੇਗਾ ਜੋ ਸਾਰ ਕਤਾਵਲੀ ਵਿਚ ਹਰਦਿਆਲ ਜੀ ਨੇ ਕਥਨ ਕੀਤਾ ਹੈ ਕਿ-

ਖਲ ਚੰਚਲ ਸੰਗਤ ਵਾਂਗ, ਹਿਮਾਚਲ ਜੋ ਪਰ ਹੈ, ਗਰ ਹੈਂ ਗਰ ਹੈਂ॥

ਇਸ ਦਾ ਤਾਤਪਰਜ ਇਹ ਹੈ ਕਿ ਮੂਰਖ ਪੁਰਖ ਇਕ ਦੁਰਾਚਾਰ ਇਸਤ੍ਰੀ ਦੀ ਸੰਗਤ ਹਿਮਾਚਲ ਅਰਥਾਤ ਖੂਨੀ ਬਰਫ ਦੇ ਪਹਾੜ ਸਮਾਨ ਹੈ ਜਿਸ ਦਾ ਫਲ ਇਹ ਹੋਏਗਾ ਕਿ ਜੋ ਉਨ੍ਹਾਂ ਵਿਚ ਪੈ ਜਾਏਗਾ ਸੋ ਜਰੂਰ ਗਲ ਜਾਏਗਾ ਅਤੇ ਫੇਰ ਭੀ ਗਲ ਜਾਏਗਾ ਜਿਸ ਤੇ ਖਾਲੀ ਨਹੀਂ ਰਹੇਗਾ।

ਦੋਹਰਾ

ਸਿੰਬਲ ਦੁਰਜਨ ਏਕ ਸਮ, ਉਪਰ ਤੇ ਛਬਦਾਰ॥

ਵੁਹ ਫਲ ਫਿਕੇ ਤੂਲ ਦੇ, ਯਹ ਖੋਵਤ ਉਪਕਾਰ।੫੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਦੁਸ਼ਟ ਪੁਰਖ ਅਤੇ ਸਿੰਬਲ ਦਾ ਰੁੱਖ ਦੋਨੋ ਇਕੋ ਜਿਹੇ ਸੁਭਾਵ ਵਾਲੇ ਹਨ, ਜਿਸ ਤਰ੍ਹਾਂ ਸਿੰਬਲ ਦਾ ਜੋ ਰੁਖ ਹੈ ਸੋ ਦੇਖਣ ਨੂੰ ਤਾਂ ਵਡਾ ਭਾਰੀ ਪੇਡ ਹੁੰਦਾ ਹੈ ਅਰ ਸਾਰੇ ਬਾਗ ਦੇ ਬੂਟਿਆਂ ਨਾਲੋਂ ਉਚਾ ਹੁੰਦਾ ਹੈ, ਪਰੰਤੂ ਜਦ ਉਸ ਦੇ ਫਲਾਂ ਅਤੇ ਫੁਲਾਂ ਵੱਲ ਧਿਆਨ ਕਰਦੇ ਹਨ ਤਦ ਕਿਆ ਦੇਖਦੇ ਹਨ ਜੋ ਮਹਾਂ ਫਿਕੇ ਅਰ ਰੂਈ ਦੇ ਨਾਲ ਭਰੇ ਹੁੰਦੇ ਹਨ, ਜਿਸ ਤੇ ਕਿਸੇ ਨੂੰ ਭੀ ਲਾਭ ਨਹੀਂ ਪਹੁੰਚਦਾ ਅਰ ਆਸ਼ਾ ਵਾਲੇ ਨਿਰਾਸ ਹੋਕੇ ਜਾਂਦੇ ਹਨ।

ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਦੇਖਣ ਨੂੰ ਤਾਂ ਬਹੁਤ ਅਛਾ ਪ੍ਰਤੀਤ ਹੁੰਦਾ ਹੈ ਜਿਸ ਨੂੰ ਦੇਖਕੇ ਕਈ ਪੁਰਖ ਭੁਲ ਜਾਂਦੇ ਹਨ ਪਰੰਤੂ ਜਦ ਉਸ ਦੇ ਅੰਤ੍ਰੀਵ ਸੁਭਾਵ ਨੂੰ ਦੇਖੀਦਾ ਹੈ ਤਦ ਉਹ ਹੋਰ ਹੀ ਰੰਗ ਦਿਖਾ ਦੇਂਦਾ ਹੈ ਅਰਥਾਤ ਉਸ ਦਾ ਇਹ ਲਖਨ ਪ੍ਰਗਟ ਹੋ ਜਾਂਦਾ ਹੈ ਜੋ ਸਾਰੇ ਕੀਤੇ ਹੋਏ ਪਰਉਪਕਾਰ ਨੂੰ ਪਲ ਵਿਚ ਬਹਾਇ ਦੇਂਦਾ ਹੈ।

ਪਿਯਾਰੇ ਪਾਠਕ ਅਜੇਹੇ ਸਿੰਬਲ ਸਮਾਨ ਪੁਰਖਾਂ ਤੇ ਆਪਣੇ ਆਪ ਨੂੰ ਬਚਾਉਣ।

ਦੋਹਰਾ

ਦੁਰਜਨ ਅਤੇ ਮਝਾਰ ਕੋ, ਏਕ ਸਮਾਨ ਸੁਭਾਵ॥
ਰਹਨ ਧਿਆਨ ਮਹਿ ਮੀਸਨੇ, ਦੋਖ ਮੂਸ ਕੋ ਖਾਨ।੫੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬਿਲੀ ਦਾ ਸੁਭਾਵ ਅਤੇ ਸੂਰਤ ਉਪਰ ਤੇ ਦੇਖਨ ਨੂੰ ਤਾਂ ਅਜੇਹੀ ਧਿਆਨ ਵਿਚ ਮਗਨ ਅਰ ਵਡੀ ਮੀਸਨੀ ਜੇਹੀ ਹੁੰਦੀ ਹੈ ਅਰ ਨਰਮ ਨਰਮ ਬੋਲਣ ਤੇ ਪਰਤੀਤ ਹੁੰਦੀ ਹੈ ਕਿ ਇਹ ਕੋਈ ਵਡੀ ਸ਼ੁਸ਼ੀਲ ਅਰ ਪ੍ਰੇਮਣ ਹੈ ਪਰੰਤੂ ਜਦ ਕੋਈ ਚੂਹਾ ਖੁਡੋਂ ਨਿਕਲਦਾ ਹੈ ਤਦ ਉਹ ਉਸੇ ਵੇਲੇ ਉਸ ਪਰ ਅਜੇਹੀ ਝੱਪਟ ਮਾਰਦੀ ਹੈ ਜੋ ਜਾਨ ਨਹੀਂ ਦੇਂਦੀ ਕਿੰਤੂ ਪਲ ਵਿਚ ਖਾਇ ਜਾਂਦੀ ਹੈ, ਅਰ ਉਸ ਦੇ ਮਨ ਵਿਚ ਕੁਝ ਭੀ ਦਿਯਾ ਨਹੀਂ

ਉਪਜਦੀ। ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਦੇਖਣ ਨੂੰ ਤਾਂ ਅਜੇਹੇ ਪ੍ਰਤੀਤ ਹੁੰਦੇ ਹਨ ਜਿਸ ਤੇ ਇਹ ਮਾਲੂਮ ਹੁੰਦਾ ਹੈ ਕਿ ਬਸ ਇਹ ਤਾਂ ਕੋਈ ਵਡੇ ਭਗਤ ਅਰ ਧਰਮ ਮੂਰਤੀ ਅਤੇ ਸਤਿ ਉਪਦੇਸ਼ਟਾ ਹਨ। ਪਰੰਤੂ ਜਦ ਕਿਸੇ ਦੇ ਵਿਚ ਕੋਈ ਦੋਖ ਰੂਪੀ ਚੂਹਾ ਦੇਖਦੇ ਹਨ ਤਦ ਉਸ ਵੇਲੇ ਪਕੜਕੇ ਗ੍ਰਿਹਨ ਕਰ ਲੈਂਦੇ ਹਨ।

ਪਿਯਾਰੇ ਪਾਠਕ ਅਜੇਹੇ ਬਿਲੀ ਜੈਸੇ ਸੁਭਾਵ ਵਾਲੇ ਪੁਰਖਾਂ ਤੇ ਅਪਣੇ ਆਪ ਨੂੰ ਬਚਾਈ ਰਖਣ, ਜਿਸਤੇ ਕੋਈ ਨੌਹੁਦਰ ਨਾ ਮਾਰਨ।

ਦੋਹਰਾ

ਅਜਾ ਗਲੇ ਕੇ ਮੇਮਨੇ, ਅਰ ਦੁਰਜਨ ਇਕ ਸਾਰ॥
ਦੇਖਨ ਕੋ ਚੰਗੇ ਭਲੇ, ਆਵਤ ਕਿਸੇ ਨਾ ਕਾਰ।੫੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਬਕਰੀ ਦੇ ਗਲ ਵਿੱਚ ਜੋ ਮੇਮਨੇ ਲਟਕਦੇ ਹੁੰਦੇ ਹਨ ਉਹ ਭਾਵੇਂ ਦੇਖਣ ਲਈ ਤਾਂ ਇੱਕ ਅਛੇ ਪ੍ਰਤੀਤ ਹੁੰਦੇ ਹਨ ਪਰੰਤੂ ਜਦ ਵਿਚਾਰ ਕੇ ਦੇਖੀਦਾ ਹੈ ਤਦ ਉਹ ਨਿਰੇ ਨਿਸਫਲ ਹੀ ਪ੍ਰਤੀਤ ਹੁੰਦੇ ਹਨ ਅਰਥਾਤ ਉਨ੍ਹਾਂ ਤੇ ਬੱਕਰੀ ਯਾ ਕਿਸੇ ਪੁਰਖ ਨੂੰ ਕੋਈ ਗੁਣ ਲਾਭ ਨਹੀਂ ਹੁੰਦਾ। ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਭਾਵੇਂ ਦੇਖਣ ਲਈ ਤਾਂ ਇਕ ਅਛੀ ਸੂਰਤ ਦਿਖਾਈ ਦੇਂਦਾ ਹੈ ਪਰੰਤੂ ਅਸਲ ਵਿਚ ਉਸ ਦੇ ਜੀਵਨ ਤੇ ਕਿਸੇ ਨੂੰ ਯਾ ਉਸ ਦੀ ਜ਼ਿੰਦਗੀ ਨੂੰ ਕੁਝ ਭੀ ਅਰਾਮ ਨਹੀਂ ਹੁੰਦਾ।

ਪਿਯਾਰੇ ਪਾਠਕ ਅਜੇਹੇ ਨਿਸਫਲ ਜਨਮ ਵਾਲੇ ਦੁਰਜਨ ਪੁਰਖਾਂ ਕੋਲੋਂ ਅਪਣੀ ਨਿਰਲੇਪਤਾ ਵਿਚ ਹੀ ਅਨੰਦ ਸਮਝਣ।

ਦੋਹਰਾ

ਊਖਰ ਭੂਮੀ ਦੁਸ਼ਟ ਜਨ, ਦੇਖਨ ਕੋ ਇਕ ਰੰਗ॥
ਪਰ ਹਿਤ ਨੀਰ ਨ ਦੇ ਸਕੇ, ਕਰਤ ਮਾਨ ਮਨ ਭੰਗ।੫੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਦੁਸ਼ਟ ਪੁਰਖ ਅਤੇ ਮ੍ਰਿਗ

ਤ੍ਰਿਸ਼ਨਾ ਦਾ ਇਕੋ ਜਿਹਾ ਸਰੂਪ ਹੈ, ਜਿਸ ਪ੍ਰਕਾਰ ਜਦ ਕੋਈ ਮ੍ਰਿਗ ਉਸ ਕੱਲਰ ਦੀ ਵੱਲ ਦੇਖਦਾ ਹੈ, ਤਦ ਉਸ ਨੂੰ ਅਗੋਂ ਉਹ ਅਜੇਹੀ ਪ੍ਰਤੀਤ ਹੁੰਦੀ ਹੈ ਮਾਨੋ ਇਕ ਜਲ ਦਾ ਸਮੁੰਦ੍ਰ ਵਗ ਰਿਹਾ ਹੈ ਪਰੰਤੂ ਜਦ ਉਹ ਨਸਕੇ ਆਪਣੀ ਪਿਆਸ ਬੁਝਾਉਣ ਲਈ ਉਸ ਦੇ ਪਾਸ ਜਾਂਦਾ ਹੈ ਤਦ ਓੜਿਕ ਨੂੰ ਰੇਤਾ ਨਜ਼ਰ ਪੈਂਦਾ ਹੈ ਜਿਸ ਤੇ ਓਹ ਮਨ ਦਾ ਸੰਕਲਪ ਭੰਗ ਕਰਕੇ ਹਾਰ ਬੈਠਦਾ ਹੈ। ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਦੇਖਣ ਲਈ ਤਾਂ ਵੱਡਾ ਦਿਆਲੂ ਅਤੇ ਕ੍ਰਿਪਾਲ ਪਰਉਪਕਾਰੀ ਪ੍ਰਤੀਤ ਹੁੰਦਾ ਹੈ ਪਰੰਤੂ ਜਦ ਉਸ ਦੇ ਸਮੀਪ ਜਾਕੇ ਉਸ ਦੇ ਅੰਤ੍ਰੀਵ ਸੁਭਾਵ ਨੂੰ ਦੇਖੀਦਾ ਹੈ ਤਦ ਉਸ ਮ੍ਰਿਗ ਤ੍ਰਿਸ਼ਨਾ ਵਾਂਗ ਇਹ ਭੀ ਪ੍ਰੇਮ ਦੇ ਜਲ ਤੇ ਖਾਲੀ ਪ੍ਰਤੀਤ ਹੁੰਦਾ ਹੈ ਜਿਸ ਤੋਂ ਮਹਾਤਮਾਂ ਪੁਰਖਾਂ ਦੇ ਮਨਾਂ ਦੇ ਸੰਕਲਪ ਓੜਕ ਨੂੰ ਉਸ ਦੇ ਵਲੋਂ ਭੰਗ ਹੋ ਜਾਂਦੇ ਹਨ ਅਰ ਪਿਛੇ ਹਟ ਬੈਠਦੇ ਹਨ।

ਪਿਆਰੇ ਪਾਠਕ ਅਜੇਹੇ ਊਖਰ ਭੂਮੀ ਜੈਸੇ ਸੁਭਾਵ ਵਾਲੇ ਪੁਰਖਾਂ ਤੇ ਆਪਣੇ ਆਪ ਨੂੰ ਦੂਰ ਰਖਣ, ਨਹੀਂ ਹਾਰ ਕੇ ਪਛਤਾਉਣਗੇ।

ਦੋਹਰਾ

ਗੀਧ ਜਿਵੇਂ ਉਡ ਗਗਨ ਮਹਿ, ਊਚੀ ਦ੍ਰਿਸ਼ਟ ਦਿਹਾਰ॥
ਮੁਰਦੇ ਪਸੂ ਭਖਨ ਕਰੇ, ਦੁਰਜਨ ਦੋਖ ਵਿਚਾਰ।੫੫॥

ਇਸ ਨੀਤੀ ਬਚਨ ਦਾ ਭਾਵ ਹੈ ਕਿ ਜਿਸ ਤਰ੍ਹਾਂ ਗੀਧ ਜਾਨਵਰ ਭਾਵੇਂ ਬਹੁਤ ਉਚਾ ਆਸਮਾਨ ਪਰ ਚੜ੍ਹ ਜਾਂਦਾ ਹੈ ਅਰ ਉਸਦੀ ਦ੍ਰਿਸ਼ਟੀ ਭੀ ਬਹੁਤ ਦੂਰ ਤੱਕ ਪਹੁੰਚ ਜਾਂਦੀ ਹੈ, ਪਰੰਤੂ ਫੇਰ ਭੀ ਉਹ ਬਹੁਤ ਸਾਰੇ ਅਛੇ - ਅਛੇ ਪਦਾਰਥਾਂ ਨੂੰ ਤਿਆਗ ਕੇ ਕੇਵਲ ਉਸੇ ਪਾਸੇ ਜਾਂਦਾ ਹੈ, ਜਿਸ ਵਲੋਂ ਉਸ ਨੂੰ ਕੋਈ ਵੱਡਾ ਸੜਿਆ ਹੋਇਆ ਮੁਰਦਾਰ ਖਾਣ ਲਈ ਮਿਲਦਾ ਹੈ। ਇਸੀ ਪ੍ਰਕਾਰ ਦੁਰਜਨ ਪੁਰਖ ਭੀ ਭਾਵੇਂ ਕਿਸੇ ਅਛੇ ਧਨ ਯਾ ਗੁਣ ਵਿੱਦਿਯਾ ਦੇ ਦਰਜੇ ਨੂੰ ਭੀ ਪੌਹਚਕੇ ਉਚੀ ਅਰ ਲੰਬੀ ਵਿਚਾਰ ਵਾਲਾ ਹੋ ਜਾਵੇ ਪ੍ਰੰਤੂ ਫੇਰ ਬੀ ਉਹ ਪਰਾਏ ਦੁਖਾਂ ਦੇ ਮੁਰਦਾਰ

ਵੱਲ ਹੀ ਧਿਆਨ ਕਰੇਗਾ ਅਤੇ ਸਾਰੇ ਚੰਗੇ ਗੁਣਾਂ ਦਾ ਤਿਆਗ ਕਰ ਦੇਗਾ।

ਪਿਆਰੇ ਪਾਠਕ ਅਜੇਹੇ ਗੀਧ ਸਮਾਨ ਪ੍ਰਾਣੀਆਂ ਦਾ ਵਿਚਾਰ ਰਖਣ।

ਦੋਹਰਾ

ਜਿਉਂ ਕੌਲਾ ਤਾਤੋ ਦਹੈ, ਸੀਤਲ ਕਾਲਖ ਲਾਇ॥
ਤਿਓਂ ਜੁਗ ਪਦ ਮੈਂ ਦੁਸ਼ਟ ਜਨ, ਰਾਖਤ ਵਹੀ ਸੁਭਾਇ।੫੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਕੋਇਲਾ ਜਦ ਤੱਤਾ ਹੁੰਦਾ ਹੈ ਤਦ ਜੋ ਉਸ ਨੂੰ ਛੋਂਦਾ ਹੈ ਉਸੇ ਨੂੰ ਜਲਾ ਦੇਂਦਾ ਹੈ, ਪਰੰਤੂ ਜਦ ਉਹ ਠੰਡਾ ਹੁੰਦਾ ਹੈ ਤਦ ਜੋ ਉਸ ਨੂੰ ਛੋਂਦਾ ਹੈ ਉਸੇ ਨੂੰ ਕਾਲਾ ਕਰ ਦੇਂਦਾ ਹੈ ਇਸ ਤੇ ਉਹ ਦੋਨੋਂ ਤਰ੍ਹਾਂ ਦੁਖਦਾਈ ਹੈ ਇਸੀ ਤਰ੍ਹਾਂ ਦੁਸ਼ਟ ਪੁਰਖ ਭੀ ਜਦ ਕਰੋਧ ਕਰੇਗਾ ਤਦ ਅੱਗ ਦੇ ਵਾਂਗ ਦਾਹ ਕਰੇਗਾ ਅਰ ਜਦ ਪਰੇਮ ਕਰੇਗਾ ਤਦ ਕਈ ਪ੍ਰਕਾਰ ਦੇ ਕਲੰਕਾਂ ਨਾਲ ਕਲੰਕਤ ਕਰੇਗਾ ਜਿਸ ਤੇ ਉਹ ਸਭ ਤਰ੍ਹਾਂ ਨਾਲ ਹੀ ਦੁਖਦਾਈ ਸਮਝਿਆ ਜਾਂਦਾ ਹੈ।

ਪਿਆਰੇ ਪਾਠਕ ਅਜੇਹੇ ਕੋਲੇ ਦੇ ਸੁਭਾਵ ਵਾਲੇ ਪੁਰਖਾਂ ਤੇ ਆਪਣੇ ਆਪ ਨੂੰ ਬਚਾਈ ਰਖਣ।

ਦੋਹਰਾ

ਦੁਰਜਨ ਅਤੇ ਛਛੂੰਦਰੀ, ਦੇਖਨ ਕੋ ਪਰਬੀਨ॥
ਪਜ ਜਹਿ ਜਾਗਾ ਪਰ ਰਹੈ, ਕਰ ਹੈ ਤਿਸੇ ਮਲੀਨ।੫੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਜੋ ਦੁਸ਼ਟ ਅਤੇ ਛਛੂੰਦਰ ਦਾ ਸੁਭਾਵ ਇਕੋ ਜਿਹਾ ਹੁੰਦਾ ਹੈ ਜਿਸ ਪ੍ਰਕਾਰ ਛਛੂੰਦਰ ਦੇਖਨ ਲਈ ਤਾਂ ਵਡੀ ਫੁਰਤੈਲੀ ਅਰ ਬਹੁਤ ਬੋਲਣ ਵਾਲੀ ਚਲਾਕ ਨਜ਼ਰ ਆਉਂਦੀ ਹੈ ਪਰੰਤੂ ਜਿਸ ਜਿਸ ਜਗਾ ਪਰ ਉਹ ਫਿਰਦੀ ਹੈ ਉਸੀ ਉਸੀ ਜਗਾ ਪਰ ਦੁਰਗੰਧੀ ਫੈਲਾਇ ਦੇਂਦੀ ਹੈ। ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਦੇਖਨ ਲਈ ਤਾਂ ਵਡਾ ਚਲਾਕ ਉਦਮੀ

ਪੁਰਖਾਰਥੀ ਅਰ ਬਚਨ ਬਲਾਸ ਵਿਚ ਚਤਰ ਪ੍ਰਤੀਤ ਹੁੰਦਾ ਹੈ, ਪਰੰਤੂ ਅਸਲ ਵਿਚ ਉਹ ਜਿਸ ਜਗ੍ਹਾ ਨਿਵਾਸ ਕਰਦਾ ਹੈ ਉਸੀ ਜਗ੍ਹਾ ਆਪਣੇ ਬੁਰੇ ਸੁਭਾਵ ਦੀ ਦੁਰਗੰਧੀ ਅਰਥਾਤ ਪਰ ਨਿੰਦਾ ਦੀ ਮਲਨ ਗੰਧ ਫਲਾਇ ਦੇਂਦਾ ਹੈ ਜਿਸ ਤੇ ਲੋਗ ਉਸ ਦੀ ਅਸਲੀਅਤ ਨੂੰ ਪਾਕੇ ਉਸ ਦਾ ਤਿਆਗ ਕਰ ਦੇਂਦੇ ਹਨ।

ਪਿਆਰੇ ਪਾਠਕ ਅਜੇਹੇ ਛਛੂੰਦਰ ਸੁਭਾਵ ਵਾਲੇ ਪੁਰਖਾਂ ਤੇ ਆਪਣੇ ਆਪ ਨੂੰ ਬਚਾਈ ਰਖਣ।

ਜਿਸ ਤੇ ਕੋਈ ਬੁਰੇ ਗੁਣਾਂ ਵਾਲੀ ਦੁਰਗੰਧੀ ਦਾ ਦਾਨ ਨਾ ਦੇ ਦੇਵੇ, ਕਿਉਂਕਿ ਇਕ ਮਹਾਤਮਾ ਦਾ ਕਥਨ ਹੈ ਕਿ –

ਇਨਸਾਨੀ ਖੁਬਸ ਅਰਥਾਤ ਬੁਰੇ ਪੁਰਖਾਂ ਦੇ ਬੁਰੇ ਸੁਭਾਵ ਬਾਰਾਂ ਸਾਲਾਂ ਤੇ ਪਿਛੇ ਜਾਕੇ ਪ੍ਰਗਟ ਹੁੰਦੇ ਹਨ। ਇਸ ਵਾਸਤੇ ਨਿਰੀਆਂ ਚੋਪੜੀਆਂ ਚਿਕਣੀਆਂ ਬਾਤਾਂ ਪਰ ਹੀ ਨਾ ਰੀਝ ਜਾਨ ਕਿੰਤੂ ਉਸ ਦੇ ਅੰਤ੍ਰੀਵ ਸੁਭਾਵ ਦੀ ਪ੍ਰੀਛਾ ਕਰਕੇ ਦੇਖਣ।

ਦੋਹਰਾ

ਦੁਰਜਨ ਕੂਕਰ ਪੂਛ ਮੇਂ, ਦੀਖਤ ਏਕ ਸੁਭਾਇ॥
ਕਿਤਕ ਭਲਾਈ ਕੇ ਕਰੇ, ਨਹਿ ਨਿਜ ਰੂਪਤ ਜਾਇ।੫੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਸੈਂਕੜੇ ਸਾਲ ਤਕ ਭੀ ਤੇਲ ਅਤੇ ਘਿਉ ਦੀ ਮਾਲਸ਼ ਕਰਨੇ ਕਰਕੇ ਕੁੱਤੇ ਦੀ ਪੂੰਛ ਸਿੱਧੀ ਨਹੀਂ ਹੁੰਦੀ, ਇਸੀ ਪ੍ਰਕਾਰ ਕਈ ਸਾਲ ਦੇ ਉਪਦੇਸ਼ ਕੀਤਿਆਂ ਭੀ ਦੁਸ਼ਟ ਪੁਰਖਾਂ ਦੇ ਆਤਮਾ ਦੀ ਕੁਟਲਤਾ ਨਹੀਂ ਜਾਂਦੀ। ਅਰਥਾਤ ਉਹ ਟੇਡੇ ਦਾ ਟੇਢਾ ਹੀ ਰਹਿੰਦਾ ਹੈ।

ਪਿਯਾਰੇ ਪਾਠਕ ਅਜੇਹੇ ਸੁਆਨ ਪੂੰਛ ਸਮਾਨ ਸੁਭਾਵ ਵਾਲੇ ਦੁਸ਼ਟ ਪੁਰਖਾਂ ਤੇ ਆਪਣੇ ਆਪ ਨੂੰ ਸੰਕੋਚ ਰਖਣ।

ਦੋਹਰਾ

ਕਾਣਾ ਨੇਤ੍ਰ ਦੁਸ਼ਟ ਜਨ, ਸਮਸਰ ਸਮਝ ਬੀਰ॥
ਵਹੁ ਮਨ ਕੋ ਦੁਖ ਦੇਤ ਹੈ, ਯਹ ਤਨ ਕੋ ਦੇ ਪੀਰ।੫੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਤਰ੍ਹਾਂ ਕਾਣਾ ਨੇਤ੍ਰ ਭਾਵੇਂ ਆਪਣਾ ਨੇਤ੍ਰ ਪਿਯਾਰਾ ਭੀ ਲਗਦਾ ਹੈ ਪਰੰਤੂ ਉਹ ਅਸਲ ਵਿਚ ਕੰਮ ਕੁਝ ਨਹੀਂ ਦਿੰਦਾ ਕਿੰਤੂ ਜੇ ਉਸ ਤੇ ਕੁਝ ਲਾਭ ਹੈ ਤਾਂ ਕੇਵਲ ਏਹੋ ਹੈ ਜੋ ਕਦੇ ਨਾ ਕਦੇ ਪੀੜਾ ਹੀ ਦੇਵੇਗਾ।

ਇਸ ਪ੍ਰਕਾਰ ਦੁਸ਼ਟ ਪੁਰਖ ਭੀ ਭਾਵੇਂ ਅਪਣਾ ਹੀ ਕਿਉਂ ਨਾ ਬਣਿਆ ਰਹੇ ਪਰੰਤੂ ਜਦ ਉਸ ਤੇ ਕੁਝ ਪ੍ਰਾਪਤ ਹੋਵੇਗਾ ਸੋ ਸੁਖ ਨਹੀਂ ਹੋਵੇਗਾ।

ਪਿਆਰੇ ਪਾਠਕ ਅਜੇਹੇ ਕਾਣੇ ਨੇਤ੍ਰ ਸਮਾਨ ਦੁਖਦਾਈ ਪੁਰਖ ਦਾ ਕਦੇ ਭੀ ਵਿਸਾਹੁ ਨਾ ਕਰਨ ਕਿੰਤੂ ਉਸ ਤੇ ਦੂਰ ਰਹਿਣ।

ਦੋਹਰਾ

ਭਾਦ੍ਰਵ ਚੌਥ ਕੋ ਚੰਦ ਜਿਵੇਂ, ਤਿਉਂ ਨਰ ਦੁਸ਼ਟ ਪਛਾਨ॥
ਦੇਖ ਰੂਪ ਸੁੰਦਰ ਮਹਾਂ, ਪਰ ਕਲੰਕ ਕੀ ਖਾਨ।੬੦॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਤਰ੍ਹਾਂ ਭਾਦਰੋਂ ਚੌਥ ਦਾ ਚੰਦ੍ਰਮਾਂ ਦੇਖਣ ਲਈ ਤਾਂ ਪ੍ਰਕਾਸ਼ਕ ਰੂਪ ਅਰ ਸੀਤਲ ਸਰੂਪ ਪਰਤੀਤ ਹੁੰਦਾ ਹੈ ਪਰੰਤੂ ਤਾਂ ਭੀ ਲੋਕ ਉਸ ਨੂੰ ਅਛਾ ਨਹੀਂ ਜਾਣਦੇ ਅਰ ਮਨ ਵਿੱਚ ਇਹ ਖਿਯਾਲ ਕਰਦੇ ਹਨ ਕਿ ਇਸ ਦੇ ਦੇਖਣ ਕਰਕੇ ਕਲੰਕ ਲਗ ਜਾਂਦਾ ਹੈ, ਪਰੰਤੂ ਇਸੀ ਵਾਸਤੇ ਉਹ ਉਸ ਦਿਨ ਉਸ ਦੇ ਦੇਖਣੋ ਪਰਹੇਜ਼ ਕਰਦੇ ਹਨ।

ਇਸੀ ਪ੍ਰਕਾਰ ਭਾਵੇਂ ਦੁਸ਼ਟ ਪੁਰਖ ਦੇਖਣ ਲਈ ਤਾਂ ਉਸ ਚੰਦ ਸਮਾਨ ਬਹੁਤ ਅਛਾ ਅਤੇ ਉਤਮ ਸੁਭਾਵ ਵਾਲਾ ਪਰਤੀਤ ਹੁੰਦਾ ਹੈ ਪਰੰਤੂ ਫਿਰ ਭੀ ਲੋਕਾਂ ਨੂੰ ਉਹ ਸੁਖਦਾਈ ਨਹੀਂ ਹੈ, ਕਿੰਤੂ ਜਿਥੋਂ ਤਕ ਉਸ ਤੇ ਹੋਵੇਗਾ ਕੇਵਲ ਬੁਰਾ ਹੀ ਹੋਵੇਗਾ।

ਪਿਯਾਰੇ ਪਾਠਕ ਅਜਿਹੇ ਦੁਸ਼ਟਾਂ ਪੁਰਖਾਂ ਦੀ ਬਚਿਤ੍ਰ ਲੀਲਾ ਤੇ ਆਪਣੇ ਆਪ ਨੂੰ ਗੁਪਤ ਰਖਣ ਜਿਸ ਤੇ ਕੋਈ ਕਲੰਕ ਨਾ ਲਾ ਦੇਣ।

ਦੋਹਰਾ

ਸੱਲਾ ਦੁਰਜਨ ਏਕ ਸੇ, ਦੇਖਨ ਕੋ ਸਮ ਰੂਪ॥
ਪਰ ਜਬ ਕਰਤ ਮਿਲਾਪ ਕੇ, ਰੁਧਰ ਲੇਤ ਤਹਿ ਚੂਪ।੬੧॥

ਇਸ ਨੀਤੀ ਬਚਨ ਦਾ ਭਾਵ ਹੈ ਕਿ ਜਿਸ ਪ੍ਰਕਾਰ ਸੱਲਾ ਜਦ ਚੁਪ ਚਾਪ ਧਰਤੀ ਪਰ ਲੇਟਿਆ ਹੋਇਆ ਦੇਖੀ ਦਾ ਹੈ ਤਦ ਬਹੁਤ ਹੀ ਨਰਮ ਅਰ ਦਿਆਲੂ ਸੁਭਾਵ ਵਾਲਾ ਪਰਤੀਤ ਹੁੰਦਾ ਹੈ, ਪਰੰਤੂ ਜਦ ਓਹ ਆਪਨੀ ਜੀਭ ਨੂੰ ਨਿਕਾਲ ਕੇ ਧਰਤੀ ਪਰ ਰਖ ਦੇਂਦਾ ਹੈ ਤਦ ਜੀਵ ਇਹ ਜਾਨ ਕੇ ਕਿ ਇਹ ਮਰ ਗਿਆ ਹੈ, ਉਸਦੇ ਨਾਲ ਆਣ ਚਪਟਦੇ ਹਨ, ਜਿਸ ਦਾ ਫਲ ਇਹ ਹੁੰਦਾ ਹੈ ਜੋ ਉਹ ਉਨ੍ਹਾਂ ਜੀਵਾਂ ਨੂੰ ਝੱਟ ਪੱਟ ਅੰਦਰ ਲੰਘਾਕੇ ਚੱਬ ਜਾਂਦਾ ਹੈ ਅਰ ਸਬ ਦਾ ਲੋਹੂ ਪੀ ਲੈਂਦਾ ਹੈ ਅਤੇ ਆਪਣਾ ਉਦਰ ਪੂਰਨ ਕਰਦਾ ਹੈ।

ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਸੱਲੇ ਦੀ ਨਿਆਈਂ ਜਦ ਵੱਡੇ ਧਰਮਾਤਮਾ ਦੀ ਮੂਰਤ ਬਣਕੇ ਅਰ ਆਣਨੇ ਮਿਠੇ ਮਿਠੇ ਬਚਨਾਂ ਦੀ ਰਚਨਾ ਰਚਾਕੇ ਲੋਕਾਂ ਪਰ ਦਖਾਉਂਦਾ ਹੈ ਤਦ ਇਹੋ ਪ੍ਰਤੀਤ ਹੁੰਦਾ ਹੈ ਕਿ ਇਹ ਤਾਂ ਕੋਈ ਵਡਾ ਮਹਾਤਮਾਂ ਪੁਰਖ ਹੈ, ਜਿਸ ਪਰ ਲੋਕ ਉਸ ਦਾ ਅਤਬਾਰ ਕਰ ਲੈਂਦੇ ਹਨ ਅਰ ਉਸ ਦਾ ਫਲ ਇਹ ਹੁੰਦਾ ਹੈ ਜੋ ਓਹ ਉਨ੍ਹਾਂ ਨੂੰ ਬਨਾਰਸੀ ਠਗਾਂ ਵਾਂਗ ਚੱਟਮ ਕਰ ਜਾਂਦਾ ਹੈ।

ਪਿਆਰੇ ਪਾਠਕ ਹਮੇਸ਼ਾਂ ਕਿਸੇ ਪੁਰਖ ਦੇ ਬਚਨਾਂ ਰੂਪੀ ਜਾਲ ਵਿਚ ਫਸਕੇ ਆਪਣੇ ਤਾਈਂ ਚੱਟਮ ਨਾ ਕਰਾ ਲਇਆ ਕਰਨ।

ਦੋਹਰਾ

ਦੁਰਜਨ ਪਾਤ ਪਲਾਸ ਕਾ, ਸਮ ਰਸ ਰਹਤ ਸਦੇਵ॥
ਬਿਨਾਂ ਪੌਨ ਕਾਰਨ ਮਿਲੇ, ਬਕਤ ਦੇਖ ਕੋ ਭੇਵ।੬੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਢੱਕ ਦਾ ਪਤਾ ਬਿਨਾ ਹੀ ਪੌਣ ਦੇ ਲਗੇ ਐਵੇ ਖੜਕ ਕਰਕੇ ਸ਼ੋਰ ਮਚਾਉਂਦਾ ਰਹਿੰਦਾ ਹੈ। ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਭਾਵੇਂ ਕੋਈ ਕਾਰਨ ਹੋਵੇ ਨਾ ਹੋਵੇ ਐਵੇਂ ਪਰਾਏ ਦੇਖ ਗਿਣਦਾ ਰਹਿੰਦਾ ਹੈ।

ਪਿਆਰੇ ਪਾਠਕ ਅਜੇਹੇ ਅਕਾਰਨ ਦੋਖ ਦੇਖਣ ਵਾਲਿਆਂ ਪੁਰਖਾਂ ਤੇ ਸਦਾ ਦੇ ਲਈ ਆਪਣੇ ਆਪ ਨੂੰ ਬਚਾਈ ਰਖਣ।

ਦੋਹਰਾ

ਬੋਲ ਗਧੇ ਅਰ ਦੁਸ਼ਟ ਹਿਤ, ਸਮ ਸਰ ਜਾਨੋ ਦੋਇ।।
ਪਹਿਲੇ ਅਧਕ ਦਿਖਾਇ ਸੁਖ, ਪਾਛੇ ਤੇ ਦੁਖ ਹੋਇ।੬੩।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਗਧੇ ਦਾ ਸ਼ਬਦ ਜਦ ਉਹ ਹੀਂਗਦਾ ਹੈ, ਤਦ ਵੱਡਾ ਉਚਾ ਹੁੰਦਾ ਹੈ ਜਿਸ ਤੇ ਇਹ ਪਰਤੀਤ ਹੁੰਦਾ ਹੈ ਕਿ ਮਾਨੋ ਕੋਈ ਰਣ ਸਿੰਗਾ ਵਜਦਾ ਹੈ ਪ੍ਰੰਤੂ ਓੜਕ ਨੂੰ ਓਹ ਹਾਂਚੂੰ ਹਾਂਚੂੰ ਕਰਕੇ ਇਸ ਤਰ੍ਹਾਂ ਚੀਖਣ ਲੱਗ ਜਾਂਦਾ ਹੈ, ਜਿਸ ਪ੍ਰਕਾਰ ਕੋਈ ਕਤੂਰਾ ਭੌਂਕਦਾ ਹੁੰਦਾ ਹੈ ਅਰ ਬਹੁਤ ਬੁਰਾ ਪ੍ਰਤੀਤ ਹੁੰਦਾ ਹੈ।

ਇਸੀ ਪ੍ਰਕਾਰ ਦੁਸ਼ਟ ਪੁਰਖ ਦਾ ਭੀ ਇਹੋ ਸਭਾਵ ਹੈ ਕਿ ਜਦ ਓਹ ਪਹਿਲੇ ਪ੍ਰੇਮ ਪਾਉਂਦਾ ਹੈ ਤਦ ਤਾਂ ਤਨ, ਮਨ ਅਤੇ ਧਨ ਕਰਕੇ ਅਤਯੰਤ ਸਨੇਹੁ ਜਨਾਉਂਦਾ ਹੈ, ਪਰੰਤੂ ਜਦ ਕੁਝ ਕਾਲ ਬੀਤ ਜਾਂਦਾ ਹੈ ਤਦ ਉਸ ਦਾ ਸਾਰਾ ਸਨੇਹੁ ਅਸਨੇਹੁ ਦੀ ਰੰਗਤ ਵਿਚ ਪਲਟ ਜਾਂਦਾ ਹੈ ਅਰ ਜਿਸ ਮੁਖ ਨਾਲ ਉਸਤੱਤ ਕਰਦਾ ਸੀ ਉਸੇ ਨਾਲ ਫਿਰ ਨਿੰਦਿਯਾ ਕਰਕੇ ਕੁਰਸ ਕਰਨੇ ਲੱਗ ਜਾਂਦਾ ਹੈ।

ਪਿਆਰੇ ਪਾਠਕ ਅਜੇਹੇ ਗੰਧ੍ਰਵ ਧੰਨ ਵਾਲੇ ਪ੍ਰਤੀਮ ਤੇ ਜੋ ਦੁਸ਼ਟ ਸੁਭਾਵ ਵਾਲਾ ਹੈ, ਆਪਣੇ ਆਪ ਨੂੰ ਸੰਭਾਲ ਰਖਣ, ਜਿਸ ਤੇ ਨਿੰਦਿਯਾ ਦੇ ਪਾਤਰ ਨਾ ਹੋ ਜਾਣ।

ਦੋਹਰਾ

ਜਿਉਂ ਲੂੰਬੜ ਅੰਗੂਰ ਕੋ, ਕਟੂ ਕਹੋ ਬਿਨ ਖਾਇ॥
ਤਿਉਂ ਦੁਰਜਨ ਬਿਨ ਪਹੁੰਚ ਕੇ, ਗੁਣ ਸੋ ਅਵਗੁਣ ਗਾਇ॥੬੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਲੂੰਬੜੀ ਜਦ ਅੰਗੂਰ ਦੇ ਗੁੱਛੇ ਨੂੰ ਨਹੀਂ ਪਹੁੰਚਦੀ, ਤਦ ਉਸ ਨੂੰ ਹੋਰ ਤਾਂ ਕੋਈ ਬਹਾਨਾ ਨਹੀਂ ਮਿਲਦਾ ਕਿੰਤ੍ਰ ਉਹ ਉਸ ਨੂੰ ਕੌੜਾ ਦਸਣ ਲੱਗ ਜਾਂਦੀ ਹੈ ਇਸੀ ਪ੍ਰਕਾਰ ਦੁਸ਼ਟ ਦਾ ਭੀ ਏਹੋ ਸੁਭਾਓ ਹੈ ਕਿ ਜਦ ਗੁਣ ਨੂੰ ਉਸ ਦੀ ਬੁੱਧੀ ਗ੍ਰਹਿਣ ਨਹੀਂ ਕਰ ਸਕਦੀ ਤਦ ਉਸ ਵਿਚ ਦੋਖ ਅਰੋਪਨ ਲੱਗ ਜਾਂਦਾ ਹੈ ਅਤੇ ਉਸ ਦੀ ਨਿੰਦਿਯਾ ਕਰਦਾ ਹੈ। ਪਿਆਰੇ ਪਾਠਕ ਅਜੇਹੇ ਲੂੰਬੜੀ ਸਮਾਨ ਪੁਰਖਾਂ ਤੇ ਆਪਣੇ ਗੁਣਾਂ ਦੇ ਗੁੱਛੇ ਨੂੰ ਬਚਾਕੇ ਰਖਣ।

ਦੋਹਰਾ

ਜਿਉਂ ਲੋਈ ਸੰਗ ਸੂਤ ਕੋ, ਲਾਲ ਚੜ੍ਹਤ ਨਹਿ ਰੰਗ॥
ਤਿਉਂ ਦੁਰਜਨ ਸੀਝੇ ਨਹੀਂ, ਰਹੇ ਮਹਿੰ ਸਤਾਸੰਗ॥੬੫॥

ਇਸ ਨੀਤੀ ਬਚਨ ਦ ਭਾਵ ਇਹ ਹੈ ਕਿ ਜਿਸ ਪ੍ਰਕਾਰ ਜਦ ਪਸ਼ਮੀਨੇ ਦੀ ਚਾਦਰ ਨੂੰ ਲਾਲ ਰੰਗ ਨਾਲ ਰੰਗਿਆ ਜਾਂਦਾ ਹੈ ਤਦ ਉਸ ਦੇ ਨਾਲ ਜੇ ਕਰਕੇ ਕਪਹੇ ਸੂਤ ਨੂੰ ਭੀ ਮਿਲਾਕੇ ਇਕੱਠਾ ਰੰਗ ਦੇਈਏ ਤਦ ਇਹ ਹੁੰਦਾ ਹੈ ਜੋ ਉਸ ਸੂਤ੍ਰ ਨੂੰ ਉਸ ਰੈਣੀ ਵਿੱਚੋਂ ਰੰਚਕ ਮਾਤ੍ਰ ਭੀ ਰੰਗ ਨਹੀਂ ਚੜ੍ਹਦਾ ਕਿੰਤੂ ਓਹ ਬਿਲਕੁਲ ਚਿਟੇ ਦਾ ਚਿਟਾ ਹੀ ਰਹਿੰਦਾ ਹੈ ਅਰ ਲੋਈ ਸਾਰੀ ਰੰਗ ਹੋ ਜਾਂਦੀ ਹੈ। ਇਸ ਪ੍ਰਕਾਰ ਕਰਕੇ ਦੁਰਜਨ ਪੁਰਖ ਭੀ ਭਾਵੇਂ ਅੱਛੇ ਪੁਰਖਾਂ ਦੇ ਨਾਲ ਨਿਤ ਸਤਿਸੰਗ ਵਿਚ ਕਿਉਂ ਨਾ ਰਖਿਆ ਜਾਵੇ ਅਰ ਉਸ ਨੂੰ ਉਪਦੇਸ਼ਾਂ ਦੇ ਕਿਤਨੇ ਹੀ ਪਾਹੁ ਕਿਉਂ ਨਾ ਦਿਤੇ ਜਾਣ ਪਰੰਤੂ ਫਿਰ ਭੀ ਉਹ ਆਪਣੇ ਸੁਭਾਵ ਨੂੰ ਨਹੀਂ ਛਡੇਗਾ ਅਰ ਉਸ ਨੂੰ ਸਤਿਸੰਗ ਦਾ ਰੰਗ ਨਹੀਂ ਲਗੇਗਾ ਕਿੰਤੂ ਉਹ ਉਸੀ ਤਰ੍ਹਾਂ ਕੋਰੇ ਦਾ ਕੋਰਾ ਹੀ

ਰਹੇਗਾ। ਇਸ ਪ੍ਰਕਾਰ ਦੇ ਸੁਭਾਵ ਵਾਲੇ ਪੁਰਖਾਂ ਤੇ ਮਹਾਤਮਾਂ ਲੋਗ ਬਚੇ ਰਹਿਣ ਅਤੇ ਇਹ ਜਾਨ ਕੇ ਕਿ ਇਸ ਦੇ ਰਿਦੇ ਵਿਚ ਅਛੇ ਗੁਣਾਂ ਦਾ ਪ੍ਰਵੇਸ ਨਹੀਂ ਹੋਵੇਗਾ, ਅਤੇ ਇਹ ਆਪਣੇ ਸੁਭਾਵ ਨੂੰ ਨਹੀਂ ਖੋਵੇਗਾ, ਦੂਰ ਰਹਿਣ।

ਦੋਹਰਾ

ਨੀਚ ਬਾਂਸ ਸਮ ਪਰਸਪਰ, ਬਾਦ ਅਗਣ ਪ੍ਰਗਟਾਇ॥
ਬਨ ਕੁਲ ਕੋ ਦਾਹਿਨ ਕਰੇ, ਆਪ ਨਸ਼ਟ ਹੋ ਜਾਇ।੯੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬਾਂਸ ਆਪਣੇ ਘਸਣੇ ਕਰਕੇ ਅਜੇਹੀ ਅਗਨੀ ਪ੍ਰਗਟ ਕਰਦਾ ਹੈ ਜਿਸ ਦੇ ਬਲ ਨਾਲ ਉਹ ਸਾਰੇ ਬਨ ਨੂੰ ਨਸ਼ਟ ਕਰਕੇ ਆਪਣਾ ਭੀ ਨਾਸ ਕਰ ਲੈਂਦਾ ਹੈ ਅਰ ਸਾਰੇ ਬਨ ਨੂੰ ਸੁਆਹ ਕਰ ਦਿੰਦਾ ਹੈ, ਇਸੀ ਤਰ੍ਹਾਂ ਦੁਸ਼ਟ ਪੁਰਖ ਭੀ ਆਪਣੇ ਵਿਵਾਦ ਨਾਲ ਇਕ ਅਜੇਹੀ ਕ੍ਰੋਧ ਦੀ ਅਗਨੀ ਪ੍ਰਗਟ ਕਰ ਲੈਂਦਾ ਹੈ, ਜਿਸਤੇ ਆਪਣੀ ਸਾਰੀ ਕੁਲ ਦਾ ਨਾਸ ਕਰ ਦੇਂਦਾ ਹੈ।

ਪਿਆਰੇ ਪਾਠਕ ਅਜੇਹੇ ਬਾਂਸ ਸੁਭਾਵ ਵਾਲੇ ਪੁਰਖਾਂ ਦੀ ਸੰਗਤ ਕੋਲੋਂ ਸਦਾ ਹੀ ਸੰਗਦੇ ਰਹਿਣ ਜਿਸ ਤੇ ਉਨਾਂ ਦੇ ਰਿਦੇ ਦੀ ਉਤਪੱਤ ਹੋਈ ਅਗਨੀ ਦਾ ਸੇਕ ਉਨ੍ਹਾਂ ਨੂੰ ਭੀ ਨਾ ਦਾਹੁ ਕਰੇ।

ਦੋਹਰਾ

ਸਦਾ ਬਾਂਸ ਚੰਦਨ ਨਿਕਟਿ, ਬਸੇ ਨ ਗਾਹੇ ਸੁਗੰਧ॥
ਤਿਉਂ ਦੁਰਜਨ ਸਤਿਸੰਗ ਪਾ, ਰਹੇ ਗਿਆਨ ਤੇ ਅੰਧ।੯੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬਾਂਸ ਭਾਵੇਂ ਚੰਦਨ ਦੇ ਪਾਸ ਹੀ ਰਹਿੰਦਾ ਹੈ ਪਰੰਤੂ ਉਹ ਉਸ ਦੀ ਸੁਗੰਧੀ ਨੂੰ ਗ੍ਰਹਿਣ ਨਹੀਂ ਕਰਦਾ, ਇਸ ਦਾ ਕਾਰਨ ਇਹ ਹੁੰਦਾ ਹੈ ਕਿ ਉਹ ਅਪਣੀ ਵਡਿਆਈ ਵਿੱਚ ਹੀ ਗਿਰਦਾਬ ਰਹਿੰਦਾ ਹੈ। ਇਸੀ ਪ੍ਰਕਾਰ ਦੁਸ਼ਟ ਪੁਰਖ ਭਾਵੇਂ ਅਪਣੀ ਸਾਰੀ ਉਮਰਾ

ਸਤਿਸੰਗ ਵਿੱਚ ਨਿਵਾਸ ਕਰਕੇ ਗੁਜ਼ਾਰੇ ਪਰੰਤੂ ਆਪਣੇ ਅਭਿਮਾਨ ਦੇ ਘੁਮੰਡ ਵਿਚ ਡੁਬਨੇ ਕਰਕੇ ਸਤਿਸੰਗ ਦਾ ਲੇਸ਼ ਨਹੀਂ ਲਗਦਾ।

ਪਾਠਕ ਗਣ ਅਜੇਹੇ ਪੁਰਖਾਂ ਨੂੰ ਅਪਣਾ ਅੰਮ੍ਰਿਤ ਰੂਪੀ ਉਪਦੇਸ਼ ਦੇਕੇ ਨਾ ਗੁਵਾਉਣ।

ਦੋਹਰਾ

ਦੇਖਨ ਕੋ ਸੀਧਾ ਅਜੇ, ਬੇਧ ਜਾਤ ਤਨ ਤੀਰ॥
ਤਿਉਂ ਦੁਰਜਨ ਨਿਜ ਬੈਨ ਤੇ, ਬੇਧੇ ਚਿਤ ਸਰੀਰ॥੬੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਤੀਰ ਨੂੰ ਜਦ ਹੱਥ ਵਿਚ ਪਕੜ ਕੇ ਦੇਖੀਦਾ ਹੈ ਤਦ ਸਿਧਾ ਅਤੇ ਸਾਫ ਪਰਤੀਤ ਹੁੰਦਾ ਹੈ, ਪਰੰਤੂ ਜਦ ਉਹ ਸੀਨੇ ਵਿੱਚ ਲਗਦਾ ਹੈ ਤਦ ਵਿੰਨਕੇ ਪਾਰ ਹੋ ਜਾਂਦਾ ਹੈ, ਇਸੀ ਪ੍ਰਕਾਰ ਦੁਰਜਨ ਪੁਰਖ ਭੀ ਦੇਖਣ ਲਈ ਤਾਂ ਵੱਡਾ ਸਰਲ ਸੁਭਾਵ ਅਤੇ ਭਲਾ ਜਾਪਦਾ ਹੈ ਪਰੰਤੂ ਅਪਣੇ ਬੁਰੇ ਸੁਭਾਵ ਤੇ ਦੁਰਬਚਨਾਂ ਨਾਲ ਚਿੱਤ ਅਰ ਸ਼ਰੀਰ ਦੋਹਾਂ ਨੂੰ ਵਿੰਨ੍ਹਕੇ ਘਾ ਕਰ ਦਿੰਦਾ ਹੈ।

ਪਾਠਕ ਗਣ ਅਜੇਹੇ ਤੀਰ ਸਮਾਨ ਪੁਰਖਾਂ ਤੇ ਬਚੇ ਰਹਿਣ ਜਿਸ ਤੇ ਉਨ੍ਹਾਂ ਦੀ ਉਪਰਲੀ ਸਫਾਈ ਦੇਖਕੇ ਅੰਤ ਨੂੰ ਦੁਖ ਪਾਉਂਦੇ ਹਨ।

ਦੋਹਰਾ

ਊਖਰ ਭੂਮੀ ਦੁਸ਼ਟ ਬਿਧ, ਦੇਖਨ ਕੋ ਸੁਖ ਦਾਇ॥
ਨਿਕਟ ਜਾਇ ਤਿਨ ਕੇ ਜਬੀ, ਹੇਤ ਮਹਾਂ ਦੁਖ ਦਾਇ॥੬੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਕੱਲਰੀ ਧਰਤੀ ਦੇਖਣ ਲਈ ਤਾਂ ਇਕ ਵਡੀ ਭਾਰੀ ਜਲ ਦੀ ਨਦੀ ਸਮਾਨ ਦਿਸਦੀ ਹੈ ਜਿਸ ਤੇ ਪਿਆਸਾ ਪੁਰਖ ਇਹ ਖਿਯਾਲ ਕਰਕੇ ਜਾਂਦਾ ਹੈ ਕਿ ਓਥੇ ਜਾਕੇ ਅਪਣੀ ਪਿਆਸ

ਨੂੰ ਬੁਝਾਕੇ ਸੁਖ ਪਾਵਾਂ ਪਰੰਤੂ ਜਦ ਉਸ ਦੇ ਨੇੜੇ ਜਾਂਦਾ ਹੈ ਤਦ ਓਹ ਨਿਰੀ ਕੱਲਰੀ ਜ਼ਮੀਨ ਦੇਖਕੇ ਮਹਾਂ ਦੁਖੀ ਹੋਕੇ ਪਛਤਾਂਦਾ ਹੈ।

ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਦੇਖਣ ਲਈ ਤਾਂ ਐਸਾ ਸੁੰਦਰ ਮੂਰਤੀ ਅਤੇ ਸੁਭਾਇਮਾਨ ਜਾਪਦਾ ਹੈ ਜੈਸਾ ਕਿ ਕੋਈ ਵੱਡੇ ਮਹਾਤਮਾ ਪੁਰਖ ਹੁੰਦੇ ਹਨ, ਪਰੰਤੂ ਜਦ ਉਸ ਦਾ ਭੇਦ ਪ੍ਰਤੀਤ ਹੋ ਜਾਂਦਾ ਹੈ ਤਦ ਮਹਾਂ ਭਿਯਾਨਕ ਹੋਕੇ ਨਜ਼ਰ ਆਉਂਦਾ ਹੈ।

ਪਿਯਾਰੇ ਪਾਠਕ ਅਜੇਹੇ ਊਖਰ ਭੂਮੀ ਉਜਲ ਅਤੇ ਚਿਲਕਨੇ ਸੁਭਾਵ ਵਾਲੇ ਦੁਸ਼ਟ ਪੁਰਖਾਂ ਤੇ ਅਪਣੇ ਆਪ ਨੂੰ ਜੁਦਾ ਰਖਣ ਜਿਸ ਤੇ ਓੜਕ ਨੂੰ ਪਛਤਾਉਣਾ ਨਾ ਪਵੇ।

ਦੋਹਰਾ

ਜਿਉਂ ਤੁਖ ਗਾਹੇ ਤੇ ਨਹੀਂ, ਕਣ ਪਾਵਤ ਨਰ ਕੋਇ॥
ਤਿਉਂ ਦੁਰਜਨ ਸੇਵਾ ਕੀਏ, ਰੰਚਕ ਲਾਭ ਨਾ ਹੋਇ॥੭੦॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਤੁਖ ਯਾ ਤੂੜੀ ਨੂੰ ਕੋਈ ਪੁਰਖ ਭਾਵੇਂ ਜਿਤਨਾ ਹੀ ਬੈਲ ਲਾਕੇ ਗਾਹ ਪਾਵੇ ਪਰੰਤੂ ਉਸ ਤੇ ਕਦੇ ਭੀ ਦਾਣੇ ਨਹੀਂ ਪ੍ਰਾਪਤ ਹੁੰਦੇ।

ਇਸੀ ਪ੍ਰਕਾਰ ਦੁਸ਼ਟ ਪੁਰਖ ਦੀ ਭੀ ਭਾਵੇਂ ਤਨ ਮਨ ਅਤੇ ਧਨ ਕਰਕੇ ਕਿਤਨੀ ਹੀ ਸੇਵਾ ਕਿਉਂ ਨਾ ਕਰੀਏ ਪਰੰਤੂ ਉਸ ਤੇ ਅਛੇ ਗੁਣ ਰੂਪੀ ਦਾਣੇ ਕਦੇ ਭੀ ਪ੍ਰਾਪਤ ਨਹੀਂ ਹੋਣਗੇ ਅਤੇ ਸਗੋਂ ਉਸ ਤੇ ਉਲਟ ਕਈ ਪ੍ਰਕਾਰ ਦੇ ਖੇਦ ਸਹਾਰਨੇ ਪੈਣਗੇ।

ਪਿਯਾਰੇ ਪਾਠਕ ਅਜੇਹੇ ਤੁਖ ਸਮਾਨ ਪੁਰਖਾਂ ਤੇ ਸਦਾ ਹੀ ਆਪਣੇ ਆਪ ਨੂੰ ਜੁਦਾ ਰਖਣ ਜਿਨ੍ਹਾਂ ਦੀ ਸੰਗਤ ਤੇ ਅਛੇ ਗੁਣਾਂ ਦੀ ਪ੍ਰਾਪਤੀ ਕਦੇ ਭੀ ਨਹੀਂ ਹੋਵੇਗੀ।

ਦੋਹਰਾ

ਜਿਉਂ ਅੰਧੇ ਅੰਜਨ ਦਏ, ਨਾ ਫਲ ਦਾਇਕ ਹੋਤ॥
ਤਿਉਂ ਦੁਰਜਨ ਉਪਦੇਸ਼ ਭਲ, ਜੋ ਦੇਵਤ ਸੋ ਖੋਤ।੭੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਜੋ ਪੁਰਖ ਕਿਸੇ ਅੰਧੇ ਨੇਤ੍ਰ ਵਿੱਚ ਕੋਈ ਬਹੁਤ ਦ੍ਰਿਸ਼ ਵਰਧਿਕ ਅੰਜਨ ਪਾਉਂਦਾ ਹੈ ਸੋ ਉਸ ਤੇ ਅੰਧੇ ਨੂੰ ਕੁਝ ਭੀ ਲਾਭ ਨਹੀਂ ਹੁੰਦਾ, ਸਗੋਂ ਉਸ ਦਾ ਸਾਰਾ ਅੰਜਨ ਨਿਸਫਲ ਜਾਂਦਾ ਹੈ।

ਇਸੀ ਪ੍ਰਕਾਰ ਜੋ ਪੁਰਖ ਖੋਟੇ ਪੁਰਖ ਨੂੰ ਜਿਸ ਦੇ ਰਿਦੇ ਰੂਪੀ ਲੋਚਨ ਸੱਤ ਅਤੇ ਅਸੱਤ ਦੀ ਵਿਚਾਰ ਵਲੋਂ ਅੰਧੇ ਹਨ, ਉਤਮ ਉਪਦੇਸ਼ਾਂ ਦਾ ਵਿਚਾਰ ਉਸ ਦੇ ਰਿਦੇ ਵਿਚ ਪਾਉਂਦਾ ਹੈ ਉਸ ਤੇ ਉਸ ਮੂਰਖ ਪੁਰਖ ਨੂੰ ਕੁਝ ਭੀ ਲਾਭ ਨਹੀਂ ਹੁੰਦਾ, ਕਿੰਤੂ ਇਸ ਤੇ ਸਗੋਂ ਉਸ ਪੁਰਖ ਦਾ ਉਪਦੇਸ਼ ਕਰਨਾ ਨਿਸਫਲ ਜਾਂਦਾ ਹੈ ਕਿਉਂਕਿ ਉਸ ਦੇ ਰਿਦੇ ਵਿਚ ਉਹ ਸਮਰਥਾ ਨਹੀਂ ਹੈ ਜੋ ਉਸ ਅਛੇ ਉਪਦੇਸ਼ ਨੂੰ ਗ੍ਰਿਹਣ ਕਰਨਗੇ।

ਦੋਹਰਾ

ਜਿਉਂ ਬਹਰੇ ਕੋ ਕਹੇ ਕੁਛ, ਵਹੁ ਸਮਝੇ ਕੁਛ ਹੋਰ॥
ਤਿਉਂ ਦੁਰਜਨ ਸਮਝੇ ਨਹੀਂ, ਸਾਚੇ ਬਚਨ ਨਿਚੋਰ।੭੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਕਿਸੇ ਬੋਲੇ ਆਦਮੀ ਨੂੰ ਜਦ ਕੋਈ ਪੁਰਖ ਕੁਛ ਬਾਰਤਾ ਆਖਦਾ ਹੈ। ਸੋ ਭਾਵੇਂ ਉਸ ਦੇ ਭਲੇ ਦੀ ਹੀ ਹੋਵੇ ਪਰੰਤੂ ਉਹ ਉਸ ਨੂੰ ਨਾ ਸਮਝ ਕੇ ਹੋਰ ਦਾ ਹੋਰ ਹੀ ਉਤਰ ਦੇਂਦਾ ਹੈ, ਇਸ ਪ੍ਰਕਾਰ ਦੁਸ਼ਟ ਪੁਰਖ ਨੂੰ ਭੀ ਭਾਵੇਂ ਕਿਤਨਾ ਹੀ ਭਲੇ ਦਾ ਉਪਦੇਸ਼ ਕਰੀਏ ਪਰੰਤੂ ਉਹ ਉਸ ਦੇ ਤਾਤਪਰਜ ਨੂੰ ਨਾ ਸਮਝਕੇ ਸਗੋਂ ਉਲਟਾ ਝਗੜਾ ਛੇੜ ਲੈਂਦਾ ਹੈ।

ਪਿਯਾਰੇ ਪਾਠਕ ਅਜਿਹੇ ਡੋਰੇ ਸਮਾਨ ਬੁਰੇ ਪੁਰਖਾਂ ਨੂੰ ਸੰਭਲ ਕੇ ਬਚਨ ਆਖਣ ਜਿਸ ਤੇ ਉਹ ਬਿਨਾਂ ਸਮਝੇ ਕਿਤੇ ਗਲ ਦਾ ਹਾਰ ਨਾ ਹੋ ਜਾਣ।

ਦੋਹਰਾ

ਬਿਖ ਲਾਡੂ ਅਰ ਦੁਰਜਨ, ਸਮ ਸਰ ਜੁਗਲ ਨਿਹਾਰ॥
ਦੁਰਜਨ ਸਦਾ ਦੁਖ ਮੂਲ ਹੈ, ਲਾਡੂ ਡਾਰਤ ਮਾਰ।੭੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਵਿਖ ਵਾਲੇ ਲਡੂ ਖਾਣੇ ਵਿਚ ਮਿਠੇ ਅਰ ਦੇਖਣ ਵਿਚ ਸੁੰਦਰ ਲਗਦੇ ਹਨ ਪਰੰਤੂ ਫਲ ਉਨ੍ਹਾਂ ਦਾ ਮੌਤ ਹੁੰਦੀ ਹੈ, ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਭਾਵੇਂ ਦੇਖਣ ਅਤੇ ਵਰਤਣ ਲਈ ਤਾਂ ਕੁਝ ਕਾਲ ਅਛਾ ਪਰਤੀਤ ਹੁੰਦਾ ਹੈ ਕਿੰਤੂ ਅੰਤ ਨੂੰ ਉਸ ਤੇ ਕਈ ਪ੍ਰਕਾਰ ਦੇ ਦੁਖਾਂ ਦਾ ਪ੍ਰਾਪਤ ਹੋਣਾ ਸਿਧ ਹੁੰਦਾ ਹੈ, ਜਿਸ ਤੇ ਪੁਰਖ ਕਈ ਪ੍ਰਕਾਰ ਦੇ ਕਲੇਸ਼ ਪਾਉਂਦਾ ਹੈ। ਪਰੰਤੂ ਵਿਖ ਦੇ ਲਡੂ ਅਰ ਦੁਸ਼ਟ ਪੁਰਖ ਵਿਚ ਇਤਨਾ ਭੇਦ ਹੈ ਜੋ ਉਹ ਲਡੂ ਤਾਂ ਪੁਰਖ ਦੀ ਇਕ ਵੇਰ ਹੀ ਜਾਨ ਕਢ ਲੈਂਦੇ ਹਨ ਅਤੇ ਦੁਸ਼ਟ ਪੁਰਖ ਸਦਾ ਹੀ ਦੁਖਦਾਈ ਹੁੰਦਾ ਹੈ।

ਪਿਯਾਰੇ ਪਾਠਕ ਅਜੇਹੇ ਪੁਰਖਾਂ ਤੇ ਆਪਣੇ ਆਪ ਨੂੰ ਬਚਾਈ ਰਖਣ ਜੋ ਆਪਣੇ ਆਪ ਦੀ ਦੁਸ਼ਟਤਾ ਰੂਪੀ ਵਿਸ ਨੂੰ ਕੋਮਲਤਾ ਅਤੇ ਮਧਰਤ ਨਾਲ ਛਿਪਾ ਰਖਦੇ ਹਨ।

ਦੋਹਰਾ

ਜਿਉ ਉਜਲ ਹਿਮ ਮਹਿ, ਪਰੇ ਗਰੇ ਮਰੇ ਦੁਖ ਪਾਇ॥
ਤਿਉ ਦੁਰਜਨ ਸਿਓ ਪ੍ਰੇਮ, ਕਰ ਸੁਜਨ ਰਸਾਤਲ ਜਾਇ।੭੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬ੍ਰਫ ਦੇਖਣ ਲਈ ਤਾਂ ਬਹੁਤ ਸੁੰਦਰ ਅਤੇ ਉਜਲ ਅਰ ਨਰਮ ਹੁੰਦੀ ਹੈ ਪਰੰਤੂ ਜੋ ਪੁਰਖ ਉਸ ਵਿਚ ਗਿਰ ਪੈਂਦਾ ਹੈ। ਉਸ ਦੇ ਅੰਗਾਂ ਨੂੰ ਤੁਰਤ ਹੀ ਗਾਲ ਦੇਂਦੀ ਹੈ। ਜਿਸਤੇ ਉਹ ਤੜਫ ਕੇ ਮਰ ਜਾਂਦਾ ਅਰ ਆਪਣੀ ਜਾਨ ਨੂੰ ਖੋਹ ਲੈਂਦਾ ਹੈ। ਇਸ ਪ੍ਰਕਾਰ ਦੁਸ਼ਟ ਪੁਰਖ ਭੀ ਦੇਖਣ ਲਈ ਤਾਂ ਵਡਾ ਉਜਲ ਦੀਦਾਰ ਅਰ ਸ਼ੁਸ਼ੀਲ ਪਰਤੀਤ ਹੁੰਦਾ ਹੈ ਪਰੰਤੂ

ਸਜਨ ਪੁਰਖ ਉਸ ਪਰ ਬਾਹਰੋਂ ਸੁੰਦਰ ਦੇਖਕੇ ਵਿਸ਼ਵਾਸ਼ ਕਰ ਲੈਂਦੇ ਹਨ, ਤਦ ਉਹ ਅਪਣੇ ਆਪ ਨੂੰ ਕਈ ਪ੍ਰਕਾਰ ਦੇ ਕਲੇਸ਼ਾਂ ਵਾਲੇ ਗੜ੍ਹੇ ਵਿਚ ਸਿੱਟ ਲੈਂਦਾ ਹੈ।

ਪਿਆਰੇ ਪਾਠਕ ਅਜਿਹੇ ਬਰਫ ਸਮਾਨ ਪੁਰਖਾਂ ਤੋਂ ਜੋ ਦੇਖਣ ਲਈ ਸੀਤਲ ਅਤੇ ਉਜਲ ਅਰ ਪਰਸ਼ਨ ਤੇ ਤਪਤ ਅਤੇ ਦੁਖਦਾਈ ਹੋਣ, ਆਪਣੇ ਆਪ ਨੂੰ ਦੂਰ ਰਖਣ ਅਤੇ ਉਨ੍ਹਾਂ ਦੇ ਲਪੇਟ ਵਿਚ ਆਕੇ ਆਪਣਾ ਨਾਸ ਨਾ ਕਰ ਲੈਣ।

ਦੋਹਰਾ

ਬਾਦਲ ਧੂਏਂ ਕੇ ਜਿਵੇਂ, ਬਿਨ ਜਲ ਸੁੰਦਰ ਰੂਪ॥
ਤਿਉਂ ਦੁਰਜਨ ਗੁਣ ਜਲ ਬਿਨਾ, ਭਾਸੇ ਰੂਪ ਅਨੂਪ॥੮੫॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਧੂਏਂ ਦੇ ਬਦਲ ਦੇਖਣ ਲਈ ਤਾਂ ਅਜਿਹੇ ਸੁੰਦਰ ਪ੍ਰਤੀਤ ਹੁੰਦੇ ਹਨ ਮਾਨੋ ਇਹ ਪ੍ਰਿਥੀ ਪਰ ਬਰਸਣਗੇ ਜਲ ਥਲ ਕਰ ਦੇਣਗੇ ਪਰੰਤੂ ਅਸਲ ਵਿਚ ਓਹ ਨਿਰੇ ਦੇਖਣ ਮਾਤ੍ਰ ਹੀ ਹੁੰਦੇ ਹਨ ਜਿਸ ਤੇ ਉਨ੍ਹਾਂ ਦਾ ਨਿਰਾ ਮਨ ਨੂੰ ਭਟਕਾਉਣ ਦਾ ਹੀ ਕਾਰਨ ਹੁੰਦਾ ਹੈ ਅਰ ਅੰਦਰੋਂ ਨਿਰੇ ਜਲ ਤੇ ਖਾਲੀ ਹੁੰਦੇ ਹਨ। ਇਸੀ ਪ੍ਰਕਾਰ ਦੁਰਜਨ ਲੋਗ ਦੇਖਣ ਲਈ ਤਾਂ ਠੀਕ-ਠੀਕ ਪਰਉਪਕਾਰੀ ਅਰ ਸੁਹਿਰਜ ਸੁਭਾਵ ਵਾਲੇ ਪ੍ਰਤੀਤ ਹੁੰਦੇ ਹਨ ਪਰੰਤੂ ਜਦ ਉਨ੍ਹਾਂ ਨੂੰ ਵਿਚਾਰ ਕੇ ਵਰਤਾਉ ਵਿਚ ਦੇਖੀਦਾ ਹੈ ਤਦ ਨਿਰੇ ਲੰਪੋੜ ਸੰਖ ਹੀ ਹੁੰਦੇ ਹਨ।

ਮਹਾਤਮਾਂ ਜਨ ਅਜਿਹੇ ਪੁਰਖਾਂ ਪਰ ਨਿਰਭਰ ਨਾ ਰੱਖਣ ਜੋ ਇਨ੍ਹਾਂ ਦੀ ਸੰਗਤ ਤੇ ਕੁਝ ਲਾਭ ਪਹੁੰਚੇਗਾ, ਕਿੰਤੂ ਅਜਿਹੇ ਮਹਾਤਮਾਂ ਕੇਵਲ ਦੇਖਣ ਮਾਤ੍ਰ ਹੀ ਸੁੰਦਰ ਹਨ।

ਦੋਹਰਾ

ਬਿਛੂ ਦੁਰਜਨ ਉਭੈ ਸਮ, ਬਿਨ ਕਾਰਨ ਦੁਖ ਦੇਤ॥
ਅਪਨੋ ਸਿਧ ਨ ਹੋਤ ਕੁਛ, ਦੂਸਰ ਸੁਖ ਹਰ ਲੇਤ॥੮੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬਿਛੂ ਜਦ ਕਿਸੇ ਪੁਰਖ ਦੇ ਡੰਗ ਮਾਰਦਾ ਹੈ ਤਦ ਉਸ ਨੂੰ ਤਾਂ ਕਈ ਪ੍ਰਕਾਰ ਦਾ ਦੁਖ ਦੇ ਦੇਂਦਾ ਹੈ, ਪਰੰਤੂ ਉਸ ਨੂੰ ਆਪਣਾ ਲਾਭ ਰੰਚਕ ਭੀ ਨਹੀਂ ਹੁੰਦਾ ਇਸੀ ਪ੍ਰਕਾਰ ਦੁਰਜਨ ਪੁਰਖ ਭੀ ਦੂਸਰੇ ਦਾ ਬੁਰਾ ਕਰਨ ਲਈ ਤਾਂ ਤਿਆਰ ਹੋ ਜਾਂਦਾ ਹੈ ਅਰ ਕਈ ਪ੍ਰਕਾਰ ਦੇ ਦੁਖਾਂ ਦੀ ਪ੍ਰਾਪਤੀ ਕਰ ਦੇਂਦਾ ਹੈ ਪਰੰਤੂ ਉਸ ਨੂੰ ਆਪਣਾ ਭਾਵੇਂ ਕੁਝ ਭੀ ਲਾਭ ਨਾ ਹੋਵੇ। ਪਾਠਕ ਗਣ ਅਜਿਹੇ ਬਿਛੂ ਸਮਾਨ ਪਰਵਿਰਤੀ ਰਖਣ ਵਾਲੇ ਪੁਰਖਾਂ ਸੇ ਬਚੇ ਰਹਿਣ।

ਦੋਹਰਾ

ਆਕ ਫੂਲ ਫੂਲੇ ਜਬੀ, ਤਬ ਛਬ ਅਧਿਕ ਸੁਹਾਇ
ਗੰਧ ਹੀਨ ਦੁਰਜਨ ਤਿਵੇਂ, ਸੋਭ ਮਹਾਂ ਦੁਖ ਦਾਇ।੭੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਅੱਕ ਦਾ ਫੁਲ ਦੇਖਣ ਲਈ ਤਾਂ ਸੁੰਦਰ ਹੈ ਪਰੰਤੂ ਗੰਧਹੀਨ ਹੋਣੇ ਦੇ ਕਾਰਨ ਸੋਭਾ ਨਹੀਂ ਪਾਉਂਦਾ। ਇਸੀ ਪ੍ਰਕਾਰ ਦੁਰਜਨ ਪੁਰਖ ਭੀ ਦੇਖਨ ਲਈ ਤਾਂ ਭਾਵੇਂ ਬਹੁਤ ਹੀ ਅਛਾ ਪ੍ਰਤੀਤ ਹੁੰਦਾ ਹੈ। ਪਰੰਤੂ ਪ੍ਰੇਮ ਰੂਪੀ ਗੰਧ ਤੇ ਰਹਿਤ ਹੋਣੇ ਕਰਕੇ ਦੁਖ ਰੂਪ ਹੋ ਜਾਂਦਾ ਹੈ।

ਪਾਠਕ ਗਣ ਉਪਰਲੀ ਸੁੰਦਰਤਾ ਪਰ ਨਾ ਭੁਲ ਜਾਇਆ ਕਰਨ।

ਦੋਹਰਾ

ਦੁਸ਼ਟ ਧੂਮ ਬਾਦਲ ਜੁਗਲ, ਪੇਖਨ ਤੇ ਸੁਖ ਦੇਤ॥
ਹਿਤ ਜਲ ਬਾਝੋਂ ਦੇਖਕੇ, ਮਹਾਂ ਖੇਦ ਕੋ ਹੇਤ।੭੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਧੁਏਂ ਦੇ ਬਾਦਲ ਨੂੰ ਜਦ ਇਕ ਸਿਆਮ ਸੁੰਦਰ ਘਟਾਂ ਬਨੀ ਹੋਈ ਦੇਖੀਦਾ ਹੈ ਤਦ ਸਭ ਦੇ ਚਿੱਤ ਵਿਚ ਆਨੰਦ ਪ੍ਰਾਪਤ ਹੋ ਜਾਂਦਾ ਹੈ ਅਤੇ ਆਸ਼ਾ ਹੋ ਜਾਂਦੀ ਹੈ ਕਿ ਅਜ ਇਸ ਬਦਲ

ਤੇ ਮੇਘ ਬਰਸ ਕੇ ਪ੍ਰਜਾ ਦੇ ਦੁਰਭਿਖ ਅਰਥਾਤ ਕਾਲ ਨੂੰ ਦੂਰ ਕਰ ਦੇਵੇਗੀ, ਪ੍ਰੰਤੂ ਜਦ ਹਵਾ ਦੇ ਨਾਲ ਉਡਕੇ ਦ੍ਰਿਸ਼ਟੀਓ ਦੂਰ ਹੋ ਜਾਂਦਾ ਹੈ ਤਦ ਉਸੀ ਵੇਲੇ ਦੁਖਦਾਈ ਅਤੇ ਫੋਕਾ ਧੂੰਆਂ ਪ੍ਰਤੀਤ ਹੋ ਜਾਂਦਾ ਹੈ ਤਦ ਉਸੀ ਪ੍ਰਕਾਰ ਦੁਸ਼ਟ ਪੁਰਖ ਭੀ ਭਾਵੇਂ ਪਹਿਲੇ ੨ ਦੇਖਣ ਕਰਕੇ ਤਾਂ ਵਡਾ ਹੀ ਅੱਛਾ ਅਰ ਪਰਉਪਕਾਰੀ ਪ੍ਰਤੀਤ ਹੁੰਦਾ ਹੈ ਪਰੰਤੂ ਜਦ ਉਸ ਦੇ ਆਚਾਰੋਂ ਬਿਹਾਰ ਤੇ ਇਹ ਪ੍ਰਤੀਤ ਹੋ ਜਾਂਦਾ ਹੈ ਕਿ ਇਸ ਦੇ ਰਿਦੇ ਵਿਚ ਪ੍ਰਉਪਕਾਰਤਾ ਦੇ ਹਿਤ ਦਾ ਜਲ ਨਹੀਂ ਹੈ ਤਦ ਦੁਖ ਰੂਪ ਪ੍ਰਤੀਤ ਹੋ ਜਾਂਦਾ ਹੈ।

ਪਿਯਾਰੇ ਸਜਨ ਅਜਿਹੇ ਭਦਰ ਪੁਰਖਾਂ ਪਰ ਵਿਸ਼ਵਾਸ਼ ਨਾ ਕਰ ਲੈਣ।

ਦੋਹਰਾ

ਗੀਠੇ ਮੀਠੇ ਬੇਰ ਸਮ, ਦੇਖਨ ਕੋ ਮਿਲ ਜਾਤ॥
ਤਿਉਂ ਦੁਰਜਨ ਸਮ ਸੁਜਨ ਕੇ, ਭੇਖ ਧਾਰ ਦਰਸਾਤ।੭੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਗੀਠਾ ਦੇਖਨ ਲਈ ਤਾਂ ਅਜੇਹਾ ਪ੍ਰਤੀਤ ਹੁੰਦਾ ਹੈ ਜਿਸ ਤਰਾਂ ਮਿਠਾ ਬੇਰ ਹੁੰਦਾ ਹੈ। ਪਰੰਤੂ ਅਸਲ ਵਿਚ ਓਹ ਨਿਰਾ ਜ਼ਹਿਰ ਨਾਲ ਪੂਰਤ ਹੁੰਦਾ ਹੈ। ਇਸੀ ਪ੍ਰਕਾਰ ਦੁਸ਼ਟ ਪੁਰਖ ਭੀ ਦੇਖਣ ਲਈ ਤਾਂ ਭੇਸ ਵਿਚ ਸੁਜਨਾ ਸਮਾਨ ਪ੍ਰਤੀਤ ਹੁੰਦਾ ਹੈ ਪਰੰਤੂ ਅਸਲ ਵਿਚ ਉਸ ਦੀ ਆਤਮਾ ਨਿਰਾ ਦੁਸ਼ਟਤਾ ਦੀ ਜ਼ਹਿਰ ਨਾਲ ਪੂਰਤ ਹੁੰਦਾ ਹੈ।

ਪਿਯਾਰੇ ਪਾਠਕ ਐਸੇ ਪੁਰਖਾਂ ਤੇ ਆਪਣੇ ਆਪ ਨੂੰ ਸੰਕੋਚ ਰਖਣ ਜਿਸ ਤੇ ਆਪਣੇ ਆਤਮਾਂ ਦਾ ਨਾਮ ਨਾ ਕਰ ਲੈਣ।

ਦੋਹਰਾ

ਦੁਰਜਨ ਜਨ ਕੋ ਜਥਾ ਮਤ, ਕਿਹਾ ਸੁਭਾਵ ਬਖਾਨ॥
ਅਬ ਆਗੇ ਵਰਨਣ ਕਰੋ, ਜੋ ਹੈ ਪੁਰਖ ਸੁਜਾਨ।੮੦॥

ਇਸ ਦੋਹਰੇ ਦਾ ਭਾਵ ਇਹ ਹੈ ਕਿ ਐਥੋਂ ਤਕ ਦੁਰਜਨ ਪੁਰਖਾਂ ਦੇ ਜੋ ੨

ਪਰਕ੍ਰਿਤਕ ਸੁਭਾਵ ਸੇ ਸੋ ਤਾਂ ਕਥਨ ਕੀਤੇ ਗਏ ਹਨ ਪਰੰਤੂ ਇਸ ਤੇ ਅਗੇ ਹੁਣ ਦੁਰਜਨ ਪੁਰਖਾਂ ਤੇ ਭਿੰਨ ਜੋ ਸੁਜਾਨ ਪੁਰਖ ਹਨ ਉਨਾਂ ਦੇ ਸੁਭਾਵ ਅਤੇ ਲਖਨ ਕਥਨ ਕੀਤੇ ਜਾਣਗੇ।

ਆਸ਼ਾ ਪੈਂਦੀ ਹੈ ਜੋ ਸਾਡੇ ਸਜਨ ਜਨ ਉਨਾਂ ਉਤਮ ਸੁਭਾਵਾਂ ਵੱਲ ਭੀ ਆਪਣੇ ਮਨ ਦੀ ਬਿਰਤੀ ਨੂੰ ਲਗਾਕੇ ਵਿਚਾਰਨਗੇ।

ਦੋਹਰਾ

ਅਪਣੇ ਸਿਰ ਪਰ ਧੂਪ ਸਹਿ, ਬ੍ਰਿਖ ਔਰ ਸੁਖ ਦੇਤ॥
ਤਿਉ ਤਨ ਪਰ ਦੁਖ ਕੋਟ ਲੈ, ਸੁਜਨ ਔਰ ਸੁਖ ਹੇਤ॥੯੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪਰਕਾਰ ਬ੍ਰਿਖ ਆਪਣੇ ਸਿਰ ਪਰ ਕਈ ਪਰਕਾਰ ਦੇ ਕਸ਼ਟ ਧੁੱਪ ਅਤੇ ਅੰਧੇਰੀ ਆਦਿਕ ਸਹਾਰ ਕੇ ਦੂਸਰੇ ਪੁਰਖ ਅਤੇ ਪਸ਼ੂ ਪੰਖੀਆਂ ਲਈ ਸੁਖ ਪਰਦਾਨ ਕਰਦਾ ਹੈ। ਇਸੀ ਪਰਕਾਰ ਸੱਜਣ ਲੋਕ ਭੀ ਦੂਸਰਿਆਂ ਲਈ ਸੁਖ ਪ੍ਰਦਾਨ ਕਰਦੇ ਹਨ।

ਦੋਹਰਾ

ਜਿਉ ਬਾਦਲ ਬਿਨ ਲੋਭ ਤੇ, ਔਰਨ ਕੋ ਜਲ ਦੇਤਿ॥
ਤਿਉ ਸ਼ੁਭ ਜਨ ਨਿਜ ਗੁਣੋਂ ਸੇ, ਔਰਨ ਕੋ ਸੁਖ ਹੇਤ॥੯੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬਦੱਲ ਆਪਣੇ ਜਲ ਨਾਲ ਬਿਨਾਂ ਕਿਸੇ ਲਾਲਚ ਦੇ ਬਰਸ ਕੇ ਲੋਗਾਂ ਨੂੰ ਸੁਖ ਦਿੰਦਾ ਹੈ। ਇਸੀ ਪ੍ਰਕਾਰ ਅੱਛੇ ਪੁਰਖ ਭੀ ਬਿਨਾਂ ਕਿਸੇ ਸੁਆਰਥ ਪਰ ਤਦੇ, ਆਪਣੇ ਅਛੇ ਗੁਣਾਂ ਨਾਲ ਹੋਰਨਾਂ ਨੂੰ ਲਾਭ ਪਰਾਪਤ ਕਰਦੇ ਹਨ।

ਦੋਹਰਾ

ਜਿਉ ਸਰਤਾ ਜਲ ਨਹਿ ਅਚੇ, ਔਰਨ ਦਏ ਅਰਾਮ॥
ਤਿਉਂ ਸਜਨ ਜਨ ਜਗਤ ਪਹਿੰ, ਪਰ ਹਿਤ ਕਰਤੇ ਕਾਮ॥੯੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਨਦੀ ਜੋ ਵਡੇ ਮਿਠੇ ਅਤੇ ਸ੍ਵਛ ਪਾਣੀ ਨਾਲ ਪੂਰਤ ਹੁੰਦੀ ਹੈ, ਸੋ ਉਹ ਆਪਣੇ ਵਾਸਤੇ ਤਾਂ ਇਕ ਬੂੰਦ ਭੀ ਨਹੀਂ ਚਾ ਹੁੰਦੀ। ਕਿੰਤੂ ਉਸ ਦਾ ਸਾਰਾ ਜਲ ਪਰ ਪੁਰਖਾਂ ਯਾ ਜੀਵਾਂ ਦੇ ਲਾਭ ਲਈ ਹੁੰਦਾ ਹੈ। ਇਸੀ ਪ੍ਰਕਾਰ ਮਹਾਤਮਾਂ ਪੁਰਖ ਆਪਣੇ ਅੱਛੇ ਕਰਮਾਂ ਤੇ ਆਪ ਇਤਨਾ ਲਾਭ ਨਹੀਂ ਉਠਾਉਂਦੇ। ਕਿੰਤੂ ਉਨ੍ਹਾਂ ਦਾ ਸਾਰਾ ਉਪਾਉ ਕੇਵਲ ਹੋਰਨਾਂ ਦੇ ਸੁਖਾਂ ਵਾਸਤੇ ਹੁੰਦਾ ਹੈ।

ਦੋਹਰਾ

ਚੰਦਨ ਕਟੇ ਕੁਠਾਰ ਜਿਉਂ, ਵਹੁ ਦੇਵਤ ਤਹਿ ਗੰਧ॥
ਤਿਉਂ ਸਾਜਨ ਸੁਖ ਦੇਤ ਤਹਿੰ, ਜੋ ਦੇਵਤ ਦੁਖ ਅੰਧ॥੯੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪਰਕਾਰ ਕੁਹਾੜਾ ਤਾਂ ਚੰਦਨ ਨੂੰ ਕਟਦਾ ਹੈ। ਪਰੰਤੂ ਉਹ ਉਸ ਦੇ ਬਦਲੇ ਵਿੱਚ ਉਸ ਨੂੰ ਸੁਗੰਧੀ ਦਾ ਦਾਨ ਦੇਂਦਾ ਹੈ। ਇਸੀ ਪ੍ਰਕਾਰ ਮਹਾਤਮਾਂ ਪੁਰਖਾਂ ਦਾ ਭੀ ਸੁਭਾਵ ਹੈ ਕਿ ਜੋ ਉਨਾਂ ਨੂੰ ਦੁਖ ਦੇ ਕੇ ਨਾਸ ਕਰਨਾ ਭੀ ਚਾਹੇ, ਉਹ ਉਸ ਦਾ ਪਲਟਾ ਉਸ ਨੂੰ ਸੁਖ ਹੀ ਪਰਧਾਨ ਕਰਦੇ ਹਨ।

ਦੋਹਰਾ

ਪਥਰ ਤੋੜ ਸੀਪ ਜਿਉਂ, ਵਹੁ ਮੋਤੀ ਦੇ ਦਾਨ॥
ਤਿਓ ਸਾਜਨ ਸੁਖ ਦੇਤ ਹੈ, ਜੋ ਨਾ ਕਰੇ ਅਪਮਾਨ॥੯੫॥

ਇਸ ਨੀਤੀ ਦਾ ਭਾਵ ਇਹ ਹੈ ਕਿ ਜਿਸ ਪਰਕਾਰ ਪੱਥਰ ਸਿਪ ਨੂੰ ਤੋੜਦਾ ਹੈ, ਅਰ ਉਹ ਫੇਰ ਭੀ ਉਸ ਨੂੰ ਮੋਤੀ ਬਖਸ਼ਦਾ ਹੈ।

ਇਸੀ ਤਰਾਂ ਭਾਵੇਂ ਬੁਰੇ ਪੁਰਖਾਂ ਤੇ ਮਹਾਤਮਾਂ ਨੂੰ ਭੀ ਦੁੱਖ ਮਿਲਦਾ ਹੈ, ਪਰ ਤਾਂ ਭੀ ਉਹ ਸੁੱਖ ਹੀ ਦੇਂਦੇ ਹਨ।

ਦੋਹਰਾ

ਜਿਉ ਚੰਦਨ ਸਰਪਨ ਵਿਖੇ, ਸੀਤਲ ਹੋ ਵਿਖ ਹੀਨ॥
ਤਿਉ ਸੁਰਜਨ ਦੂਰਜਨ ਤੇ, ਹੋਤ ਨਾ ਕਬੀ ਮਲੀਨ।੯੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪਰਕਾਰ ਚੰਦਨ ਭਾਵੇਂ ਸਰਪਾਂ ਕਰਕੇ ਭਰਿਆ ਹੋਇਆ ਭੀ ਹੁੰਦਾ ਹੈ। ਪਰੰਤੂ ਫੇਰ ਭੀ ਉਹ ਆਪਣੀ ਸੀਤਲਤਾ ਨੂੰ ਤੱਜਕੇ ਵਿਖ ਨਹੀਂ ਧਾਰਨ ਕਰਦਾ। ਇਸੀ ਪਰਕਾਰ ਮਹਾਤਮਾਂ ਪੁਰਖ ਭੀ ਭਾਵੇਂ ਮਹਾਂ ਦੁਸ਼ਟਾਂ ਵਿਚ ਹੀ ਕਿਉਂ ਨਾ ਰਹਿਣ। ਪਰੰਤੂ ਫੇਰ ਭੀ ਆਪਣੀ ਬੁਧਿ ਨੂੰ ਮਲੀਨ ਨਹੀਂ ਕਰਦੇ, ਸਗੋਂ ਜਿਸ ਤਰ੍ਹਾਂ ਚੰਦਨ ਸੱਪਾਂ ਦੀ ਜ਼ਹਿਰ ਨੂੰ ਦੂਰ ਕਰਦਾ ਹੈ। ਇਸੀ ਪਰਕਾਰ ਉਹ ਬੁਰੇ ਪੁਰਖਾਂ ਦੀ ਬੁਰਿਆਈ ਨੂੰ ਦੂਰ ਕਰਦੇ ਰਹਿੰਦੇ ਹਨ।

ਦੋਹਰਾ

ਤਾਰਾ ਗਨ ਮਹਿ ਚਾਂਦ ਜਿਉ, ਜਾਤ ਸਦਾ ਨਿਰਲੇਪ॥
ਤਿਉ ਦੁਰਜਨ ਕੇ ਸੰਗ ਤੇ, ਲਹਤ ਨ ਸੁਜਨ ਵਖੇਪ।੯੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਤਰ੍ਹਾਂ ਚੰਦ ਤਾਰਿਆਂ ਦੇ ਵਿੱਚ ਦੀ ਨਿਰਲੇਪ ਹੋਕੇ ਚਲਿਆ ਜਾਂਦਾ ਹੈ। ਇਸੀ ਪਰਕਾਰ ਸੱਜਣ ਪੁਰਖ ਅਰਥਾਤ ਮਹਾਤਮਾਂ ਜਨ ਭਾਵੇਂ ਕਈ ਪਰਕਾਰ ਦੇ ਦੁਸ਼ਟ ਪੁਰਖਾਂ ਨਾਲ ਭੀ ਵਰਤ ਰਹੇ ਹੋਣ। ਪਰੰਤੂ ਫੇਰ ਭੀ ਉਨ੍ਹਾਂ ਦੇ ਦੋਖਾਂ ਤੇ ਨਿਰਲੇਪ ਰਹਿੰਦੇ ਹਨ।

ਦੋਹਰਾ

ਜਿਉ ਕੰਟਕ ਮਹਿ ਫੂਲ ਬਸ, ਰਹਿਤ ਸਦਾ ਨਿਰਲੇਪ॥
ਤਿਉ ਕੁਸੰਗ ਮਹਿ ਸੁਜਨ ਜਨ, ਲਾਤ ਨ ਕਦੇ ਵਖੇਪ।੯੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਫੁੱਲ ਭਾਵੇਂ ਕੰਡਿਆਂ ਵਿੱਚ ਹੀ ਵਸਦਾ ਹੈ। ਪਰੰਤੂ ਫੇਰ ਭੀ ਉਹ ਉਨ੍ਹਾਂ ਵਿੱਚ ਲਿਪਾਇਮਾਨ

ਨਹੀਂ ਹੁੰਦਾ। ਇਸੀ ਪ੍ਰਕਾਰ ਸੱਜਣ ਪੁਰਖ ਭਾਵੇਂ ਅਨੇਕ ਬੁਰੇ ਪੁਰਖਾਂ ਵਿੱਚ ਹੀ ਰਾਤ ਦਿਨ ਕਿਉਂ ਨਾ ਰਹਿਣ, ਫਿਰ ਭੀ ਉਹ ਉਨ੍ਹਾਂ ਦੇ ਸੰਗ ਦੋਖ ਕਰਕੇ ਕਦੇ ਭੀ ਵਿਕਾਰਾਂ ਨੂੰ ਧਾਰਨ ਨਹੀਂ ਕਰਦੇ, ਕਿੰਤੂ ਸਦਾ ਆਪਣੇ ਆਪ ਨੂੰ ਅਸੰਗ ਰਖਦੇ ਹਨ।

ਦੋਹਰਾ

ਨੌ ਨੇਜੇ ਜਲ ਕੇ ਵਿਖੇ, ਕਮਲ ਰਹਿਤ ਨਿਰਲੇਪ।।
ਤਿਉ ਦੁਰਜਨ ਮੈਂ ਬਸਤ ਹੈ, ਲਹਤ ਨ ਸਜਨ ਵਖੇਪ।।੮੯।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਕੰਵਲ ਦਾ ਫੁੱਲ ਭਾਵੇਂ ਕਿਤਨੇ ਹੀ ਡੂੰਘੇ ਪਾਣੀ ਵਿਚ ਕਿਉਂ ਨਾ ਹੋਵੇ ਪਰੰਤੂ ਉਸ ਨੂੰ ਜਲ ਡੁਬਾ ਨਹੀਂ ਸਕਦਾ। ਇਸੀ ਪ੍ਰਕਾਰ ਮਹਾਤਮਾਂ ਪੁਰਖ ਭਾਵੇਂ ਚਾਰੇ ਪਾਸਿਓਂ ਬੁਰੇ ਪੁਰਖਾਂ ਦੇ ਘੇਰੇ ਹੋਏ ਕਿਓ ਨਾ ਹੋਣ ਕਿੰਤੂ ਉਨਾਂ ਦਾ ਲੇਪ ਨਹੀਂ ਲਗਦਾ ਅਰਥਾਤ ਉਨ੍ਹਾਂ ਦੀ ਆਤਮਾ ਸਦਾ ਹੀ ਨਿਰਲੇਪ ਰਹਿੰਦੀ ਹੈ।

ਦੋਹਰਾ

ਸੀਤਲ ਮੰਦ ਸੁਗੰਧਤਾ, ਜਿਉ ਭੂਖਨ ਧਰ ਪੌਨ।।
ਸਭ ਜਨ ਕੋ ਸੁਖ ਦੇਤ ਹੈ, ਤਿਉ ਸਾਜਨ ਸੁਖ ਭੌਨ।।੯੦।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਪੌਣ ਵਿਖੇ ਸੀਤਲਤਾ ਅਰ ਮੰਦ-੨ ਚਲਨਾ ਅਤੇ ਸੁਗੰਧਤਾ ਵਾਲੀ ਹੋਣਾ ਇਕ ਸੁਭਾਵਕ ਗੁਣ ਹੈ ਜਿਸ ਨਾਲ ਸੰਪੂਰਨ ਪ੍ਰਾਣੀ ਮਾਤ੍ਰ ਨੂੰ ਸੁਖ ਪਹੁੰਚਾਇ ਰਹੀ ਹੈ ਇਸੀ ਪ੍ਰਕਾਰ ਮਹਾਤਮਾਂ ਪੁਰਖਾਂ ਵਿਚ ਭੀ ਸਹਿਨਸੀਲਤਾ ਪਰਉਪਕਾਰਤਾ ਅਤੇ ਪਵਿਤ੍ਰ ਉਪਦੇਸ਼ ਦੇਣੇ ਰੂਪ, ਜੋ ਗੁਣ ਹਨ, ਉਨ੍ਹਾਂ ਨਾਲ ਸੰਪੂਰਨ ਜਗਤ ਦੇ ਪ੍ਰਾਣੀਆਂ ਨੂੰ ਸੁਖ ਦੇ ਰਹੇ ਹਨ। ਪਰੰਤੂ ਜਿਸ ਪ੍ਰਕਾਰ ਪੌਣ ਵਿਖੇ ਇਹ ਸੁਭਾਵਕ ਗੁਣ ਹਨ ਇਸੇ ਪ੍ਰਕਾਰ ਮਹਾਤਮਾਂ ਪੁਰਖਾਂ ਵਿੱਚ ਭੀ ਇਹ ਸੁਭਾਵਕ ਧਰਮ ਹੈ ਜੋ ਸਰਬ ਪ੍ਰਕਾਰ

ਕਰਕੇ ਅਪਣੇ ਤਨ, ਅਤੇ ਧਨ ਨੂੰ ਪਰਮਾਤਮਾਂ ਦੇ ਗਿਆਨ ਅਤੇ ਪ੍ਰਉਪਕਾਰ ਪਰ ਖਰਚ ਕੇ ਸੁੱਖ ਪ੍ਰਦਾਨ ਕਰਦੇ ਹਨ।

ਦੋਹਰਾ

ਜਿਉ ਸੁਇਨਾ ਤਨ ਦੁਖ ਸਹੇ, ਪਰ ਸੋਭਾ ਦੇ ਮਾਨ॥
ਤਿਉ ਸਾਜਨ ਤਨ ਖੇਦ ਲੈ, ਦੇਵਤ ਹੈ ਸੁਖ ਆਨ॥੯੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਸੁਇਨਾ ਜਦ ਅਗਨੀ ਵਿੱਚ ਲਾ ਕੇ ਲਾਲ ਕੀਤਾ ਜਾਂਦਾ ਹੈ ਅਰ ਕਤੀਰੇ ਨਾਲ ਜ਼ਰਾ ਜ਼ਰਾ ਕਰਕੇ ਕਟਿਆ ਜਾਂਦਾ ਹੈ ਅਤੇ ਜੰਦਰੀ ਵਿਚੋਂ ਖਿਚਕੇ ਤਾਰ ਵਾਂਗ ਕੀਤਾ ਜਾਂਦਾ ਹੈ ਜਿਸ ਤੇ ਉਸ ਨੂੰ ਕਈ ਪ੍ਰਕਾਰ ਦੇ ਕਸ਼ਟ ਦਿਤੇ ਜਾਂਦੇ ਹਨ ਪਰੰਤੂ ਇਤਨੇ ਕਸ਼ਟ ਸਹਾਰ ਕੇ ਭੀ ਉਹ ਸੁਇਨਾ ਭੂਖਨ ਬਣਕੇ ਦੂਸਰੇ ਨੂੰ ਹੀ ਸੋਭਾ ਅਤੇ ਸੁੰਦਰਤਾ ਪ੍ਰਦਾਨ ਕਰਦਾ ਹੈ। ਇਸੀ ਪ੍ਰਕਾਰ ਮਹਤਮਾਂ ਪੁਰਖ ਭੀ ਕਈ ਪ੍ਰਕਾਰ ਦੇ ਕਸ਼ਟ ਸਹਾਰ ਕੇ ਆਪਣਾ ਸੁਆਰਥ ਕੁਝ ਨਹੀਂ ਚਾਹੁੰਦੇ ਕਿੰਤੂ ਫੇਰ ਭੀ ਉਨ੍ਹਾਂ ਦੇ ਜੀਵਨ ਤੇ ਹੋਰਨਾਂ ਪੁਰਖਾਂ ਨੂੰ ਹੀ ਲਾਭ ਪਹੁੰਚਦਾ ਹੈ, ਜਿਸ ਤੇ ਉਨਾਂ ਦੇ ਪੁਰਖਾਰਤਾਂ ਤੇ ਕਈ ਬੇਸੰਤੋਖੇ ਸੰਤੋਖਵਾਨ ਅਤੇ ਕਈ ਪੁਰਖ ਚਤ੍ਰ ਅਤੇ ਰੰਕ ਰਾਜੇ ਹੋ ਜਾਂਦੇ ਹਨ।

ਦੋਹਰਾ

ਜਿਉਂ ਆਧੀ ਨਭ ਮਹਿ ਚਲੇ, ਕਰਤ ਨ ਕਛੂ ਵਿਗਾਰ॥
ਤਿਉਂ ਮਿਲ ਮਹਾਂ ਕੁਸੰਗ ਸੋ, ਸੁਜਨ ਨ ਧਰਤ ਵਿਕਾਰ॥੯੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਪੌਣ ਦੇ ਪ੍ਰਚੰਡ ਚਲਣੇ ਨਾਲ ਅਕਾਸ਼ ਵਿਚ ਅਜੇਹੀ ਕਾਲੀ ਬੋਲੀ ਅੰਧੇਰੀ ਆਇ ਜਾਂਦੀ ਹੈ ਜਿਸ ਦੇ ਪ੍ਰਭਾਵ ਕਰਕੇ ਸਾਰੀ ਨਿਰਮਲਤਾ ਦੂਰ ਹੋਈ ਪ੍ਰਤੀਤ ਹੁੰਦੀ ਹੈ, ਪਰੰਤੂ ਅਸਲ ਵਿਚ ਉਹ ਧੂੜ ਅਕਾਸ਼ ਦੀ ਮੱਹਤਤਾ ਨੂੰ ਕੁਝ ਭੀ ਨੁਕਸਾਨ ਨਹੀਂ ਪਹੁੰਚਾ ਸਕਦੀ। ਇਸੀ ਪ੍ਰਕਾਰ ਮਹਾਤਮਾਂ ਪੁਰਖਾਂ ਨੂੰ ਭੀ ਭਾਵੇਂ ਕਿਸੇ ਕਾਰਨ ਕਿਸੇ ਕੁਸੰਗ

ਦੇ ਹੋਣ ਨਾਲ ਕਈ ਪ੍ਰਕਾਰ ਦਾ ਵਿਖੇਪ ਪਹੁੰਚਿਆ ਹੋਵੇ ਅਰ ਲੋਕਾਂ ਵਿਚੋਂ ਉਹ ਹੋਰ ਜੀਵਾਂ ਦੀ ਤਰ੍ਹਾਂ ਵਿਪ੍ਰਜੈ ਬਿਵਹਾਰ ਵਾਲੇ ਪਾਏ ਜਾਂਦੇ ਹੋਨ ਕਿੰਤੂ ਫੇਰ ਭੀ ਉਹ ਮਹਾਤਮਾਂ ਲੋਗ ਅਪਣੇ ਸਦ ਗੁਣਾਂ ਨੂੰ ਉਸ ਕੁਸੰਗਤ ਦੇ ਪ੍ਰਤਾਪ ਕਰਕੇ ਨਾਸ ਨਹੀਂ ਕਰਦੇ ਅਤੇ ਨਾ ਉਹ ਕੁਸੰਗ ਉਨ੍ਹਾਂ ਨੂੰ ਕੁਝ ਨੁਕਸਾਨ ਹੀ ਪਹੁੰਚਾਏ ਸਕਦਾ ਹੈ। ਪਰੰਤੂ ਜਿਸ ਪ੍ਰਕਾਰ ਉਹ ਅੰਧੇਰੀ ਅਕਾਸ਼ ਵਿੱਚ ਇੱਲ ਖਿੱਣ ਭੰਗਰ ਹੁੰਦੀ ਹੈ। ਇਸੇ ਤਰ੍ਹਾਂ ਮਹਾਤਮਾਂ ਵਿੱਚ ਉਹ ਖੋਭ ਭੀ ਖਿਣ ਭੰਗਰ ਹੀ ਹੁੰਦਾ ਹੈ।

ਦੋਹਰਾ

ਜਿਓਂ ਤਾਰਾ ਗਨ ਕੇ ਚਲੇ, ਧ੍ਰਵ ਨਹਿ ਟਰੇ ਅਕਾਸ਼॥
ਤਿਓਂ ਲੋਗਨ ਗਾਤ ਤਜਨ ਤੇ, ਸੁਜਨ ਨ ਹੋਤ ਉਦਾਸ।੯੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਤਾਰਾ ਮੰਡਲ ਦੇ ਗਾਤ ਨੂੰ ਅਪਣੀ ੨ ਜਗਹ ਥੋਂ ਹਲ ਜਾਨ ਕਰਕੇ ਭੀ ਧ੍ਰਵ ਤਾਰਾ ਅਪਣੀ ਇਸਥਿਰਤਾ ਨੂੰ ਨਹੀਂ ਤਿਆਗਦਾ। ਇਸੀ ਪ੍ਰਕਾਰ ਮਹਾਤਮਾਂ ਪੁਰਖ ਭੀ ਲੋਗਾਂ ਦੀ ਮਰਯਾਦਾ ਬਿਗੜ ਜਾਨ ਤੇ ਭੀ ਅਪਣੇ ਚਿੱਤ ਦੀ ਇਸਥ੍ਰਤਾ ਨੂੰ ਨਹੀਂ ਛਡਦੇ ਅਰਥਾਤ ਉਹ ਧ੍ਰਵ ਦੀ ਤਰ੍ਹਾਂ ਸਦਾ ਹੀ ਅਚਲ ਅਤੇ ਅਡੋਲ ਰਹਿੰਦੇ ਹਨ।

ਦੋਹਰਾ

ਜਿਉਂ ਪਰਬਤ ਲੈ ਵਡੋ ਪਨ, ਤ੍ਰਿਣ ਕੋ ਸਿਰ ਧਰ ਲੇਤ॥
ਤਿਵੇਂ ਸੁਜਨ ਲਹਿ ਮਹਿਤ ਪਦਲ, ਘਨ ਵਡਾਈ ਦੇਤ।੯੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਪਹਾੜ ਜੋ ਆਪਣੇ ਆਪ ਨੂੰ ਵੱਡਾ ਉੱਚਾ ਕਹਾਉਂਦਾ ਹੈ, ਅਰ ਉਸ ਦੀ ਉਚਾਈ ਅਤੇ ਗੋਰਤਾ ਦੇ ਅਗੇ ਘਾਹ ਇਕ ਬਹੁਤ ਹੀ ਛੋਟਾ ਅਤੇ ਹੌਲਾ ਹੁੰਦਾ ਹੈ, ਪਰੰਤੂ ਫੇਰ ਭੀ ਉਹ ਪਹਾੜ ਉਸ ਛੋਟੇ ਅਰ ਹੌਲੇ ਘਾਸ ਦਾ ਨਿਰਾਦਰ ਨਹੀਂ ਕਰਦਾ, ਕਿੰਤੂ ਉਹ ਸਗੋਂ ਉਸ ਨੂੰ ਸਿਰ ਪਰ ਧਰ ਲੈਂਦਾ ਹੈ, ਇਸੀ ਪ੍ਰਕਾਰ ਸਜਣ ਪੁਰਖ ਭੀ ਜਿਉਂ ੨

ਵਡੇ ਮਰਤਬੇ ਨੂੰ ਪ੍ਰਾਪਤ ਕਰਦੇ ਹਨ। ਤਿਉਂ ਤਿਉਂ ਆਪਣੇ ਤੇ ਛੋਟੇ ਪੁਰਖਾਂ ਨੂੰ ਵਡਿਆਈ ਦੇਕੇ ਵਡੇ ਬਣਾਉਣਾਂ ਚਾਹੁੰਦੇ ਹਨ।

ਦੋਹਰਾ

ਜਿਓ ਮਾਰਿਆ ਪਾਰਾ, ਜਗਤ ਕਈ ਰੋਗ ਹਤ ਦੇਤ॥
ਤਿਓ ਸਾਜਨ ਨਿਜ ਪ੍ਰਾਨ ਦੇ, ਔਰਨ ਕੋ ਸੁਖ ਹੇਤ।੯੫॥

ਇਸ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਪਾਰਾ ਮਾਰਿਆ ਭੀ ਜਾਵੇ ਤਾਂ ਭੀ ਕਈ ਪ੍ਰਕਾਰ ਦੀਆਂ ਬੀਮਾਰੀਆਂ ਨੂੰ ਦੂਰ ਕਰਕੇ ਅਰੋਗਤਾ ਪ੍ਰਦਾਨ ਕਰਦਾ ਹੈ। ਇਸੀ ਪ੍ਰਕਾਰ ਸਜਣ ਪੁਰਖਾਂ ਨੂੰ ਭਾਵੇਂ ਸਰੀਰ ਤੱਕ ਵੀ ਦੁੱਖ ਦਿੱਤਾ ਜਾਏ ਪਰੰਤੂ ਉਹ ਪ੍ਰਾਣ ਦੇ ਕੇ ਭੀ ਕਈ ਪ੍ਰਕਾਰ ਦੇ ਸੁਖ ਪ੍ਰਦਾਨ ਕਰ ਜਾਂਦੇ ਹਨ ਅਰਥਾਤ ਉਨ੍ਹਾਂ ਦੇ ਪ੍ਰਤਾਪ ਨਾਲ ਕਈ ਸੁੱਖ ਭੋਗਦੇ ਹਨ।

ਦੋਹਰਾ

ਖੀਰ ਨੀਰ ਨਿਆਰੋ ਕਰੇ, ਜੈਸੇ ਜਗ ਮਹਿਂ ਹੰਸ॥
ਤਿਉ ਗੁਣ ਦੋਖ ਨਿਖਾਰ ਕਰ, ਸੁਜਨ ਰਾਹਤ ਗੁਣ ਵੰਸ।੯੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਹੰਸ ਦੁੱਧ ਅਤੇ ਪਾਣੀ ਮਿਲਿਆਂ ਹੋਇਆਂ ਵਿਚੋਂ ਅਪਣੀ ਚੁੰਜ ਨਾਲ ਪਾਣੀ ਤੇ ਦੁੱਧ ਜੁਦਾ ਕਰਕੇ ਪਾਣੀ ਦਾ ਤਿਆਗ ਅਤੇ ਦੁੱਧ ਦਾ ਗ੍ਰਿਹਣ ਕਰ ਲੈਂਦਾ ਹੈ। ਇਸ ਪ੍ਰਕਾਰ ਸੱਜਣ ਪੁਰਖ ਭੀ ਗੁਣ ਅਤੇ ਦੋਖਾਂ ਵਿਚੋਂ ਵਿਚਾਰ ਕਰਕੇ ਦੋਖਾਂ ਦਾ ਤਿਆਗ ਅਤੇ ਗੁਣ ਦਾ ਗ੍ਰਿਹਣ ਕਰ ਲੈਂਦੇ ਹਨ।

ਦੋਹਰਾ

ਜਿਉ ਤਪ ਕਰ ਸੂਰਜ, ਜਗਤ ਫਿਰ ਵਰਖਾਏ ਮੇਹੁ॥
ਤਿਉ ਸਾਜਨ ਸਿਰ ਦੁਖ ਸਹੇ, ਪਰ ਹਿਤ ਸੁਖ ਜਲ ਦੇਹੁ।੯੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਸੂਰਜ ਜੇਠ ਹਾੜ

ਦੇ ਮਹੀਨੇ ਵਿਚ ਬਹੁਤ ਹੀ ਤਪਦਾ ਹੈ ਪਰੰਤੂ ਆਪ ਤਪ ਕੇ ਸੰਸਾਰ ਵਾਸਤੇ ਬਰਖਾ ਦਾ ਜਲ ਦਿੰਦਾ ਹੈ ਜਿਸ ਤੇ ਸ਼ਾਂਤ ਅਤੇ ਪਾਲਨ ਹੁੰਦਾ ਹੈ। ਇਸੀ ਪ੍ਰਕਾਰ ਸਜਣ ਪੁਰਖ ਭੀ ਆਪ ਕਈ ਪ੍ਰਕਾਰ ਦੇ ਤਪਾਂ ਕਰਕੇ ਤਪੇ ਹੋਏ ਅਰਥਾਤ ਸੰਸਾਰਕ ਵਿਖੇਪਾਂ ਨਾਲ ਦੁਖਤ ਹੋਏ ਹੋਏ ਭੀ ਦੂਸਰਿਆਂ ਲਈ ਸੁੱਖ ਪ੍ਰਦਾਨ ਕਰਦੇ ਹਨ।

ਦੋਹਰਾ

ਜਿਉ ਪੰਖੀ ਪਰ ਪੌਨ, ਤੇ ਮੋਰਨ ਹਾਲਤ ਰੰਚ॥
ਤਿਉ ਸਾਜਨ ਨਹਿੰ ਡੋਲਤੇ, ਪਿਖ ਕਾਹੂੰ ਪਰਪੰਚ॥੯੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਕਿਸੇ ਪੰਖੀ ਦੇ ਖੰਭਾਂ ਦੀ ਪੌਣ ਦੇ ਹੁਲਾਰੇ ਨਾਲ ਪਹਾੜ ਰੰਚਕ ਮਾਤ੍ਰ ਭੀ ਨਹੀਂ ਹਿਲਦਾ ਕਿੰਤੂ ਸਦਾ ਹੀ ਸਥਿਰ ਰਹਿੰਦਾ ਹੈ। ਇਸੇ ਪ੍ਰਕਾਰ ਮਹਾਤਮਾਂ ਪੁਰਖ ਭੀ ਕਿਸੇ ਪ੍ਰਪੰਚੀ ਅਰਥਾਤ ਛਲ ਬਲ ਕਰਤਾਂ ਨੂੰ ਦੇਖ ਕੇ ਅਪਣੀ ਧੀਰਜ ਨਹੀਂ ਦੂਰ ਕਰਦੇ, ਅਰਥਾਤ ਜਿਸ ਤਰਾਂ ਪੰਖੀ ਅਪਣੇ ਖੰਭਾਂ ਦੀ ਪੌਣ ਨਾਲ ਇਕ ਪਹਾੜ ਨੂੰ ਕੁਝ ਭੀ ਹਲਾ ਨਹੀਂ ਸਕਦਾ ਇਸੀ ਪ੍ਰਕਾਰ ਕੋਈ ਪਰਪੰਚੀ ਪੁਰਖ ਅਪਣੇ ਪਰਪੰਚ ਦੇ ਬਲ ਨਾਲ ਮਹਾਤਮਾਂ ਪੁਰਖਾਂ ਦੇ ਦਿਲ ਦੀ ਧੀਰਜ ਨੂੰ ਦੂਰ ਨਹੀਂ ਕਰ ਸਕਦੇ।

ਦੋਹਰਾ

ਜਿਉ ਤੂਟੇ ਭੀ ਦੇਤ ਹੈ, ਗੰਧ ਕੇਤ ਕੀ ਫੂਲ॥
ਤਿਉ ਸਾਜਨ ਸਹਿ ਕਸ਼ਟ ਭੀ, ਹੋਤ ਸਭਨ ਸੁਖ ਮੂਲ॥੯੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਕੇਤਕੀ ਆਦਿਕ ਫੁਲਾਂ ਨੂੰ ਜੇ ਕਦੇ ਤੋੜ ਭੀ ਸਿਟੀਏ ਪਰੰਤੂ ਉਹ ਫੇਰ ਭੀ ਤੋੜਨ ਵਾਲੇ ਨੂੰ ਸੁਗੰਧ ਹੀ ਦੇਣਗੇ, ਅਰ ਇਹ ਕਦੇ ਨਹੀਂ ਸੋਚਣਗੇ ਕਿ ਇਸ ਪੁਰਖ ਨੇ ਤਾਂ ਸਾਨੂੰ ਅਪਣੇ ਪਿਆਰੇ ਬੂਟੇ ਨਾਲੋਂ ਜੁਦਾ ਕਰ ਦਿਤਾ ਹੈ ਸੋ ਇਸ ਨੂੰ ਅਸੀਂ ਸੁਗੰਧੀ ਕਿਸ ਕਰਕੇ ਦੇਈਏ, ਇਸੀ ਪ੍ਰਕਾਰ ਮਹਾਤਮਾਂ ਪੁਰਖਾਂ ਨੂੰ ਭੀ ਭਾਵੇਂ ਕੋਈ ਸਵਸਥਾਨ ਤੇ ਗੇਰ

ਦੇਵੇ ਅਰ ਉਨ੍ਹਾਂ ਸਰਬ ਦਾ ਨਿਰਾਦਰ ਭੀ ਕਰੇ ਪਰੰਤੂ ਉਹ ਫੇਰ ਭੀ ਉਸ ਦਾ ਭਲਾ ਹੀ ਚਾਹੁਣਗੇ ਅਰ ਇਹ ਕਦੇ ਭੀ ਨਹੀਂ ਵਿਚਾਰਨਗੇ ਕਿ ਅਸਾਂ ਇਸ ਧ੍ਰੋਹੀ ਨਾਲ ਉਪਕਾਰ ਕਿਓਂ ਕਰਨਾ ਹੈ ਕਿੰਤੂ ਅਪਨੇ ਦਿਆਲੂ ਸੁਭਾਵ ਨੂੰ ਨਹੀਂ ਤਿਆਗਣਗੇ।

ਦੋਹਰਾ

ਜਿਉ ਚੰਦਨ ਸੁਭ ਗੰਧ ਤੇ, ਸਭ ਬਨ ਕਰਤ ਸੁਗੰਧ॥
ਤਿਉਂ ਸਾਜਨ ਜਨ ਗਨਜਿ ਤੇ, ਰਹਿਤ ਅਨਕ ਜਨ ਬੰਧ।੧੦੦॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਚੰਦਨ ਦਾ ਬ੍ਰਿਖ ਜਿਸ ਬਨ ਵਿਚ ਹੁੰਦਾ ਹੈ, ਸੋ ਆਪਣੀ ਸੁਗੰਧੀ ਨਾਲ ਸੰਪੂਰਨ ਬਨ ਨੂੰ ਸੁਗੰਧਤ ਕਰ ਦਿੰਦਾ ਹੈ, ਇਸੇ ਪ੍ਰਕਾਰ ਸੁੱਜਣ ਅਰਥਾਤ ਮਹਾਤਮਾਂ ਭੀ ਇਸ ਸੰਸਾਰ ਪਰ ਆਪਣੇ ਸੁਭ ਗੁਣਾਂ ਰੂਪੀ ਸੁਗੰਧੀ ਦੇ ਨਾਲ ਹਜ਼ਾਰਾਂ ਮੂਰਖ ਪ੍ਰਾਣੀਆਂ ਨੂੰ ਗੁਣਵਾਨ ਕਰ ਦੇਂਦੇ ਹਨ। ਪਰੰਤੂ ਜਿਸ ਤਰ੍ਹਾਂ ਬਾਂਸ ਜੋ ਆਪਣੇ ਆਪ ਨੂੰ ਇਕ ਵੱਡਾ ਉਚਾ ਸਮਝਦਾ ਹੈ। ਇਸ ਭਾਰੀ ਅਭਿਮਾਨ ਦੇ ਕਾਰਨ ਉਸ ਨੂੰ ਚੰਦਨ ਦੀ ਗੰਧ ਨਹੀਂ ਲਗਦੀ। ਇਸੇ ਤਰ੍ਹਾਂ ਜੋ ਲੋਗ ਅਹੰਕਾਰੀ ਹਨ, ਸੋ ਭੀ ਉਸ ਬਾਂਸ ਵਾਂਗ ਸੁਜਨ ਪੁਰਖਾਂ ਦੇ ਸ਼ੁਭ-ਗੁਣਾਂ ਤੇ ਲਾਭ ਨਹੀਂ ਉਠਾਉਂਦੇ, ਕਿੰਤੂ ਉਹ ਆਪਣੇ ਘੁਮੰਡ ਵਿੱਚ ਹੀ ਉਨ੍ਹਾਂ ਗੁਣਾਂ ਤੇ ਖਾਲੀ ਰਹਿ ਜਾਂਦੇ ਹਨ।

ਦੋਹਰਾ

ਜਿਵੇਂ ਬ੍ਰਿਖ ਨਿਜ ਫਲਨ ਸੋ, ਆਪਨ ਕਰਤੋ ਕਾਜ॥
ਤਿਉਂ ਸਾਜਨ ਨਿਜ ਹਿਤ ਨਹੀ, ਔਰਨ ਕੋ ਸੁਖ ਸਾਜ।੧੦੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬ੍ਰਿਖ ਫਲਾਂ ਨਾਲ ਫਲਕੇ ਉਨ੍ਹਾਂ ਤੇ ਆਪ ਕੁਛ ਭੀ ਲਾਭ ਨਹੀਂ ਉਠਾਉਂਦਾ, ਕਿੰਤੂ ਉਹ ਆਪਣੇ ਫਲਾਂ ਤੇ ਦੂਸਰੇ ਪ੍ਰਾਣੀਆਂ ਨੂੰ ਸੁੱਖ ਦੇਂਦਾ ਹੈ, ਇਸੀ ਪ੍ਰਕਾਰ ਸੱਜਣ ਪੁਰਖ ਵਿੱਚ

ਭੀ ਜੋ ਆਪਣੇ ਉਤਮ ਗੁਣਾਂ ਰੂਪੀ ਫਲ ਹਨ, ਉਨ੍ਹਾਂ ਤੇ ਆਪਣੇ ਤਾਈਂ ਕੁਛ ਭੀ ਅਨੰਦ ਨਹੀਂ ਪਰਾਪਤ ਕਰਦੇ, ਅਰ ਨਾ ਉਹ ਇਹ ਇੱਛਾ ਰਖਦੇ ਹਨ ਕਿ ਇਨਾਂ ਗੁਣਾਂ ਨੂੰ ਅਸੀ ਇਸ ਵਾਸਤੇ ਧਾਰਨ ਕਰਦੇ ਹਾਂ, ਜੋ ਸਾਨੂੰ ਕੁਝ ਇਨ੍ਹਾਂ ਦੇ ਧਾਰਨ ਕੀਤਿਆਂ ਲਾਭ ਹੋਵੇਗਾ। ਕਿੰਤੂ ਸਜਣ ਪੁਰਖਾਂ ਦੇ ਸਾਰੇ ਗੁਣ ਦੂਸਰੇ ਪੁਰਖਾਂ ਦੇ ਲਾਭ ਵਾਸਤੇ ਹੁੰਦੇ ਹਨ ਜੈਸਾ ਕਿ ਰਜਬ ਜੀ ਨੇ ਕਥਨ ਕੀਤਾ ਹੈ ਯਥਾ-'ਰਜਬ ਔਖਧ ਅੰਨ ਜਿਮ ਮਰੇ ਔਰ ਉਪਕਾਰ ਕਰੈ, ਅਰਥਾਤ ਜਿਸ ਪ੍ਰਕਾਰ ਔਖਦੀ ਅਤੇ ਅੰਨ ਸਾਨੂੰ ਆਪਣਾ ਨਾਸ ਕਰਕੇ ਭੀ ਪਰ ਪੁਰਖਾਂ ਪਰ-ਉਪਕਾਰ ਕਰਦੇ ਹਨ। ਇਸੇ ਤਰ੍ਹਾਂ ਮਹਾਤਮਾਂ ਪੁਰਖ ਭੀ ਆਪ ਖੇਦ ਸਹਾਰਕੇ ਦੂਸਰੇ ਨੂੰ ਸੁੱਖ ਦੇਂਦੇ ਹਨ।

ਦੋਹਰਾ

ਸਰਸੋ ਕੋ ਕੋਹਲੂ ਜਿਵੇਂ, ਪੀੜਤ ਦੇਵੇ ਤੇਲ॥
ਤਿਓ ਸਾਜਨ ਦੁਖ ਦੇਤ, ਜਨ ਕਰਤ ਆਪਨੋ ਹੇਤ।੧੦੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਸਰਸੋਂ ਨੂੰ ਕੋਹਲੂ ਆਪਣੇ ਵਿਚ ਸਿਟਕੇ ਪੀੜ ਦਿੰਦਾ ਹੈ, ਅਰ ਉਸ ਦੇ ਵਿਚੋਂ ਤੇਲ ਕੱਢਕੇ ਖਲ ਨੂੰ ਜੁਦੀ ਕਰ ਦੇਂਦਾ ਹੈ। ਪਰੰਤੂ ਫੇਰ ਭੀ ਉਹ ਉਸ ਨੂੰ ਤੇਲ ਦੇਕੇ ਕੋਮਤਲਾ ਹੀ ਪ੍ਰਦਾਨ ਕਰਦਾ ਹੈ। ਇਸੀ ਪ੍ਰਕਾਰ ਸੁਜਨ ਪੁਰਖਾਂ ਨੂੰ ਭੀ ਭਾਵੇਂ ਕੋਈ ਦੁਸ਼ਟ ਪੁਰਖ ਕਿਤਨਾ ਹੀ ਦੁੱਖ ਕਿਉਂ ਨਾ ਦੇਵੇ ਪਰੰਤੂ ਫੇਰ ਭੀ ਉਹ ਉਸ ਲਈ ਸੁੱਖ ਹੀ ਅਰਪਨ ਕਰਦੇ ਹਨ, ਕਿਉਂਕਿ ਜਦ ਹਰ ਇਕ ਵਸਤੂ ਸੰਸਾਰ ਵਿਚ ਆਪਣੇ ੨ ਸੁਭਾਵ ਨੂੰ ਨਹੀਂ ਤਿਆਗਦੀ। ਤਦ ਮਹਾਤਮਾਂ ਪੁਰਖ ਆਪਣੇ ਉਤਮ ਸੁਭਾਵਾਂ ਨੂੰ ਤਿਆਗ ਕੇ ਅਨਾਚਾਰ ਵਿੱਚ ਕਿਉਂ ਪ੍ਰਵਿਰਤ ਹੋਣਗੇ।

ਦੋਹਰਾ

ਜਿਉ ਸੂਰਜ ਜਿਤਨੋ ਤਪੇ, ਤਿਤਨੋ ਬਰਸੇ ਮੋਹੁ॥
ਤਿਉ ਸਾਜਨ ਜਨ ਕੁਪਤ ਭੀ, ਦੇਵਤ ਸੁਖਦ ਸਨੇਹੁ।੧੦੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਤਨਾ ਸੂਰਜ ਜੇਠ ਹਾੜ ਦੇ ਮਹੀਨੇ ਵਿੱਚ ਤਪਦਾ ਹੈ ਅਰ ਉਸ ਦੇ ਤਪਨੇ ਨਾਲ ਲੋਗਾਂ ਨੂੰ ਕਈ ਪ੍ਰਕਾਰ ਦੀ ਗਰਮੀ ਕਰਕੇ ਤਕਲੀਫ ਪ੍ਰਾਪਤ ਹੁੰਦੀ ਹੈ, ਪਰੰਤੂ ਉਤਨਾ ਹੀ ਉਸਦਾ ਫਲ ਇਹ ਹੁੰਦਾ ਹੈ ਜੋ ਬਰਖਾ ਬਰਖਕੇ ਪ੍ਰਜਾ ਦਾ ਪਾਲਨ ਕਰਦੀ ਹੈ ਅਰ ਬਣ ਤ੍ਰਿਣ ਨੂੰ ਮੌਲਾ ਦਿੰਦੀ ਹੈ, ਜਿਸ ਤੇ ਸਾਰੀ ਪ੍ਰਿਥੀ ਪਰ ਸ਼ਾਂਤੀ ਵਰਤ ਜਾਂਦੀ ਹੈ।

ਇਸੀ ਪ੍ਰਕਾਰ ਸੱਜਨ ਪੁਰਖ ਭੀ ਜੇ ਕਦਾਚਿਤ ਕਿਸੇ ਪ੍ਰਕਾਰ ਦਾ ਕੋਪ ਪ੍ਰਗਟ ਕਰਕੇ ਕਈ ਪੁਰਖਾਂ ਨੂੰ ਦੁੱਖ ਦਾ ਸਾਧਨ ਹੁੰਦੇ ਹਨ ਅਰ ਲੋਕਾਂ ਦੀ ਦ੍ਰਿਸ਼ਟੀ ਵਿਚ ਉਨ੍ਹਾਂ ਦਾ ਇਹ ਸੁਭਾਵ ਉਨਾਂ ਦੀ ਪ੍ਰਕ੍ਰਿਤੀ ਤੇ ਵਿਲਖਣ ਪ੍ਰਤੀਤ ਹੁੰਦਾ ਹੈ ਕਿੰਤੂ ਅੰਤ ਨੂੰ ਉਸ ਦਾ ਭੀ ਇਹੋ ਹਾਲ ਹੁੰਦਾ ਹੈ ਉਸ ਤੇ ਕਈ ਪ੍ਰਕਾਰ ਦੇ ਜੁਲਮ ਯਾ ਸੰਸਾਰਕ ਅਤੇ ਧਾਰਮਕ ਕਲੇਸ਼ ਦੂਰ ਹੋਕੇ ਪੁਰਖਾਂ ਦੇ ਰਿਦੇ ਵਿੱਚ ਸ਼ੁਭ ਗੁਣਾਂ ਦੇ ਅੰਕਰ ਜਨਮ ਕੇ ਸੰਸਾਰ ਨੂੰ ਸੁਖ ਪ੍ਰਦਾਨ ਕਰਦੇ ਹਨ।

ਦੋਹਰਾ

ਜਿਉਂ ਜਲ ਊਚੀ ਠੌਰ, ਤਦ ਨੀਵੇਂ ਰਹਿਤ ਸਮਾਇ।।
ਤਿਉਂ ਸਾਜਨ ਅਭਿਮਾਨ ਤਜ, ਰਹਿਤ ਸੁਹਿਰਦ ਸੁਭਾਇ।।੧੦੪।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪਰਕਾਰ ਪਾਨੀ ਦਾ ਸੁਭਾਵਕ ਇਹ ਸੁਭਾਵ ਹੈ ਕਿ ਉਚੀ ਜਗਾ ਨੂੰ ਛੱਡਕੇ ਨੀਵੇਂ ਸਥਾਨਾਂ ਪਰ ਨਿਵਾਸ ਕਰਦਾ ਹੈ।

ਇਸੇ ਪ੍ਰਕਾਰ ਮਹਾਤਮਾਂ ਪੁਰਖਾਂ ਦਾ ਭੀ ਇਹ ਇਕ ਸੁਤੇ ਹੀ ਸੁਭਾਵ ਹੈ ਜੋ ਅਭਿਮਾਨੀ ਪੁਰਖਾਂ ਨੂੰ ਤਜਕੇ ਨਿਰਮਾਣ ਅਤੇ ਸੁਹਿਰਦਾਂ ਪਾਸ ਜਾਕੇ ਨਿਵਾਸ ਕਰਦੇ ਹਨ, ਇਸੀ ਵਾਸਤੇ ਉਨ੍ਹਾਂ ਦਾ ਨਾਉਂ ਦੀਨ ਬੰਧੂ ਕਰਕੇ ਜਗਤ ਵਿਚ ਆਖਿਆ ਜਾਂਦਾ ਹੈ।

ਦੋਹਰਾ

ਪੈਰ ਤਲੇ ਹੀਰਾ ਦਏ, ਤਊ ਨ ਘਟਤੋ ਮੋਲ॥
ਤਿਉਂ ਸਾਜਨ ਅਪਮਾਨ ਤੇ, ਹਾਨ ਨ ਧਰਤੋਂ ਬੋਲ॥੧੦੫॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਜੇ ਕੋਈ ਪੁਰਖ ਬਿਨਾਂ ਵਿਚਾਰ ਤੇ ਹੀਰੇ ਨੂੰ ਪੈਰਾਂ ਹੇਠ ਦਲ ਦੇਵੇ, ਤਾਂ ਭੀ ਜੁਆਹਰੀ ਦੇ ਅਗੇ ਉਸ ਦੇ ਮੁਲ ਵਿੱਚ ਕੁਝ ਭੇਦ ਨਹੀਂ ਆਉਂਦਾ। ਇਸੇ ਪ੍ਰਕਾਰ ਜੇਕਰ ਕਿ ਕੋਈ ਪੁਰਖ ਮਹਾਤਮਾਂ ਪੁਰਖਾਂ ਦਾ ਨਿਰਾਦਰ ਭੀ ਕਰ ਦੇਵੇ ਤਾਂ ਭੀ ਉਨ੍ਹਾਂ ਦੇ ਬਚਨਾਂ ਦਾ ਅਸਰ ਯਾ ਸ਼ਕਤੀ ਕੁਝ ਘੱਟ ਨਹੀਂ ਹੁੰਦੀ।

ਪਰੰਤੂ ਜਿਸ ਤਰ੍ਹਾਂ ਹੀਰੇ ਨੂੰ ਪੈਰਾ ਹੇਠ ਲੈਨੇ ਵਾਲਾ ਮੂਰਖ ਸਮਝਿਆ ਜਾਂਦਾ ਹੈ, ਏਸੇ ਪ੍ਰਕਾਰ ਮਹਾਤਮਾਂ ਦਾ ਅਪਮਾਨ ਕਰਨੇ ਵਾਲਾ ਭੀ ਅੱਗਿਯਾਨੀ ਸਮਝਿਆ ਜਾਂਦਾ ਹੈ।

ਦੋਹਰਾ

ਜਿਉਂ ਸੂਰਜ ਪਿਖ ਕਵਲ ਅਤਿ, ਹਰਖ ਹੋਤ ਤਤਕਾਲ॥
ਨਿਸ ਮੁਰਝਾਵਤ ਤੁਰਤ ਹੀ, ਤਿਉਂ ਗੁਨ ਸੁਜਨ ਵਿਸਾਲ॥੧੦੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਕੰਵਲ ਦਾ ਇਹ ਸੁਭਾਵ ਹੈ, ਜੋ ਸੂਰਜ ਨੂੰ ਦੇਖਕੇ ਉਸੀ ਸਮਯ ਖਿੜ ਜਾਂਦਾ ਹੈ ਅਤੇ ਰਾਤੀ ਦੇ ਅੰਧੇਰੇ ਨੂੰ ਦੇਖਕੇ ਮੁਰਝਾ ਜਾਂਦਾ ਹੈ। ਇਸੀ ਪ੍ਰਕਾਰ ਸੁਜਨ ਪੁਰਖ ਭੀ ਗੁਣਾਂ ਨੂੰ ਦੇਖਕੇ ਅਤੀ ਪ੍ਰਸੰਨ ਹੋ ਜਾਂਦੇ ਹਨ, ਅਤੇ ਦੋਖਾਂ ਵਲੋਂ ਉਨ੍ਹਾਂ ਦੀ ਬਿਰਤੀ ਸਦਾ ਹੀ ਮੁਰਝਾਇ ਜਾਂਦੀ ਹੈ, ਅਰਥਾਤ ਦੋਖਾਂ ਤੇ ਸਦਾ ਹੀ ਗਿਲਾਨੀ ਕਰਦੇ ਰਹਿੰਦੇ ਹਨ।

ਦੋਹਰਾ

ਜਿਉਂ ਮਣ ਸਰਪਨ ਤਿਆਗ ਤੋ, ਤਿਆਗ ਦੇਤ ਨਿਜ ਪ੍ਰਾਨ॥
ਤਿਉਂ ਸਾਜਨ ਨਹਿ ਤਜੈ ਨਹਿ, ਤਜੈ ਕਰਤ ਸ੍ਰਬੰਸੈ ਹਾਨ॥੧੦੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਮਣੀ ਵਾਲਾ ਸਰਪ ਆਪਣੀ ਮਣੀ ਨੂੰ ਆਪਣੇ ਪ੍ਰਾਣਾਂ ਨਾਲੋਂ ਭੀ ਪਿਆਰੀ ਜਾਣਦਾ ਹੈ। ਕਿੰਤੂ ਉਹ ਮਣੀ ਦੇ ਪਿਛੇ ਆਪਣੀ ਜਾਨ ਨੂੰ ਭੀ ਦੇਣਾ ਕੁਝ ਵੱਡੀ ਬਾਤ ਨਹੀਂ ਮੰਨਦਾ। ਇਸੀ ਪ੍ਰਕਾਰ ਸਾਜਨ ਪੁਰਖ ਭੀ ਆਪਣੀ ਕੀਤੀ ਹੋਈ ਪ੍ਰਤਗੱਯਾ ਦਾ ਭੰਗ ਨਹੀਂ ਕਰਦੇ, ਭਾਵੇਂ ਆਪਣੇ ਸਰਬੰਸ ਦਾ ਹੀ ਘਾਤ ਕਿਉਂ ਨਾ ਕਰ ਲੈਣ, ਜਿਸ ਤ੍ਰੇ ਬਹੁਤ ਸਾਰੇ ਮਹਾਤਮਾਂ ਲੋਗਾਂ ਨੇ ਆਪਣੇ ਬਚਨਾਂ ਨੂੰ ਤਿਆਗ ਨਹੀਂ ਕੀਤਾ ਹੈ। ਪਰੰਤੂ ਉਨ੍ਹਾਂ ਨੇ ਉਸ ਦੇ ਪਲਟੇ ਵਿੱਚ ਆਪਣਾ ਸਰਬੰਸ ਹੀ ਕੁਰਬਾਨ ਕਰ ਦਿਤਾ ਹੈ।

ਦੋਹਰਾ

ਜਿਉਂ ਪਾਨੀ ਕੋ ਦੂਧ ਲੈ, ਅਪਨੋ ਰੂਪ ਬਨਾਇ॥
ਤਿਉਂ ਸਾਜਨ ਕਰ ਪ੍ਰੇਮ ਅਤਿ, ਦੁਰਜਨ ਕੋ ਸੁਖ ਦਾਇ॥੧੦੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਦੂਧ ਦਾ ਇਹ ਸੁਭਾਵ ਹੈ ਕਿ ਜਦ ਜਲ ਨੂੰ ਉਸ ਵਿੱਚ ਪਾ ਦੇਈਏ, ਤਦ ਉਹ ਉਸ ਨੂੰ ਭੀ ਆਪਣਾ ਰੂਪ ਹੀ ਬਣਾ ਲੈਂਦਾ ਹੈ, ਅਰ ਆਪਦੇ ਭਾਉ ਨਾਲ ਹੀ ਮਹਿੰਗਾ ਵਿਕਵਾ ਦੇਂਦਾ ਹੈ। ਇਸੀ ਪਰਕਾਰ ਸੁਜਨ ਪੁਰਖ ਭੀ ਵਡੇ ੨ ਪਾਪੀ ਅਤੇ ਦੁਸ਼ਟ ਪੁਰਖਾਂ ਨੂੰ ਆਪਣੇ ਗੁਣਾਂ ਦੇ ਪ੍ਰਤਾਪ ਕਰਕੇ ਆਪਣੇ ਜੇਹੇ ਕਰ ਲੈਂਦੇ ਹਨ ਅਤੇ ਉਹ ਭੀ ਮਹਾਤਮਾ ਦੀ ਤਰ੍ਹਾਂ ਜਗਤ ਵਿਚ ਪੂਜਨੀਯ ਬਣ ਜਾਂਦੇ ਹਨ।

ਪੁਰਾਣੇ ਪੁਸਤਕਾਂ ਦੇ ਪੜ੍ਹਨੇ ਤੇ ਪਰਤੀਤ ਹੋ ਜਾਂਦਾ ਹੈ ਕਿ ਜਦ ਚੋਰਾਂ ਅਤੇ ਰਾਹ ਮਾਰਨੇ ਵਾਲਿਆਂ ਨੇ ਮਹਾਤਮਾਂ ਪੁਰਖਾਂ ਦੇ ਮਾਰਨ ਲਈ ਯਤਨ ਕੀਤਾ। ਤਦ ਉਨ੍ਹਾਂ ਦੀ ਉਸ ਕਰੂਰਤਾ ਦੇ ਬਦਲੇ ਉਨ੍ਹਾਂ ਨੂੰ ਸ਼ੁਹਿਰਦਤਾ ਪ੍ਰਦਾਨ ਕਰਕੇ ਪੁਰਖ ਤੋਂ ਪੂਰੇ ੨ ਭਗਤ ਬਣਾ ਲੀਤਾ।

ਦੋਹਰਾ

ਜਿਉਂ ਬਾਲੂ ਚਮਕਤਾ ਮਹਾਂ, ਲੈ ਰਵਿ ਕ੍ਰਿਨ ਪ੍ਰਤਾਪ ॥
ਤਿਉਂ ਸਾਜਨ ਸੰਗਤ ਭਏ, ਅਧਮ ਲਾਤ ਦੁਤ ਆਪ॥੧੦੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਸੂਰਜ ਦੀ ਕਿਰਣ ਦੀ ਸੰਗਤ ਪਾਇਕੇ ਰੇਤਾ ਭੀ ਸੂਰਨ ਦੀ ਤਰ੍ਹਾਂ ਚਮਕ ਦਮਕ ਮਾਰਨ ਵਾਲਾ ਹੋ ਜਾਂਦਾ ਹੈ।

ਇਸੀ ਪ੍ਰਕਾਰ ਮਹਾਤਮਾਂ ਪੁਰਖ ਦੀ ਸੰਗਤ ਕਰਕੇ ਮਹਾਂ ਭੁਦ੍ਦ ਪੁਰਖ ਭੀ ਮਹਾਂ ਤੇਜਸੀ ਹੋ ਕਰ ਜਗਤ ਵਿਚ ਪ੍ਰਸਿਧ ਹੋ ਜਾਂਦਾ ਹੈ।

ਦੋਹਰਾ

ਪਵਨ ਸੰਗ ਧੂਲੀ ਮਿਲੇ, ਮੇਘ ਬਨਤ ਨਭ ਮਾਹਿ॥
ਤਿਉਂ ਸਾਜਨ ਕੇ ਸੰਗ ਤੇ, ਕੁਟਲ ਊਚ ਪਦ ਪਾਇ।੧੧੦॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਧੂਲੀ ਜਦ ਪੌਣ ਨਾਲ ਉਡਕੇ ਅੰਧੇਰੀ ਹੋਕੇ ਅਸਮਾਨ ਪਰ ਉਡਦੀ ਹੈ। ਤਦ ਉਹ ਅਕਾਸ਼ ਵਿੱਚ ਠਹਿਰਕੇ ਜਲ ਦੇ ਭਾਗ ਨਾਲ ਮਿਲਕੇ ਬਦਲ ਹੋ ਜਾਂਦੀ ਹੈ। ਜਿਸ ਤੇ ਬਰਖਾ ਹੋਕੇ ਸਾਰੀ ਪ੍ਰਿਥਵੀ ਨੂੰ ਸੁਖ ਦੇਂਦੀ ਹੈ, ਇਸੀ ਪ੍ਰਕਾਰ ਮਹਾਤਮਾਂ ਪੁਰਖਾਂ ਦੀ ਸੰਗਤ ਨੂੰ ਪਾਕੇ ਬੁਰੇ ਪੁਰਖ ਭੀ ਅੱਛੇ ਹੋਕੇ ਸੰਸਾਰ ਪਰਉਪਕਾਰ ਦੇ ਯੋਗ ਹੋ ਜਾਂਦੇ ਹਨ, ਅਰ ਆਪਣੇ ਪਹਿਲੇ ਗੁਣ ਅਤੇ ਸੁਭਾਵ ਨੂੰ ਬਿਲਕੁਲ ਤਿਆਗਕੇ ਮਹਾਤਮਾਂ ਦਾ ਸਰੂਪ ਹੀ ਹੋ ਜਾਂਦੇ ਹਨ।

ਦੋਹਰਾ

ਜਿਉਂ ਧਾਨਾ ਕੇ ਸੰਗ ਤੇ, ਘਾਸ ਲਾਤ ਜਲ ਮੀਤ॥
ਤਿਉਂ ਦੁਰਜਨ ਭੀ ਜਸ ਲਹੇ, ਕਰ ਸਜਨ ਸੇ ਪ੍ਰੀਤ।੧੧੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਧਾਨਾਂ ਦੀ ਸੰਗਤ ਹੋਣੇ ਕਰਕੇ ਡੀਲੇ ਦੇ ਘਾਊ ਨੂੰ ਭੀ ਪਾਨੀ ਮਿਲ ਜਾਂਦਾ ਹੈ, ਅਰ ਉਹ ਭੀ ਧਾਨਾਂ ਵਾਂਗ ਹੀ ਹਰਾ ਭਰਾ ਹੋਕੇ ਵੱਧਦਾ ਰਹਿੰਦਾ ਹੈ। ਇਸੀ ਪ੍ਰਕਾਰ ਮਹਾਤਮਾਂ ਪੁਰਖਾਂ ਦੀ ਸੰਗਤ ਕਰਕੇ ਖੋਟੇ ਪੁਰਖ ਭੀ ਗੁਣਾਂ ਨੂੰ ਪ੍ਰਾਪਤ ਕਰਕੇ ਅੱਛੇ ਹੋ ਜਾਂਦੇ ਹਨ।

ਦੋਹਰਾ

ਜਿਉਂ ਭ੍ਰਿੰਗੀ ਦੇ ਸ਼ਬਦ ਤੇ, ਕੀਟ ਭ੍ਰਿੰਗ ਹੋ ਜਾਤ॥

ਤਿਉਂ ਛੁਦ੍ਰ ਦੀਰਘ ਬਨੇ, ਸੁਨਤ ਸੁਜਨ ਕੀ ਬਾਤ।੧੧੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਇਕ ਕੀੜਾ ਜੋ ਮੁਰਦਾ ਹੁੰਦਾ ਹੈ, ਉਹ ਭ੍ਰਿੰਗੀ ਦੇ ਸ਼ਬਦ ਨੂੰ ਸੁਣਦਾ ੨ ਆਪਣੀ ਕਾਇਆਂ ਪਲਟਕੇ ਭ੍ਰਿੰਗੀ ਹੀ ਹੋ ਜਾਂਦਾ ਹੈ, ਇਸੀ ਪ੍ਰਕਾਰ ਸੁਜਨ ਪੁਰਖਾਂ ਦੇ ਬਚਨ ਸ੍ਰਵਨ ਕਰਨੇ ਕਰਕੇ ਇਕ ਮਹਾਂ ਤੁਛ ਮੂਰਖ ਬੁਧਿ ਭੀ ਮਹਾਤਮਾਂ ਬਣ ਜਾਂਦਾ ਹੈ।

ਦੋਹਰਾ

ਕਾਤ ਕ੍ਰਿਜ ਕੇ ਸੰਗ ਤੇ, ਨੀਰ ਮੈਲ ਤਦ ਦੇਤ॥

ਤਿਉਂ ਦੁਰਜਨ ਭੀ ਸ਼ੁਧ ਹੋ, ਕਰ ਸੁਜਨ ਸੋ ਹੇਤ।੧੧੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਕਾਤ ਕ੍ਰਿਜ ਬੂਟੀ ਜਦ ਕਿਸੇ ਗੰਧਲੇ ਅਰਥਾਤ ਮੈਲੇ ਪਾਣੀ ਵਿੱਚ ਪਾਈ ਜਾਂਦੀ ਹੈ ਤਦ ਉਸ ਦੀ ਸੰਗਤ ਕਰਕੇ ਉਹ ਜਲ ਨਿਰਮਲ ਹੋ ਜਾਂਦਾ ਹੈ। ਇਸੀ ਪ੍ਰਕਾਰ ਜਿਸ ਪੁਰਖ ਦਾ ਰਿਦਾ ਮਹਾਂ ਅਸ਼ੁਧ ਹੈ ਸੋ ਭੀ ਸੁਜਨ ਅਰਥਾਤ ਮਹਾਤਮਾਂ ਪੁਰਖਾਂ ਦੀ ਸੰਗਤ ਕਰਕੇ ਸ਼ੁਧ ਹੋ ਜਾਂਦਾ ਹੈ।

ਦੋਹਰਾ

ਕੰਚਨ ਸੋ ਕਾਚਨ ਮਿਲੇ, ਸੋਭ ਦੇਤ ਬਹੁ ਭਾਇ॥

ਤਿਉ ਦੁਰਜਨ ਸੁਜਨ ਮਿਲੇ, ਅਤਿ ਸੁੰਦਰ ਦਰਸਾਇ।੧੧੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਸੁਇਨੇ ਦੀ ਮੁੰਦ੍ਰੀ ਇਕ ਕੱਚ ਦਾ ਥੇਵਾ ਜੜ ਦੇਈਏ ਤਦ ਉਹ ਅਪਣੀ ਅਸਲੀਯਤ ਨੂੰ ਤਿਆਗ ਕੇ ਅਜੇਹਾ ਸੋਭਾਇਮਾਨ ਹੋ ਜਾਂਦਾ ਹੈ ਜੈਸਾ ਕਿ ਸੁੱਚਾ ਨਗ ਹੁੰਦਾ ਹੈ। ਇਸੀ ਪ੍ਰਕਾਰ ਭਾਵੇਂ ਕੇਹਾ ਹੀ ਮਹਾਂ ਮੂਰਖ ਅਤੇ ਦੁਸ਼ਟ ਪੁਰਖ ਭੀ ਕਿਉਂ ਨਾ ਹੋਵੇ ਪਰੰਤੂ ਮਹਾਂਤਮਾਂ

ਪੁਰਖਾਂ ਦੀ ਸੰਗਤ ਕਰਕੇ ਉਸ ਦੇ ਸਾਰੇ ਦੋਖ ਛੱਪ ਜਾਂਦੇ ਹਨ ਅਤੇ ਉਹ ਭੀ ਮਹਾਨ ਪੁਰਖ ਹੋਕੇ ਲੋਕਾਂ ਵਿਚ ਸ਼ੋਭਾ ਪਾਉਂਦਾ ਹੈ।

ਦੋਹਰਾ

ਸੁਜਨ ਕੋ ਔਗੁਨ ਜਗਤ, ਗੁਨ ਸਮ ਹੋਤ ਸੁਭਾਇ।।
ਜਿਉਂ ਸੁਰਹੀ ਗੋਬਰ ਬਿਕੇ ਮੁਸ਼ਕੰਬ੍ਰ ਕਹਲਾਇ।।੧੧੫।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਮਹਾਤਮਾਂ ਪੁਰਖਾਂ ਦੇ ਵਿੱਚ ਜੇ ਕਰਕੇ ਕਦਾ-ਚਿਤ ਕੋਈ ਦੋਖ ਭੀ ਹੁੰਦਾ ਹੈ ਸੋ ਭੀ ਉਨ੍ਹਾਂ ਦੇ ਗੁਣਾਂ ਦੀ ਅਧਿਕਤਾ ਦੇ ਕਾਰਨ ਸੁਗੁਣ ਹੀ ਪ੍ਰਤੀਤ ਹੋ ਜਾਂਦਾ ਹੈ, ਜੈਸਾ ਕਿ ਹੋਰਨਾ ਗਊਆਂ ਦਾ ਗੋਬ੍ਰ ਤਾਂ ਮਣਾਂ ਮੂੰਹੀ ਬਿਕ ਕੇ ਚੁਲ੍ਹਯ ਵਿੱਚ ਜਲਦਾ ਹੈ ਪਰੰਤੂ ਜੋ ਸੁਰਹੀ ਗਊ ਦਾ ਗੋਬ੍ਰ ਹੈ ਸੋ ਮੁਸ਼ਕੰਬ੍ਰ ਬਣਕੇ ਅਤਾਰਾਂ ਦੀਆਂ ਦੁਕਾਨਾਂ ਪਰ ਰਤੀ ਅਤੇ ਮਾਸੇ ੨ ਬਿਕ ਕੇ ਅਧਿਕ ਮੁੱਲ ਪਾਉਂਦਾ ਹੈ।

ਦੋਹਰਾ

ਜਿਉਂ ਭੁਸ ਖਾਕਰ ਦੂਧ ਦੇ, ਗਉ ਸੁ ਮਨ ਸੁਖਦਾਇ।।
ਤਿਉਂ ਸਾਜਨ ਅਪਮਾਨ ਲੈ, ਦੇਵਤ ਗੁਨ ਸੁਭ ਪਾਇ।।੧੧੬।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਗਊ ਖਲ ਅਤੇ ਸੁਕਾ ਭੂਸ ਖਾਕੇ ਭੀ ਪੁਰਖਾਂ ਨੂੰ ਦੁੱਧ ਪ੍ਰਦਾਨ ਕਰਦੀ ਹੈ। ਇਸੀ ਪ੍ਰਕਾਰ ਸੁਜਨ ਪੁਰਖ ਦਾ ਭੀ ਇਹੋ ਸੁਭਾਵ ਹੈ ਜੋ ਅਪਮਾਨ ਸਹਾਰਕੇ ਭੀ ਲਾਭ ਪਹੁੰਚਾਉਂਦੇ ਹਨ।

ਦੋਹਰਾ

ਜਿਉਂ ਮਧ ਮਾਖੀ ਮਧ ਚੁਨੇ, ਤਜੇ ਪਾਤ ਅਰ ਫੂਲ।।
ਤਿਉਂ ਸਾਜਨ ਗੁਨ ਲੇਤ ਹੈ, ਔਗੁਨ ਰਹਿਤ ਨ ਭੂਲ।।੧੧੭।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਸ਼ਹਿਦ ਦੀ ਮੱਖੀ ਸਾਰੀ ਬਨਸਪਤੀ ਦੇ ਬ੍ਰਿਖਾਂ ਦੇ ਪਤੇ ਅਰ ਫੁਲਾਂ ਵਿਚੋਂ ਸ਼ਹਿਦ ਅੰਗੀਕਾਰ

ਕਰ ਲੈਂਦੀ ਹੈ ਅਰ ਉਨਾਂ ਦੇ ਪਤ੍ਰ ਅਰ ਫੂਲਾਂ ਆਦਿਕ ਨੂੰ ਅੰਗੀਕਾਰ ਨਹੀਂ ਕਰਦੀ। ਇਸੀ ਪ੍ਰਕਾਰ ਸੁਜਨ ਪੁਰਖ ਭੀ ਸੰਸਾਰ ਵਿਖੇ ਹਰ ਇਕ ਪ੍ਰਾਣੀ ਦੇ ਗੁਣਾਂ ਰੂਪੀ ਸ਼ਹਿਦ ਨੂੰ ਲੈ ਲੈਂਦੇ ਹਨ ਅਤੇ ਉਨ੍ਹਾਂ ਦੇ ਔਗੁਣਾਂ ਵੱਲ ਧਿਯਾਨ ਨਹੀਂ ਕਰਦੇ।

ਦੋਹਰਾ

ਜਿਉਂ ਨਿਜ ਜਰ ਪਰਕਾਸ਼ ਕਰ, ਪਰਉਪਕਾਰ ਸਨੇਹ॥
ਤਿਉਂ ਸਾਜਨ ਨਿਜ ਅਰਪ ਕਰ, ਕਰਤ ਸਕਲ ਸੋ ਨੇਹ।੧੧੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਤੇਲ ਆਪਣੇ ਆਪ ਨੂੰ ਜਲਾਂ ਕੇ ਭੀ ਦੂਸਰਿਆਂ ਨੂੰ ਪ੍ਰਕਾਸ਼ ਕਰਦਾ ਹੈ। ਇਸੀ ਪ੍ਰਕਾਰ ਸੁਜਨ ਪੁਰਖ ਅਪਣੇ ਆਪ ਦਾ ਬਲੀਦਾਨ ਕਰਕੇ ਭੀ ਦੂਸਰਿਆਂ ਦੇ ਹਿਤ ਦੀ ਕਰਦੇ ਹਨ।

ਦੋਹਰਾ

ਮ੍ਰਿਦ ਬਚਨ ਜਲ ਭੂਮ ਤਲ, ਰਿਦੇ ਸਹਿਰਦ ਸੁਭਾਇ॥
ਏ ਸਾਜਨ ਜਨ ਕੇ ਰਹੇ, ਸਦ ਹੀ ਨੀਤ ਸਹਾਇ।੧੧੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਆਏ ਪੁਰਖ ਨਾਲ ਮਿਠਾ ਬੋਲਣਾ ਤੇ ਠੰਢਾ ਜਲ ਪਿਲਾਉਣਾ ਅਤੇ ਬੈਠਣ ਜੋਗੀ ਜਗ੍ਹਾ ਦੇਕੇ ਪ੍ਰੇਮ ਪ੍ਰਗਟ ਕਰਨਾ ਇਹ ਗੁਣ ਉਤਮ ਸੁਭਾਵ ਵਾਲੇ ਮਹਾਤਮਾਂ ਪੁਰਖਾਂ ਦੇ ਨਾਲ ਸਦਾ ਹੀ ਸਹਾਈ ਰਹਿੰਦੇ ਹਨ।

ਦੋਹਰਾ

ਜਿਉਂ ਚਕਰ ਚਹੁ ਦਿਸ ਫਿਰੇ, ਪੁਨ ਸੂਧਾ ਪਥ ਜਾਇ॥
ਤਿਉਂ ਸਾਜਨ ਸਭ ਕਰਮ ਮਹਿਂ, ਰਾਖਤ ਨੀਤ ਸੁਭਾਇ।੧੨੦॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਚੱਕਰ ਜਦ ਚਲਾਇਆ ਜਾਂਦਾ ਹੈ ਤਦ ਉਹ ਚਾਰੇ ਪਾਸਯੋਂ ਘੁੰਮਦਾ ਜਾਂਦਾ ਹੈ ਪਰੰਤੂ ਉਹ ਆਪਣੇ ਨਿਸ਼ਾਨੇ ਤੇ ਟੇਢਾ ਨਹੀਂ ਜਾਂਦਾ ਕਿੰਤੂ ਸਿਧਾ ਜਾਂਦਾ ਹੈ। ਇਸੀ ਪ੍ਰਕਾਰ

ਮਹਾਤਮਾਂ ਪੁਰਖ ਭੀ ਭਾਵੇਂ ਸੰਸਾਰਕ ਬਿਵਹਾਰਾਂ ਵਿੱਚ ਕਿਤਨੇ ਹੀ ਘੁੰਮਣ ਘੇਰ ਖਾਂਦੇ ਹੋਣ ਪਰੰਤੂ ਤਾਂ ਭੀ ਉਹ ਅਪਣੇ ਨੀਤੀ ਦੇ ਸਿਧੇ ਰਸਤੇ ਨੂੰ ਤਿਆਗ ਨਹੀਂ ਕਰਦੇ।

ਦੋਹਰਾ

ਸੰਮਤ ਬਿਪਤਾ ਕੇ ਵਿਖੇ, ਰਹਿਤ ਸੁਜਨ ਇਕ ਸਾਰ।।
ਜਿਉਂ ਅਕਾਸ ਇਕ ਰਸ ਰਹੇ, ਸਾਰੇ ਦਿਵਸ ਮੁਝਾਰ।।੧੨੧।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬਦਲਾਂ ਦੀ ਬਰਖਾਂ ਅਰ ਜੇਠ ਹਾੜ ਦੀ ਅੰਧੇਰੀਆਂ ਅਤੇ ਪੋਹ ਮਾਘ ਦੀਆਂ ਧੁੰਦਾਂ ਦੇ ਪੈਣ ਤੇ ਭੀ ਅਕਾਸ਼ ਆਪਣੇ ਸੁਭਾਵ ਨੂੰ ਨਹੀਂ ਤਿਆਗਦਾ ਅਤੇ ਇਨ੍ਹਾਂ ਸਾਰਿਆਂ ਉਪੱਦਰਾਂ ਵਿਚ ਇਕ ਰਸ ਰਹਿੰਦਾ ਹੈ। ਇਸੀ ਪ੍ਰਕਾਰ ਮਹਾਤਮਾਂ ਪੁਰਖ ਭੀ ਸੰਮਤੀ ਅਤੇ ਬਿਪਤਾ ਵਿਚ ਆਪਣੇ ਇਕ ਰਸ ਰਖਦੇ ਹਨ।

ਦੋਹਰਾ

ਸੁਜਨ ਜਨੋ ਕੇ ਭਾਵ ਕੋ, ਕਹਾ ਮੱਤ ਅਨੁਸਾਰ।।
ਅਬ ਨੀਤੀ ਪੁਨ ਰਾਜ ਕੀ, ਕਰਹੋ ਕਛੁਕ ਉਚਾਰ।।੧੨੨।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਇਸ ਤੇ ਪਹਿਲੇ ਪੁਰਖਾਂ ਦੇ ਉਤਮ ਸੁਭਾਵ ਦਾ ਕੁਛਕ ਕਥਨ ਅਪਣੀ ਬੁਧਿ ਅਨੁਸਾਰ ਕਰ ਦਿੱਤਾ ਹੈ ਪਰੰਤੂ ਇਸ ਤੇ ਅਗੇ ਹੁਣ ਰਾਜ ਪ੍ਰਬੰਧ ਦਾ ਜੋ ਪ੍ਰਸੰਗ ਹੈ ਸੋ ਕਥਨ ਕੀਤਾ ਜਾਏਗਾ।

ਦੋਹਰਾ

ਕੋਸ਼ ਨਿਆਇ, ਬਲ, ਚਮੂ, ਇਹ ਅਹੇ ਰਾਜ ਕੋ ਮੂਲ।।
ਤਾਂ ਤੇ ਨ੍ਰਿਪ ਕੋ ਚਾਈਏ, ਕਦੇ ਨਾ ਜਾਵੇ ਭੂਲ।।੧੨੩।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਰਾਜਾ ਨੂੰ ਇਨ੍ਹਾਂ ਚਾਰ ਵਸਤੂਆਂ ਤੋਂ ਕਦੇ ਭੀ ਬੇਖਬਰ ਨਹੀਂ ਹੋਣਾ ਚਾਹੀਦਾ, ਜਿਨ੍ਹਾਂ ਵਿਚੋਂ ਪਹਿਲਾ ਖਜ਼ਾਨਾ

ਦੂਸਰਾ ਇਨਸਾਫ, ਤੀਸਰਾ ਸਮਰਥ ਅਤੇ ਚੌਥੀ ਫੌਜ਼, ਕਿਉਂਕਿ ਇਹ ਚਾਰੇ ਵਸਤੂਆਂ ਰਾਜ ਦੇ ਅਟਲ ਰੱਖਣ ਦਾ ਮੁੱਢ ਹੁੰਦੀਆਂ ਹਨ।

ਜਿਸ ਰਾਜਾ ਨੇ ਆਪਣਾ ਖਜ਼ਾਨਾ ਸੰਚਤ ਨਹੀਂ ਕੀਤਾ ਪਰ ਸੰਚਤ ਧਨ ਨੂੰ ਅਪਣੇ ਅਨੰਦ ਲੈਣ ਦੇ ਕੰਮਾਂ ਵਿਚ ਖਰਚ ਕਰ ਦਿਤਾ ਹੈ ਤਦ ਉਸ ਰਾਜਾ ਦੇ ਨਿਰਧਨ ਹੋਣ ਕਰਕੇ ਕਿਸੇ ਸਮਯ ਅਕਸ ਮਾਤ੍ਰ ਜੰਗ ਆ ਪਵੇ ਯਾ ਹੋਰ ਵਸ਼ੇਸ਼ ਕਾਰਜ ਆ ਪਵੇ, ਜਿਥੇ ਧਨ ਦੀ ਲੋੜ ਹੈ ਤਦ ਉਸ ਸਮਯ ਪਛਤਾਉ ਲਗਦਾ ਹੈ ਅਰ ਜੇ ਕਰਜਾ ਲੈਕੇ ਕੰਮ ਸਾਧਦਾ ਹੈ ਤਾਂ ਰਾਜ ਅਰ ਪ੍ਰਜਾ ਪਰ ਭਾਰ ਚਾੜ੍ਹਦਾ ਹੈ। ਇਸ ਵਾਸਤੇ ਰਾਜਾ ਨੂੰ ਪਹਿਲੇ ਖਜ਼ਾਨੇ ਦਾ ਪੂਰਨ ਰਖਣਾ ਜ਼ਰੂਰੀ ਬਾਤ ਹੈ, ਜਿਸ ਦੇ ਹੋਣੇ ਤੇ ਸਾਰੇ ਕੰਮ ਹੋ ਸਕਦੇ ਹਨ ਅਰ ਨਾ ਹੋਣੇ ਤੇ ਸਾਰੇ ਰਹਿ ਜਾਂਦੇ ਹਨ।

ਦੂਸਰਾ ਨਿਯਾਇ ਅਰਥਾਤ ਇਨਸਾਫ ਹੋਣਾ ਰਾਜ ਵਾਸਤੇ ਇਕ ਅਟਲ ਰਖਣ ਦਾ ਪੂਰਾ ਅਤੇ ਪੱਕਾ ਸਾਧਨ ਹੈ, ਜੋ ਰਾਜਾ ਅਪਣੀ ਪ੍ਰਜਾ ਦਾ ਨਿਯਾਇ ਪੂਰਬਕ ਪ੍ਰਬੰਧ ਕਰਦਾ ਹੈ ਸੋ ਉਸ ਦੀ ਪ੍ਰਜਾ ਉਸ ਰਾਜਾ ਦੀ ਰਖਿਯਾ ਇਸ ਪ੍ਰਕਾਰ ਰਖਦੀ ਹੈ ਜਿਸ ਪ੍ਰਕਾਰ ਸਪੁੱਤ੍ਰ ਪਿਤਾ ਦੀ ਰੱਖਿਯਾ ਸੋਭਾ ਅਰ ਸੁਖ ਲਈ ਕਰਦਾ ਹੈ ਅਰ ਮੁਸ਼ਕਿਲ ਸਮਯ ਪਰ ਉਹ ਪ੍ਰਜਾ ਅਪਣਾ ਜਾਨ ਮਾਲ ਉਸ ਰਾਜਾ ਪਰ ਕੁਰਬਾਨ ਕਰ ਦੇਂਦੀ ਹੈ, ਪਰੰਤੂ ਜੇ ਰਾਜਾ ਜ਼ਾਲਮ ਹੁੰਦਾ ਹੈ ਅਰ ਨਿਯਾਇ ਨਹੀਂ ਕਰਦਾ ਤਦ ਉਸ ਦੀ ਪ੍ਰਜਾ ਸਦਾ ਹੀ ਮਨ ਵਿਚ ਇਹ ਖਿਯਾਲ ਰਖਦੀ ਹੈ ਕਿ ਇਹ ਤੱਤਾ ਅੰਗਾਰ ਸਾਡੇ ਪਾਸੋਂ ਦੂਰ ਰਹੇ ਤਾਂ ਅਛਾ ਹੈ ਅਰ ਉਸ ਦੀ ਹਾਨੀ ਵਿਚ ਅਪਣਾ ਲਾਭ ਸਮਝਦੀ ਹੈ ਇਸ ਵਾਸਤੇ ਨਿਯਾਇਯੁਤ ਪ੍ਰਜਾ ਪਾਲਨ ਭੀ ਰਾਜ ਦੇ ਅਟਲ ਰਖਣ ਦਾ ਕਾਰਨ ਹੈ।

ਤੀਸਰਾ ਰਾਜਾ ਦਾ ਸਰੀਰ ਅਰ ਆਤਮਾ ਕਰਕੇ ਬਲਵਾਨ ਹੋਣਾ ਭੀ ਰਾਜ ਦੇ ਅਟਲ ਰਖਣ ਦਾ ਸਾਧਨ ਹੈ ਕਿਓਂਕਿ ਮਨ ਕਰਕੇ ਕਾਇਰ ਅਰ ਸਰੀਰ ਕਰਕੇ ਨਿਰਬਲ ਰਾਜੇ ਦੀ ਸੈਨਾ ਕਦੇ ਭੀ ਅਗੇ ਲੜਨ ਮਰਨ ਦਾ ਹੌਸਲਾ ਨਹੀਂ

ਕਰਦੀ। ਇਸੇ ਵਾਸਤੇ ਅੱਜ ਕੱਲ ਭੀ ਜਰਨੈਲ ਯਾ ਕਰਨੈਲ ਸਮਰੱਥ ਪੁਰਖ ਰਖੇ ਜਾਂਦੇ ਹਨ, ਜੈਸਾ ਕਿ ਰਾਮ, ਲਛਮਨ ਅਤੇ ਪਾਂਡਵ ਜੋ ਆਪ ਸੂਰ ਬੀਰ ਸੇ ਇਸੇ ਲਈ ਫੌਜ ਭੀ ਦਲੇਰ ਸੀ।

ਚੌਥਾ ਫੌਜ ਜਿਤਨੀ ਹੋਵੇ ਸੋ ਸਭ ਸਿਖੀ ਹੋਈ ਹੋਵੇ ਨਹੀਂ ਜੰਗ ਦੇ ਸਮਯ ਬਸੰਤ ਰਾਇ ਮਰਹਟੇ ਵਾਂਗ ਜਰੂਰ ਹਾਰ ਦੇਵੇਗੀ ਤਾਂ ਤੇ ਰਾਜਾ ਨੂੰ ਸੈਨਾ ਮਜ਼ਬੂਤ ਅਰ ਜੰਗ ਦੇ ਕਾਇਦੇ ਜਾਨਣ ਵਾਲੀ ਰਖਣੀ ਹੀ ਰਾਜ ਦਾ ਮੁੱਢ ਹੈ, ਇਸ ਵਾਸਤੇ ਰਾਜਾ ਇਨਾਂ ਬਾਤਾ ਨੂੰ ਜਰੂਰ ਧਿਆਨ ਦੇਵੇ।

ਦੋਹਰਾ

ਪ੍ਰਥਮ ਭੂਪ ਕੋ ਚਾਈਏ, ਸਭ ਵਿਦੱਯਾ ਭਰਪੂਰ॥
ਜਿਸ ਕੇ ਬਲ ਸੇ ਜਗਤ ਮਹਿ, ਯਸ ਪਾਵਿਹਿੰ ਸੁਭ ਭੂਪ॥੧੨੪॥

ਇਸ ਨੀਤੀ ਦਾ ਭਾਵ ਇਹ ਹੈ ਕਿ ਰਾਜਾ ਨੂੰ ਸੰਪੂਰਨ ਵਿਦਿਯਾ ਵਿਚ ਨਿਪੁੰਨ ਹੋਣਾ ਜਰੂਰੀ ਹੈ ਕਿਉਂਕਿ ਜਦ ਰਾਜਾ ਹਰ ਪ੍ਰਕਾਰ ਦੀ ਵਿਦਿਯਾ ਵਿਚ ਨਿਪੁੰਨ ਹੁੰਦਾ ਹੈ ਤਦ ਅਪਣੀ ਪ੍ਰਜਾ ਅਤੇ ਬਾਹਰਲੇ ਲੋਕਾਂ ਵਿੱਚ ਸੋਭਾ ਨੂੰ ਪ੍ਰਾਪਤ ਹੁੰਦਾ ਹੈ ਅਤੇ ਕਈ ਸਮਯਾਂ ਪਰ ਉਹ ਅਪਣੀ ਵਿਦਿਯਾ ਤੇ ਲਾਭ ਉਠਾਉਂਦਾ ਹੈ।

ਜਦ ਪਾਂਡਵ ਬਨ ਨੂੰ ਚਲੇ ਗਏ ਸੇ ਤਦ ਉਨਾਂ ਦੇ ਨਾਲ ਇਹ ਪ੍ਰਤੱਗਯਾ ਭੀ ਦੁਰਯੋਧਨ ਦੀ ਸੀ ਕਿ ਤੁਸੀਂ ਪਰਗਟ ਨਾ ਹੋਣਾ ਜੇ ਪ੍ਰਗਟ ਹੋ ਗਏ ਤਾਂ ਯੁਧ ਕਰਨਾ ਪਏਗਾ। ਇਸ ਵਾਸਤੇ ਉਹ ਪੰਜੇ ਅਪਣੀ ਮਾਈ ਦੇ ਨਾਲ ਜੰਗਲਾਂ ਵਿਚ ਗੁਜ਼ਾਰਾ ਕਰਦੇ ਸਨ ਪਰੰਤੂ ਅਪਣਾ ਹਾਲ ਕਿਸੇ ਪਰ ਪਰਗਟ ਨਹੀਂ ਹੋਣ ਦੇਂਦੇ ਸਨ ਜਦ ਦ੍ਰੋਪਤ ਰਾਜਾ ਨੇ ਸੁਅੰਬਰ ਰਚਿਆ ਅਰ ਆਖਿਆ, ਜੋ ਇਸ ਮਛਲੀ ਨੂੰ ਤੀਰ ਨਾਲ ਬੇਧੇਗਾ ਅਰ ਸੱਜੀ ਅੱਖ ਵਿੱਚ ਘੁੰਮਦੀ ਦੇ ਤੀਰ ਮਾਰੇਗਾ ਮੈਂ ਅਪਣੀ ਕੰਨਿਆ ਦਾ ਡੋਲਾ ਉਸ ਨੂੰ ਦੇਵਾਂਗਾ ਜਿਸ ਘਰ ਕਿਸੇ ਰਾਜਾ ਦੀ ਇਹ ਸਮਰੱਥਾ ਨਾ ਹੋਈ ਜੋ ਇਸ ਤਰ੍ਹਾਂ ਦਾ ਨਿਸ਼ਾਨਾ ਫੁੰਡਦਾ ਕਿੰਤੂ ਅਰਜਨ ਸਮੇਤ ਪੰਜੇ ਪਾਂਡਵ

ਭਾਈ ਭੀ ਫਕੀਰੀ ਦੇ ਭੇਸ ਵਿਚ ਉਥੇ ਗਏ ਹੋਏ ਸਨ ਤਦ ਅਰਜਨ ਨੇ ਮੈਦਾਨ ਵਿਚ ਨਿਕਲਕੇ ਅਜਿਹਾ ਤੀਰ ਮਾਰਿਆ ਜੋ ਮੱਛੀ ਦੀ ਸੱਜੀ ਅੱਖ ਨੂੰ ਬੇਧਕੇ ਜ਼ਮੀਨ ਪਰ ਜਾ ਸੁਟਿਆ ਤਦ ਦ੍ਰੋਪਤ ਰਾਜਾ ਨੇ ਵਡੇ ਆਦਰ ਦੇ ਨਾਲ ਉਨਾਂ ਗਰੀਬੀ ਭੇਸ ਵਾਲੇ ਪਾਂਡਵਾਂ ਨੂੰ ਅਪਣੀ ਪ੍ਰਤੱਗਯਾ ਦੇ ਕਾਰਨ ਦ੍ਰੋਪਤੀ ਦਾ ਡੋਲਾ ਦਿਤਾ।

ਰਾਜਾ ਦੋਪ੍ਰਤ ਅਤੇ ਉਸ ਦੇ ਸੰਬੰਧੀਆਂ ਦੇ ਚਿੱਤ ਵਿੱਚ ਇਹ ਖਿਆਲ ਹੋਇਆ ਕਿ ਇਨ੍ਹਾਂ ਦੀ ਜਾਤੀ ਕਿਆ ਹੈ ਕਿਉਂਕਿ ਜੇ ਕਿਸੇ ਅਧਮ ਜਾਤੀ ਦੇ ਹੋਏ ਤਾਂ ਸਾਨੂੰ ਕਈ ਪ੍ਰਕਾਰ ਦੇ ਕਲੇਸ਼ ਹੋਣਗੇ ਪਰ ਇਸ ਬਾਤ ਦਾ ਪੁਛਣਾ ਭੀ ਵਡੀ ਮੂਰਖਤਾ ਹੈ ਜੋ ਨਾਲ ਖਾ ਕੇ ਅਰਥਾਤ ਕੰਨਿਆ ਦੇਕੇ ਜਾਤ ਪੁਛਦੇ ਹਾਂ ਤਾਂ ਤੇ ਹੁਣ ਕਿਸ ਤਰ੍ਹਾਂ ਪਤਾ ਕਢਿਆ ਜਾਵੇ। ਇਸ ਪਰ ਇਕ ਮੰਤ੍ਰੀ ਨੇ ਸਲਾਹ ਦਿਤੀ ਕਿ ਆਪ ਅਪਣੇ ਜਵਾਈ ਨੂੰ ਅਜਾਇਬ ਘਰ ਵਿਚ ਲੈ ਜਾਓ ਅਰ ਹਰ ਇਕ ਵਸਤੂ ਦਿਖਾਉਂਦੇ ਜਾਓ ਪਰੰਤੂ ਜਿਸ ਵਸਤੂ ਨੂੰ ਦੇਖਕੇ ਉਹ ਹੱਥ ਲਾਏ ਅਰ ਉਸ ਦੇ ਗੁਣ ਦੋਖ ਦਸੇ ਤਾਂ ਜਾਨ ਲੈਨਾ ਜੋ ਉਹ ਉਸ ਦੀ ਜਾਤੀ ਹੈ। ਰਾਜਾ ਦ੍ਰੋਪਤ ਨੇ ਐਸਾ ਹੀ ਕੀਤਾ ਪਰ ਅਰਜਨ ਨੇ ਇਕ ਪਾਸਿਓਂ ਲੈਕੇ ਸਾਰੀਆਂ ਵਸਤੂਆਂ ਦੇ ਗੁਣ ਦੋਖ ਦਸੇ ਅਰ ਹਰ ਇਕ ਦੇ ਕੰਮ ਵਿਚ ਆਪਣੀ ਵਿੱਦਯਾ ਨੂੰ ਇਕੋ ਜਿਹਾ ਪਰਗਟ ਕੀਤਾ ਜਿਸ ਪਰ ਰਾਜਾ ਦ੍ਰੋਪਤ ਨੂੰ ਕੁਝ ਭੀ ਪਤਾ ਨਾ ਲਗਾ ਅਰ ਹੈਰਾਨ ਹੋਇਆ ਕਿ ਇਹ ਤਾਂ ਸਾਰੀਆਂ ਵਿੱਦਯਾ ਦਾ ਗਿਆਤਾ ਹੈ। ਇਸ ਤੇ ਸਿੱਧ ਹੁੰਦਾ ਹੈ ਕਿ ਜੋ ਰਾਜਾ ਸੰਪੂਰਨ ਵਿੱਦਯਾ ਦਾ ਗਿਆਤਾ ਹੁੰਦਾ ਹੈ ਉਸ ਨੂੰ ਕਿਸੇ ਦਾ ਮੋਹਤਾਜ ਨਹੀਂ ਹੋਣਾ ਪੈਂਦਾ ਅਤੇ ਸਾਰਿਆਂ ਦਾ ਅਧਪਤ ਅਤੇ ਸਿੱਖਿਯਾ ਦੇਣ ਵਾਲਾ ਹੁੰਦਾ ਹੈ ਅਤੇ ਉਹ ਅਪਣੇ ਐਹਲਕਾਰਾਂ ਤੋਂ ਯਥਾ ਯੋਗ ਜਾਣਕੇ ਅਪਣੇ ਰਾਜ ਪ੍ਰਬੰਧ ਦਾ ਕੰਮ ਲੈਂਦਾ ਹੈ ਅਰ ਆਪ ਸੂਤਰਧਾਰ ਵਾਂਗ ਸਾਰੀ ਪੁਤਲੀਆ ਦੀ ਨਿਆਂਈ ਐਹਲਕਾਰਾਂ ਤੇ ਨਿਜ ਬਿਵਹਾਰ ਕਰੋਂਦਾ ਹੈ। ਸਾਡੇ ਦੇਸ ਤੇ ਰਾਜੇ, ਮਹਾਂ

ਰਾਜੇ ਇਸੇ ਵਾਸਤੇ ਪਰਜਾ ਅਰ ਅਪਣੇ ਅਦਪਤੀਆਂ ਦੇ ਸਾਹਮਣੇ ਹਕੀਰ ਹੋ ਗਏ ਹਨ ਜੋ ਇਨ੍ਹਾਂ ਨੇ ਸੰਮਪੂਰਨ ਵਿੱਦਯਾ ਦੇ ਸਮੁੰਦਰ ਦਾ ਅਵਗਾਂਹਨ ਨਹੀਂ ਕੀਤਾ ਅਰ ਜਿਸ ਵਿਸ਼ੇ ਵਿੱਚ ਪੈਕੇ ਅਨੰਦ ਪਰਤੀਤ ਹੋਇਆ। ਫਿਰ ਉਸੇ ਨੂੰ ਜਨਮ ਦਾ ਫਲ ਰਾਜ ਦਾ ਸੁਖ ਸਮਝ ਕੇ ਅਪਣੀ ਆਯੂ ਨੂੰ ਖਰਚ ਕਰ ਦੇਂਦੇ ਹਨ, ਜੈਸਾ ਕਿ ਕਿਸੇ ਨੇ ਸ਼ਿਕਾਰ, ਕਿਸੇ ਨੇ ਰਾਗਾਂ ਅਤੇ ਕਿਸੇ ਨੇ ਸ਼ਰਾਬ ਕਬਾਬ ਅਰ ਕਿਸੇ ਨੇ ਬਹੁਤ ਰਾਣੀਆਂ ਦਾ ਵਿਆਹੋਨਾਂ ਆਦਿਕ ਹੀ ਰਾਜ ਦਾ ਫਲ ਸਮਝਿਆ ਹੋਇਆ ਹੈ। ਰਾਗ ਅਰ ਵਿਸ਼ੇ ਵਿਚ ਪੈਕੇ ਨਵਾਬ ਵਾਜਦ ਅਲੀਸ਼ਾਰ ਨੇ ਰਾਜ ਭਾਗ ਗਵਾਕੇ ਕੈਹ ਦੁਖ ਉਠਾਏ ਸਨ।

ਇਸੀ ਵਾਸਤੇ ਰਾਜਾ ਨੂੰ ਚਾਹੀਦਾ ਹੈ ਜੋ ਸਾਰੇ ਸੁੱਖਾਂ ਨੂੰ ਅਤੇ ਪਦਾਰਥਾਂ ਨੂੰ ਅਪਣੀ ਵਿੱਦਯਾ ਦੇ ਬਲ ਨਾਲ ਸਮਯ ਸਮਯ ਪਰ ਵਿਚਾਰ ਯੁਕਤ ਪੂਰਾ ਕਰੇ ਸੋ ਇਸ ਵਿਚਾਰ ਦਾ ਸਾਧਨ ਵਿੱਦਯਾ ਹੀ ਹੈ ਤਾਂ ਤੇ ਰਾਜਾ ਨੂੰ ਵਿੱਦਯਾ ਅਵਸ਼ ਪੜ੍ਹਨੀ ਜੋਗ ਹੈ।

ਦੋਹਰਾ

ਸਾਮ ਦਾਮ ਦੰਡ ਭੇਦ ਕੋ, ਰਾਖੇ ਭੂਪ ਸਦੀਵ॥
ਜਿਸ ਕਾਰਨ ਤਿਸ ਕਾ ਰਹੇ, ਸਦਾ ਸੁਖੀ ਅਤਿ ਜੀਵ॥੧੨੫॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਰਾਜਾ ਵਿਚ ਇਹ ਚਾਰ ਗੁਣ ਹਨ ਉਸ ਦਾ ਚਿੱਤ ਸਦਾ ਹੀ ਸੁਖੀ ਰਹਿੰਦਾ ਹੈ।

ਜਿਸ ਵਿਚੋਂ ਪਹਿਲਾ ਸਾਮ, ਜਿਸ ਦਾ ਤਾਤਪ੍ਰਜ ਇਹੋ ਹੈ ਕਿ ਜੋ ਰਾਜਾ ਨਿਯਾਇ ਤਖਤ ਪਰ ਬੈਠਕੇ ਊਚ, ਨੀਚ, ਧਨੀ, ਰੰਕ, ਇਸਤ੍ਰੀ ਅਤੇ ਪੁਰਖਾਂ ਨੂੰ ਇਕੋ ਦ੍ਰਿਸ਼ਟੀ ਨਾਲ ਦੇਖਕੇ ਇਨਸਾਫ ਕਰਦਾ ਹੈ ਅਰ ਅਪਣੇ ਨਿਯਾਇ ਪ੍ਰਬੰਧ ਵਿਚ ਸਭ ਨਾਲ ਇਕ ਜੈਸਾ ਵਰਤਾਉ ਰਖਦਾ ਹੈ ਅਰਥਾਤ ਜੈਸਾ ਉਸ ਦੇ ਰਾਜ ਵਿੱਚ ਇੱਕ ਰੰਕ ਉਸ ਦੇ ਨਿਯਾਇ ਤੇ ਸੁਖ ਭੋਗਦਾ ਹੈ ਅਤੇ ਵੈਸਾ ਹੀ ਦੂਜਾ ਧਨੀ

ਉਸ ਤੇ ਨਿਯਾਇ ਦੀ ਆਸ਼ਾ ਰਖਦਾ ਹੈ ਅਰ ਕਿਸੇ ਨੂੰ ਇਹ ਖਿਯਾਲ ਨਹੀਂ ਹੁੰਦਾ ਕਿ ਮੈਨੂੰ ਨਿਰਧਨ ਜਾਨਕੇ ਮੇਰੀ ਨਹੀਂ ਸੁਣੇਗਾ ਯਾ ਮੈਂ ਧਨੀ ਹਾਂ ਮੇਰਾ ਲਿਹਾਜ ਕਰੇਗਾ, ਸੋ ਰਾਜਾ ਸਭ ਦੇ ਸਾਮ੍ਹਣੇ ਨਿਯਾਇਕਾਰੀ ਹੋਕੇ ਯਸ਼ ਦਾ ਪਾਤ੍ਰ ਹੋਵੇਗਾ ਜਿਸ ਤੇ ਸਮਾਨਤਾ ਦਾ ਗੁਣ ਰਾਜਾ ਵਿੱਚ ਹੋਣਾ ਜਰੂਰੀ ਹੈ। ਦੂਸਰਾ ਗੁਣ ਰਾਜਾ ਵਿੱਚ 'ਦਾਮ' ਅਰਥਾਤ ਧਨ ਦੇਕੇ ਅਪਣੇ ਕਰ ਲੈਨੇ ਦਾ ਹੋਣਾ ਚਾਹੀਦਾ ਹੈ ਕਿਉਂਕਿ ਸੰਸਾਰ ਪਰ ਬਹੁਤ ਸਾਰੇ ਆਦਮੀ ਉਹ ਦੇਖੇ ਜਾਂਦੇ ਹਨ ਜੋ ਬੁਲ ਬੁਲ ਵਾਂਗ ਭਿਤੀ ਦੇਕੇ ਕੰਮ ਆ ਸਕਦੇ ਹਨ ਅਰ ਜਿਸ ਪ੍ਰਕਾਰ ਤਪਲੇ ਦੇ ਮੂੰਹ ਨੂੰ ਆਟਾ ਲਾਕੇ ਰਾਗੀ ਮਨ ਭਾਉਂਦੀ ਅਵਾਜ਼ ਲੈ ਲੈਂਦਾ ਹੈ। ਇਸੀ ਪ੍ਰਕਾਰ ਲੋਭੀ ਪੁਰਖ ਨੂੰ ਦਾਮ ਦੇਕੇ ਰਾਜਾ ਬਹੁਤ ਸਾਰਾ ਮਨੋਰਥ ਪੂਰਾ ਕਰ ਸਕਦਾ ਹੈ ਜਿਸ ਤੇ ਕਿਸੇ ਦਾ ਕਥਨ ਹੈ (ਜਰ ਦੀਦਨ ਪੂਲਾਦ ਨਰਮ) ਅਰਥਾਤ ਧਨ ਨੂੰ ਦੇਖਕੇ ਲੋਹੇ ਜੈਸਾ ਆਦਮੀ ਭੀ ਨਰਮ ਹੋ ਜਾਂਦਾ ਹੈ।

ਇਸ ਤੇ ਬਿਨਾਂ ਅਪਣੇ ਐਹਿਲਕਾਰਾਂ ਨੂੰ ਅਛੇ ਔਹਦੇ ਦੇ ਨਾਲ ਅਛੀਆਂ ੨ ਤਨਖਾਹਾਂ ਦਾ ਹੋਣਾ ਭੀ ਇਕ ਜਰੂਰੀ ਬਾਤ ਹੈ ਜਿਸ ਦਾ ਕਾਰਨ ਇਹ ਹੈ ਜੋ ਉਹ ਰਾਜਾ ਤੇ ਮਨ ਮੰਗੇ ਦਾਮ ਪਾਕੇ ਉਸਦੇ ਮਨ ਤੇ ਨਿਮਕ ਹਲਾਲ ਰਹਿਣਗੇ ਅਰ ਉਸ ਦੀ ਸਦਾ ਹੀ ਸੁਖ ਮਨਾਉਨਗੇ, ਅਰ ਨਾਲ ਹੀ ਉਹ ਪਰਜਾ ਪਰ ਅਪਣੀ ਇਛਾ ਪੂਰੀ ਕਰਨ ਲਈ ਰਿਸ਼ਵਤ ਦਾ ਹੱਥ ਨਹੀਂ ਚਲਾਉਣਗੇ ਪਰੰਤੂ ਜੇ ਰਾਜਾ ਉਨ੍ਹਾਂ ਨੂੰ ਧਨ ਤੇ ਭੁਖੇ ਰਖੇਗਾ ਤਦ 'ਨੰਗੀ ਪਹਿਰੇ ਥਾਂਇ ਦੇ ਭੁਖਾ ਪਾਪੜ ਖਾਇ'। ਵਾਲੀ ਕਹਾਣੀ ਵਾਂਗ ਅਪਣੀ ਕਮੀ ਪੂਰੀ ਕਰਨ ਲਈ ਪਰਜਾ ਨੂੰ ਲੁਟਣਗੇ। ਇਸੇ ਤਰ੍ਹਾਂ ਫੌਜ ਨੂੰ ਭੀ ਤਨਖਾਹ ਘਟ ਨਾ ਦੇਵੇ ਕਿਓਂਕਿ ਜਦ ਸਿਪਾਹੀ ਨੂੰ ਰੁਪਯਾ ਅਛਾ ਮਿਲੇਗਾ ਤਦ ਉਸ ਨੂੰ ਖਾਕੇ ਖੂਬ ਤਿਆਰ ਬਰ ਤਿਆਰ ਰਹੇਗਾ ਅਰ ਥੋੜੀ ਤਨਖਾਹ ਕਰਕੇ ਨੰਗ ਭੁਖ ਦਾ ਮਾਰਿਆ ਸਿਪਾਹੀ ਬਾਂਗਰ ਦੇ ਬੈਲ ਵਾਂਗ ਹਰਾਸ ਛੱਡ ਦੇਵੇਗਾ, ਜਿਸ ਵਾਸਤੇ ਰਾਜਾ ਨੂੰ ਉਦਾਰਤਾ ਦਾ ਗੁਣ ਜਰੂਰ ਰਖਣਾ ਚਾਈਦਾ

ਹੈ, ਤੀਸਰਾ ਦੰਡ ਦਾ ਹੋਣਾ ਭੀ ਰਾਜੇ ਦੇ ਸੁਖ ਅਰ ਯਸ਼ ਦਾ ਕਾਰਨ ਹੈ ਕਿਓਂਕਿ ਜਦ ਦੁਸ਼ਟ ਕਰਮ ਕਰਨੇ ਵਾਲੇ ਨੂੰ ਪੂਰਾ ੨ ਦੰਡ ਦਿਤਾ ਜਾਏਗਾ ਤਦ ਦੂਜਿਆਂ ਨੂੰ ਭੀ ਕੰਨ ਹੋ ਜਾਣਗੇ, ਇਸ ਤੇ ਬਿਨਾਂ ਹਰ ਇਕ ਕਰਮ ਕਰਨੇ ਵਾਲੇ ਨੂੰ ਇਹ ਖਿਯਾਲ ਹੋਵੇਗਾ ਕਿ ਜੇ ਮੈਂ ਇਹ ਗੁਨਾਹ ਕੀਤਾ ਤਾਂ ਮੈਨੂੰ ਸਜ਼ਾ ਜ਼ਰੂਰ ਹੀ ਮਿਲੇਗੀ। ਜੇ ਇਸ ਦੰਡ ਗੁਣ ਨੂੰ ਪੂਰਾ ੨ ਵਰਤਿਆ ਜਾਏ ਤਦ ਉਸ ਦੇ ਰਾਜ ਵਿੱਚ ਸੌ ਵਿਚੋਂ ਪੰਜ ਗੁਨਾਹ ਹੋਣ ਦੀ ਆਸ਼ਾ ਹੋ ਸਕਦੀ ਹੈ।

ਇਸੀ ਤਰ੍ਹਾਂ ਚੌਥਾ (ਭੇਦ) ਹੈ ਜਿਸ ਦਾ ਭਾਵ ਇਹ ਹੈ ਕਿ ਰਾਜਾ ਕਦੇ ਭੀ ਕਿਸੇ ਜਥੇ ਨੂੰ ਸਮਰਥਾ ਨਾ ਪਕੜਨ ਦੇਵੇ, ਕਿੰਤੂ ਉਨ੍ਹਾਂ ਵਿੱਚ ਭੇਦ ਹੀ ਰਖਣ ਦਾ ਯਤਨ ਕਰੇ। ਜੈਸਾ ਕਿ ਅੰਗਰੇਜ਼ੀ ਵਿਚ ਕਹਾਵਤ ਹੈ ਜਿਸ ਦਾ ਤਾਤਪ੍ਰਜ ਇਹ ਹੈ ਕਿ ਆਪਸ ਵਿਚ ਫਾੜ ਦੇਵੋ ਅਰ ਫਤੇ ਕਰ ਲੌ। ਇਸ ਵਾਸਤੇ ਰਾਜਾ ਸਦਾ ਹੀ ਸਵਾਧਾਨ ਰਹੇ ਅਰ ਕਿਸੇ ਪਰ ਪੂਰਾ ੨ ਨਿਰਭਰ ਕਰਕੇ ਭੇਦ ਖੋਲ੍ਹ ਕੇ ਨਾ ਸੌਂ ਜਾਏ ਅਰ ਨਾ ਇਹ ਸਮਝੇ ਕਿ ਇਹ ਮੇਰਾ ਕਿਆ ਕਰ ਸਕਣਗੇ। ਕਿੰਤੂ ਸਮਾਂ ਪਾਕੇ ਉਹ ਤੁਛ ਹੀ ਅਪਣੀ ਸਮਰਥਾ ਪਾਕੇ ਮਹਾਂ ਦੁਖਦਾਈ ਹੋ ਸਕਦੇ ਹਨ। ਯਥਾ ਨੀਤੀ ਵਿਚ ਹੈ।

ਦੋਹਰਾ

ਲਘੁ ਅਰ ਅਵਸਰ ਪਾਇਕੇ, ਦੁਖਦਾਇਕ ਅਵਨੀਸ॥
ਅਹਿ ਕਾਂਟਾ ਪਗ ਮੇਂ ਲਗੇ, ਪੀੜਾ ਦੇ ਨਖ ਸੀਸ।੧੨੯॥

ਇਸ ਦਾ ਭਾਵ ਇਹ ਹੈ ਕਿ ਛੋਟਾ ਜਿਹਾ ਪੁਰਖ ਭੀ ਜੋ ਦਿਲੋਂ ਰਾਜਾ ਦਾ ਭਲਾ ਚਾਹਣ ਵਾਲਾ ਨਾ ਹੋਵੇ ਸਮਾਂ ਪਾਕੇ ਰਾਜੇ ਨੂੰ ਬਹੁਤ ਦੁੱਖ ਦੇ ਸਕਦਾ ਹੈ ਜਿਸ ਤਰ੍ਹਾਂ ਸਪ ਦਾ ਕੰਡਾ ਭਾਵੇਂ ਛੋਟਾ ਜੇਹਾ ਹੁੰਦਾ ਹੈ ਪਰੰਤੂ ਪੈਰ ਵਿਚ ਲਗ ਕੇ ਸਾਰੇ ਨਖ ਸਿਰ ਤੱਕ ਸਰੀਰ ਨੂੰ ਦੁਖ ਦੇ ਸਕਦਾ ਹੈ।

ਜਿਸ ਰਾਜਾ ਨੇ ਇਨ੍ਹਾਂ ਚਾਰਾਂ ਬਾਤਾਂ ਨੂੰ ਅਪਣੇ ਮਨ ਵਿੱਚ ਅਛੀ ਤਰ੍ਹਾਂ ਧਾਰ ਲੀਤਾ ਹੈ ਸੋ ਰਾਜਾ ਕਦੇ ਭੀ ਨਹੀਂ ਦੁੱਖ ਸਹੇਗਾ।

ਦੋਹਰਾ

ਕਰਣਾ ਮੈਤ੍ਰੀ ਮੁੱਦਤਾ, ਪੁਨਰ ਉਪੇਖਿਆ ਚਾਰ॥
ਦਾਸੀ ਹੈ ਜਿਸ ਭੂਪ ਕੀ, ਸੋ ਪਾਵਤ ਸੁਖ ਸਾਰ॥੧੨੭॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਅੱਜ ਕਲ ਦੇ ਰਾਜੇ ਮਹਾਰਾਜੇ ਅਪਣੇ ਚਿੱਤਾਂ ਨੂੰ ਆਨੰਦ ਰਖਣ ਲਈ ਅਰ ਸੁਖ ਪਾਉਣ ਲਈ ਦਾਸੀਆਂ ਅਰਥਾਤ ਬਹੁਤ ਸਾਰਿਆਂ ਰਾਣੀਆਂ ਯਾ ਟਹਿਲਣਾਂ ਰਖਦੇ ਹਨ, ਪਰੰਤੂ ਉਨ੍ਹਾਂ ਦੇ ਆਨੰਦ ਦਾ ਫਲ ਓੜਕ ਨੂੰ ਸਰੀਰ ਦਾ ਰੋਗੀ ਆਦਿਕ ਹੋਣਾ ਅਤੇ ਚਿੱਤ ਨੂੰ ਆਦਿਤ ਦੀ ਪ੍ਰਾਪਤੀ ਹੈ। ਜਿਸ ਤੇ ਉਨ੍ਹਾਂ ਦਾ ਸੁਖ ਲੋਕ ਅਤੇ ਪ੍ਰਲੋਕ ਵਿਚ ਰਾਜਾ ਨੂੰ ਯਸ਼ ਯਾ ਸੁੱਖ ਦਾ ਸਾਧਨ ਨਹੀਂ ਹੁੰਦਾ। ਇਸ ਵਾਸਤੇ ਰਾਜਾ ਨੂੰ ਜੇ ਕਰਕੇ ਦਾਸੀਆਂ ਰਖਣੇ ਦਾ ਪ੍ਰੇਮ ਹੋਵੇ ਤਾਂ ਇਹ ਰਖੇ, ਜਿਨ੍ਹਾਂ ਵਿਚੋਂ ਪਹਿਲੀ ਕਰਣਾ ਅਰਥਾਤ ਕ੍ਰਿਪਾ ਹੈ ਜਿਸ ਤੇ ਰਾਜਾ ਪ੍ਰਾਏ ਦੁਖ ਨੂੰ ਦੇਖਕੇ ਢੀਠ ਨਾ ਰਹੇ ਕਿੰਤੂ ਪਰਾਏ ਦੁਖ ਨੂੰ ਦੇਖਕੇ ਉਸ ਪਰ ਕਰਣਾ ਕਰੇ ਜਿਸ ਤੇ ਉਸ ਦਾ ਦੁਖ ਦੂਰ ਕਰਣ ਦਾ ਯਤਨ ਕਰਕੇ ਉਸ ਨੂੰ ਸੁੱਖ ਪ੍ਰਦਾਨ ਕਰੇ, ਜਿੰਨਾਂ ਪਿਛਲਯਾ ਰਾਜਿਆਂ ਨੇ ਕਰਣਾ ਦਾਸੀ ਨਾਲ ਪ੍ਰੇਮ ਕਰਕੇ ਦੁਖੀਆਂ ਦੇ ਦੁਖ ਦੂਰ ਕੀਤੇ ਹਨ, ਉਨਾਂ ਦੇ ਨਾਮ ਅੱਜ ਤੱਕ ਵੱਡੀ ਸ਼ੋਭਾ ਅਤੇ ਇਜ਼ਤ ਦੇ ਨਾਲ ਲਏ ਜਾਂਦੇ ਹਨ ਜੈਸਾ ਕਿ ਰਾਜਾ ਬੀਰ ਬਿਕ੍ਰਮਾਦਤ ਦੇ ਪਰਉਪਕਾਰਾਂ ਦੀ ਕਥਾ ਸੁਣਕੇ ਲੋਗ ਅੱਜ ਤੱਕ ਧੰਨਯ ਕਰਦੇ ਹਨ। ਇਸ ਵਾਸਤੇ ਕਰਣਾ ਦਾ ਹੋਣਾ ਰਾਜਾ ਦੇ ਵਾਸਤੇ ਸਭ ਪਰਕਾਰ ਯਸ਼ ਦਾ ਕਾਰਨ ਹੈ।

ਦੂਸਰੀ ਸਹਚਰੀ ਮੈਤ੍ਰੀ ਹੈ, ਜਿਸ ਦਾ ਭਾਵ ਇਹ ਹੈ ਕਿ ਅਪਣੇ ਸਮਾਨਯਾ ਆਪਣੇ ਹਿਤਕਾਰੀਆਂ ਨਾਲ ਪ੍ਰੇਮ ਦਾ ਰਖਣਾ ਭੀ ਰਾਜਾ ਨੂੰ ਸੁਖ ਦਾ ਸਾਧਨ ਹੁੰਦਾ ਹੈ ਜਿਸ ਤੇ ਪ੍ਰੇਮ ਡਰ ਦੇ ਬਧੇ ਹੋਏ ਵਡੇ ੨ ਮੰਤ੍ਰੀ ਅਰ ਗੁਣੀ ਅਤੇ ਸੂਰਬੀਰ ਪੁਰਖ ਉਸ ਰਾਜੇ ਦੇ ਵਾਸਤੇ ਖੇਤੀ ਦੀ ਵਾੜ ਵਾਂਗ ਸਦਾ ਹੀ ਰੱਖਿਕ ਹੋਕੇ ਸੁਖ ਦੇਂਦੇ ਹਨ।

ਤੀਸਰਾ ਮੁੱਦਤਾ ਰੂਪੀ ਦਾਸੀ ਦਾ ਹੋਣਾ ਰਾਜਾ ਦੇ ਪਾਸ ਬਹੁਤ ਹੀ ਉਚਿਤ

ਹੈ ਜਿਸ ਦਾ ਭਾਵ ਇਹ ਹੈ ਕਿ ਅਪਣੇ ਰਾਜ ਵਿਚ ਯਾ ਕਿਸੇ ਦੂਸਰੇ ਰਾਜਾ ਦੇ ਰਾਜ ਵਿਚ ਕੋਈ ਉਤਮ ਪਦਾਰਥ ਯਾ ਕਿਸੇ ਗੁਣ ਵਾਲੇ ਪੁਰਖ ਨੂੰ ਦੇਖੇ ਯਾ ਸੁਣੇ ਤਦ ਮਤਸਰ ਯਾ ਈਰਖਾ ਨਾ ਕਰੇ ਕਿੰਤੂ ਉਸ ਨੂੰ ਦੇਖ ਸੁਣ ਕੇ ਪ੍ਰਸੰਨ ਹੋਵੇ ਯਾ ਅਪਣੀ ਪ੍ਰਜਾ ਨੂੰ ਸੁਖੀ ਦੇਖਕੇ ਪ੍ਰਸੰਨ ਹੋਵੇ ਅਤੇ ਐਸਾ ਨਾ ਕਰੇ ਜੈਸਾ ਕਿ ਮੁਗਲ ਪਾਤਸ਼ਾਹ ਕਰਦੇ ਸੇ ਕਿ "ਕਿਰਸਾਨ ਭੀ ਗੇਹੂੰ ਖਾਏ ਔਰ ਹਮ ਭੀ" ਜਿਸ ਤੇ ਉਸ ਕਿਰਸਾਨਾਂ ਯਾ ਹੋਰ ਗਰੀਬ ਆਦਮੀਆਂ ਨੂੰ ਅਛਾ ਅਨਾਜ ਖਾਂਦੇ ਦੇਖਕੇ ਈਰਖਾ ਕਰਦੇ ਸੇ, ਜਿਸ ਦਾ ਫਲ ਇਹ ਹੋਇਆ ਜੋ ਲੋਕ ਉਨ੍ਹਾਂ ਦੇ ਇਸ ਜੁਲਮ ਤੋਂ ਦੁੱਖਕੇ ਉਨ੍ਹਾਂ ਦੇ ਨਾਸ ਲਈ ਪਰਮੇਸ਼੍ਵਰ ਅਗੇ ਬੇਨਤੀ ਕਰਦੇ ਸੇ। ਇਸ ਵਾਸਤੇ ਪਰਾਏ ਸੁਖ ਨੂੰ ਦੇਖ ਸੁਣ ਕੇ ਰਾਜਾ ਨੂੰ ਮੁਦੱਤ ਹੋਣਾ ਚਾਹੀਦਾ ਹੈ ਜਿਸ ਮੁਦੱਤ ਦਾਸੀ ਦਾ ਰਖਣਾ ਭੀ ਰਾਜਾ ਨੂੰ ਅਵਸ਼੍ਯ ਹੈ।

ਇਸੀ ਪ੍ਰਕਾਰ ਚੌਥੀ ਉਪੇਖਿਆ ਹੈ ਜਿਸ ਦਾ ਭਾਵ ਇਹ ਹੈ ਕਿ ਬੁਰੇ ਦੁਰਚਾਰੀ ਪੁਰਖਾਂ ਅਤੇ ਕਰਮਾਂ ਦਾ ਰਾਜਾ ਸਦਾ ਹੀ ਤਿਆਗ ਰਖੇ ਕਿਉਂਕਿ ਬੁਰੇ ਪੁਰਖਾਂ ਦੀ ਸੰਗਤ ਅਤੇ ਬੁਰੇ ਕਰਮਾਂ ਦੇ ਕਰਨੇ ਕਰਕੇ ਰਾਜਾ ਦਾ ਯਸ਼ ਇਸ ਪ੍ਰਕਾਰ ਦੂਰ ਹੋ ਜਾਂਦਾ ਹੈ।

ਜਿਸ ਪ੍ਰਕਾਰ ਹਿੰਗ ਦੀ ਸੰਗਤ ਕਰਨ ਕਰਕੇ ਕਸਤੂਰੀ ਦੀ ਸੁਗੰਧੀ ਜਾਂਦੀ ਰਹਿੰਦੀ ਹੈ ਜਿਸ ਰਾਜਾ ਦੇ ਪਾਸ ਇਹ ਚਾਰੇ ਦਾਸੀਆਂ ਹਨ ਸੋ ਰਾਜਾ ਅਪਣੇ ਜੀਵਨ ਵਿਚ ਕਦੇ ਭੀ ਦੁੱਖ ਨਹੀਂ ਪਾਉਂਦਾ।

ਦੋਹਰਾ

ਜਿਉ ਗੁਆਲ ਤ੍ਰਿਣ ਗਊ ਦੇ, ਲੇਤ ਦੂਧ ਮਨ ਭਾਇ॥
ਤਿਉ ਪ੍ਰਜਾ ਸੁਖ ਦੇਤ, ਨ੍ਰਿਪ ਲੇਤ ਸੂਖ ਅਧਕਾਇ।੧੨੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਗਊਆਂ ਦਾ ਮਾਲਕ ਗੁਆਲ ਪਹਿਲੇ ਉਨ੍ਹਾਂ ਨੂੰ ਘਾਸ ਆਦਿਕ ਨਾਲ ਰਜਾਕੇ ਪ੍ਰਸੰਨ ਕਰਦਾ ਹੈ

ਜਿਸ ਦਾ ਫਲ ਫਿਰ ਉਹ ਉਨ੍ਹਾਂ ਤੇ ਮਨ ਭਾਉਂਦਾ ਦੁੱਧ ਦੋਹਕੇ ਭਾਂਡਾ ਭਰਦਾ ਹੈ, ਜੋ ਉਸ ਦੀ ਆਤਮਾ ਨੂੰ ਪ੍ਰਸੰਨ ਕਰਨੇ ਵਾਲਾ ਹੁੰਦਾ ਹੈ ਸੋ ਹੀ ਰਾਜਾ ਆਪਣੀ ਪ੍ਰਜਾ ਨੂੰ ਗਊ ਦੇ ਸਮਾਨ ਸਮਝਕੇ ਉਸ ਦਾ ਪ੍ਰੇਮ ਨਾਲ ਪਾਲਨ ਕਰੇ ਅਰ ਪਰਉਪਕਾਰਤਾ ਅਤੇ ਨਿਯਾਇ ਕਾਰਤਾ ਰੂਪੀ ਘਾਸ ਪਾਕੇ ਉਸ ਨੂੰ ਸੰਤੁਸ਼ਟ ਕਰੇ ਜਿਸ ਤੇ ਮਗਰੋਂ ਉਸ ਤੇ ਮਨ ਬਾਛਰ ਧਨ ਲੈਕੇ ਅਪਣੇ ਖਜਾਨੇ ਭਰ ਸਕਦਾ ਹੈ, ਜਿਸ ਪ੍ਰਕਾਰ ਰੱਜੀ ਹੋਈ ਗਊ ਅਪਨੇ ਰਾਖੇ ਨੂੰ ਆਨੰਦ ਹੋਕੇ ਦੁਧ ਦੇਂਦੀ ਹੈ। ਇਸੇ ਪ੍ਰਕਾਰ ਰਾਜੀ ਯਾ ਸੁਖੀ ਪ੍ਰਜਾ ਭੀ ਆਪਣੇ ਸੁਆਮੀ ਨੂੰ ਵੱਡੇ ਪ੍ਰੇਮ ਨਾਲ ਅਪਣੀ ਜਾਨ ਅਤੇ ਮਾਲ ਦੇਣ ਲਈ ਤਿਆਰ ਰਹਿੰਦੀ ਹੈ, ਤਾਂ ਤੇ ਰਾਜਾ ਨੂੰ ਚਾਹੀਦਾ ਹੈ ਕਿ ਜੋ ਪ੍ਰਜਾ ਨੂੰ ਆਪਣਾ ਵੱਗ ਅਤੇ ਆਪ ਨੂੰ ਉਸ ਦਾ ਪਾਲੀ ਸਮਝ ਕੇ ਉਸ ਦੇ ਸੁੱਖ ਦਾ ਉਪਕਾਰ ਕਰੇ।

ਜਿਸ ਰਾਜਾ ਵਿਚ ਇਹ ਪਵਿਤ੍ਰ ਗੁਣ ਹਨ ਜੋ ਰਾਜਾ ਕਦੇ ਭੀ ਸ਼ਤ੍ਰੂਆਂ ਕਰਕੇ ਪ੍ਰਾਜੈ ਨਹੀਂ ਹੁੰਦਾ ਅਰ ਨਾ ਉਸ ਦੀ ਪ੍ਰਜਾ ਔਖੇ ਸਮਯ ਪਰ ਉਸ ਥੋਂ ਬੇਮੁਖ ਹੁੰਦੀ ਹੈ, ਸਗੋਂ ਅਕਾਲ ਪੁਰਖ ਅਗੇ ਦੋਨੋਂ ਵਕਤ ਬੇਨਤੀ ਕਰਦੀ ਹੈ ਕਿ ਹੇ ਅਕਾਲ ਪੁਰਖ ਆਪ ਇਸ ਨਿਆਇਕਾਰੀ ਸੁਆਮੀ ਨੂੰ ਸਾਡੇ ਸਿਰ ਪਰ ਸਦਾ ਰਖੋ।

ਦੋਹਰਾ

ਜਿਉ ਨਾਹਰ ਕੇ ਤੇਜ਼ ਸੇ, ਜੰਗਲ ਫਲੇ ਅਪਾਰ॥
ਤਿਉਂ ਬਨ ਕੀਰਹ ਆਡ ਮੈਂ, ਕਰ ਹੋ ਸਿੰਘ ਬਹਾਰ।੧੨੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਤਰ੍ਹਾਂ ਜਿਸ ਜੰਗਲ ਵਿਚ ਸ਼ੇਰ ਰਹਿੰਦਾ ਹੈ ਤਦ ਉਸ ਦੇ ਤੇਜ ਪ੍ਰਤਾਪ ਕਰਕੇ ਕੋਈ ਵਾਢੀ ਉਸ ਦੇ ਰੁੱਖਾਂ ਨੂੰ ਨਹੀਂ ਕੱਟਦਾ ਕਿਓਂਕਿ ਉਹ ਜਾਣਦਾ ਹੈ ਕਿ ਜੇ ਮੈਂ ਲਕੜੀ ਬਾਢੀ ਤਦ ਐਸਾ ਨਾ ਹੋਵੇ ਜੋ ਮੈਨੂੰ ਸ਼ੇਰ ਆਣਕੇ ਮਾਰ ਲੈਂਦਾ ਹੋਵੇ। ਇਸ ਤਰ੍ਹਾਂ ਜੰਗਲ ਦੇ ਆਸਰੇ

ਸ਼ੇਰ ਭੀ ਅਨੰਦ ਨਾਲ ਸੋ ਰਹਿੰਦਾ ਹੈ ਕਿਉਂਕਿ ਉਸ ਦਾ ਰਾਖਾ ਸੰਘਣਾ ਬਣ ਜਾਣਕੇ ਉਸ ਦੇ ਮਾਰਨੇ ਵਾਲੇ ਵਾਰ ਕਰਨ ਲਈ ਹੌਸਲਾ ਨਹੀਂ ਕਰਦੇ। ਇਸ ਦ੍ਰਿਸਟਾਂਤ ਦੀ ਤਰ੍ਹਾਂ ਜੋ ਰਾਜਾ ਆਪਣੇ ਨਿਯਾਇ ਤੇ ਪ੍ਰਜਾ ਪਾਲਨ ਆਦਿਕ ਗੁਣਾਂ ਦੇ ਤੇਜ ਯੁਗਤ ਸਿੰਘ ਦੀ ਤਰ੍ਹਾਂ ਆਪਣੀ ਪ੍ਰਜਾ ਵਿੱਚ ਪ੍ਰਸਿੱਧ ਹੈ ਤਦ ਉਹ ਪਰਜਾ ਰੂਪੀ ਧਨ ਦੇ ਕਿਲੇ ਸੇ ਬਿਰਖ ਰੂਪੀ ਪੁਰਖ ਨੂੰ ਕੋਈ ਦੁਖ ਨਹੀਂ ਦੇ ਸਕਦਾ ਕਿਉਂਕਿ ਉਹ ਜਾਣਦਾ ਹੈ ਕਿ ਜੇ ਇਸ ਦੇ ਸੁਆਮੀ ਰਾਜਾ ਨੂੰ ਖਬਰ ਹੋ ਗਈ ਤਾਂ ਮੇਰਾ ਜੀਵਨ ਅਤਿ ਕਠਨ ਹੋ ਜਾਏਗਾ।

ਇਸੇ ਪ੍ਰਕਾਰ ਜਿਸ ਰਾਜਾ ਦੀ ਪ੍ਰਜਾ ਸੰਘਣੇ ਬਣ ਦੀ ਨਿਆਈ ਵਡੀ ਸਮਰਥਾ ਵਾਲੀ ਹੈ ਤਦ ਉਸ ਰਾਜਾ ਦੇ ਸ਼ਤ੍ਰੂ ਭੀ ਅਦਿਕ ਹੀ ਡਰ ਮੰਨਦੇ ਹਨ ਅਰ ਉਸ ਦਾ ਮੁਕਾਬਲਾ ਕਰਨ ਲਈ ਹੌਸਲਾ ਨਹੀਂ ਕਰਦੇ ਕਿਉਂਕਿ ਉਹ ਜਾਣਦੇ ਹਨ ਕਿ ਉਸ ਦੇਸ ਦੀ ਪ੍ਰਜਾ ਆਪਣੇ ਅਦਪਤਿ ਦੀ ਰੱਖਿਆ ਲਈ ਅਪਣੇ ਆਪ ਨੂੰ ਕੁਰਬਾਨ ਕਰਨੇ ਵਾਲੀ ਹੈ। ਇਸ ਵਾਸਤੇ ਰਾਜਾ ਨੂੰ ਆਪਣੀ ਸੁਖ ਦੀ ਉੱਨਤੀ ਲਈ ਪਰਜਾ ਪਾਲਨ ਕਰਕੇ ਇਸ ਤੇ ਉੱਨਤੀ ਕਰਨੀ ਭੀ ਆਪਣੇ ਸੁਖ ਦਾ ਸਾਧਨ ਹੈ।

ਦੋਹਰਾ

ਮਿਤ੍ਰਨ ਕੋ ਸੁਖ ਰੂਪ ਹੋ, ਸਤ੍ਰਨ ਕੋ ਸਮ ਕਾਲ॥
ਦੁਰਜਨ ਕੋ ਭੈ ਭੀਤ ਹੋ, ਪ੍ਰਜਾ ਕੋ ਸਮ ਢਾਲ॥੧੩੦॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਰਾਜਾ ਹਰ ਇਕ ਆਦਮੀ ਨੂੰ ਆਪਣੀ ੨ ਇੱਛਾ ਅਨੁਸ਼ਾਰ ਐਸਾ ਹੀ ਪ੍ਰਤੀਤ ਹੋਣਾ ਚਾਹੀਦਾ ਹੈ ਜਿਸ ਦੇ ਮਿਤ੍ਰ ਉਸ ਨੂੰ ਆਪਣੇ ਸੁਖ ਦਾ ਸਾਧਨ ਸਮਝਣ ਅਤੇ ਦੁਸ਼ਮਣ ਅਪਣੀ ਮੌਤ ਜਾਣਕੇ ਡਰਦੇ ਰਹਿਣ, ਇਸ ਤਰ੍ਹਾਂ ਜੋ ਚੋਰ, ਯਾਰ, ਧਾੜਵੀ ਅਤੇ ਠਗ ਲੋਗ ਹਨ ਉਨ੍ਹਾਂ ਨੂੰ

ਮਹਾਂ ਭਿਆਨਕ ਦੰਡ ਵਾਲਾ ਦਿਖਾਈ ਦੇਵੇ, ਅਤੇ ਪਰਜਾ ਨੂੰ ਆਪਣੀ ਰੱਖਿਯਾ ਦੇ ਕਰਨੇ ਵਾਲਾ ਢਾਲ ਸਮਾਨ ਆਸਰਾ ਦਿਸਦਾ ਹੋਵੇ ਜਿਸ ਰਾਜਾ ਵਿਚ ਅਜਿਹਾ ਸੁਭਾਵ ਅਤੇ ਤੇਜ ਹੈ ਸੋ ਕਦੇ ਭੀ ਆਪਣੇ ਰਾਜ ਦੀ ਹਾਨੀ ਨਹੀਂ ਦੇਖ ਸਕੇਗਾ।

ਦੋਹਰਾ

ਪ੍ਰਜਾ ਨਾਰ ਭੂਪਤ ਪਤੀ, ਤਬ ਪਾਵਤ ਸੁਖ ਸਾਰ॥
ਬਲ ਧਨ ਨਿਯਾਇ ਸਨੇਹ, ਸਹਿ ਧਰਤ ਭੂਪ ਜੋ ਚਾਰ।।੧੩੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਪਰਜਾ ਅਤੇ ਰਾਜਾ ਦਾ ਸਬੰਧ ਇਸਤ੍ਰੀ ਅਤੇ ਪਤੀ ਵਾਲਾ ਹੁੰਦਾ ਹੈ ਜਿਸ ਪ੍ਰਕਾਰ ਜਿਸ ਪੁਰਖ ਦੇ ਪਾਸ ਧਨ ਦੀ ਪ੍ਰਾਪਤੀ, ਸਰੀਰਕ ਬਲ, ਗ੍ਰਿਸਥ ਧਰਮ ਦੇ ਪਾਲਨ ਦਾ ਨਿਯਾਇ ਅਤੇ ਅਪਣੀ ਅਰਧੰਗੀ ਨਾਲ ਪ੍ਰੇਮ ਇਹ ਚਾਰ ਬਾਤਾਂ ਹੁੰਦੀਆਂ ਹਨ ਤਦ ਉਸ ਦੀ ਇਸਤ੍ਰੀ ਉਸ ਪਤੀ ਤੇ ਸਰਬ ਦਾ ਪ੍ਰਸੰਨ ਰਹਿਕੇ ਆਪਣੇ ਪਤਿਬਤ੍ਰ ਧਰਮ ਨੂੰ ਪਾਲਨ ਕਰਦੀ ਹੋਈ ਸਦਾ ਹੀ ਅਨੰਦ ਨਾਲ ਅਧੀਨ ਰਹਿੰਦੀ ਹੈ ਅਤੇ ਜਿਸ ਤਦੇ ਪਤੀ ਵਿੱਚ ਇਨ੍ਹਾਂ ਗੁਣਾਂ ਵਿੱਚੋਂ ਕੋਈ ਭੀ ਗੁਣ ਨਾ ਹੋਵੇ ਉਸ ਥੋਂ ਉਸ ਦੀ ਇਸਤ੍ਰੀ ਚਿਤੋ ਕਦੇ ਭੀ ਪ੍ਰਸੰਨ ਨਹੀਂ ਹੁੰਦੀ ਅਰ ਉਹ ਆਪਣੀ ਲੋਕ ਲਜਾ ਅਤੇ ਨਿਰਬਲਤਾ ਦੇ ਅਧੀਨ ਹੋਈ ਹੋਈ ਦੁੱਖ ਵਿੱਚ ਦਿਨ ਕੱਟਦੀ ਹੈ।

ਇਸੀ ਪ੍ਰਕਾਰ ਜਿਸ ਰਾਜਾ ਪਾਸ ਚੰਗੀ ਸਮਰਥਾ ਅਰ ਖਜਾਨੇ ਵਿੱਚ ਅਗਿਤ ਧਨ ਹੋਣ ਦੀ ਸਮਰਥਾ, ਨਿਆਇ ਦੁਆਰੇ ਯਥਾ ਜੋਗ ਦੰਡ ਦੇਣ ਦੀ ਸਮਰਥਾ ਅਤੇ ਪ੍ਰਜਾ ਦੇ ਊਚ ਨੀਚ ਨਾਲ ਪ੍ਰੇਮ ਰਖਣ ਦੀ ਸਮਰਥਾ ਹੈ ਉਸ ਰਾਜਾ ਦੀ ਪਰਜਾ ਸਦਾ ਹੀ ਉਸ ਦੇ ਅਧੀਨ ਰਹਿਕੇ ਆਨੰਦ ਰਹਿੰਦੀ ਹੈ ਅਤੇ ਕਦੇ ਭੀ ਉਸ ਥੋਂ ਕੋਈ ਬੁਰਾ ਖਿਆਲ ਨਹੀਂ ਕਰਦੀ ਪਰੰਤੂ ਜਿਸ ਰਾਜਾ ਪਾਸ ਇਨ੍ਹਾਂ ਗੁਣਾਂ ਵਿਚੋਂ ਕੋਈ ਗੁਣ ਭੀ ਨਹੀਂ ਹੋ ਯਾ ਕਿਸੇ ਗੁਣ ਦੀ ਕਮੀ ਹੈ ਸੋ ਰਾਜਾ ਆਪਣੀ ਪਰਜਾ ਦੀ ਦ੍ਰਿਸ਼ਟੀ ਵਿਚ ਕਦੇ ਭੀ ਸੋਭਾ ਦੇ ਜੋਗ ਨਹੀਂ ਹੁੰਦਾ। ਇਸ ਵਾਸਤੇ ਰਾਜਾ

ਨੂੰ ਚਾਹੀਦਾ ਹੈ ਜੋ ਜਿਸ ਤਰ੍ਹਾਂ ਅਪਣੀਆਂ ਲੋੜਾਂ ਨੂੰ ਪਰਜਾ ਦੇ ਹਥੋਂ ਪੂਰੀਆਂ ਕਰਦਾ ਹੈ ਇਸੀ ਤਰਾਂ ਪਰਜਾ ਦੀਆਂ ਲੋੜਾਂ ਭੀ ਪੂਰੀਆਂ ਕਰਨਾ ਉਸ ਦਾ ਧਰਮ ਹੈ ਜੋ ਪੂਰੀਆਂ ਕਰੇ।

ਦੋਹਰਾ

ਕੁੰਭਾਰ ਕਰ ਦੁਹਨ ਤੇ, ਬਾਸਨ ਕਰੇ ਸੰਭਾਰ॥
ਤਿਉ ਨ੍ਰਿਪ ਕਰਨਾ ਨਿਆਇ, ਤੇ ਪ੍ਰਜਾ ਪਾਲਨ ਹਾਰ।੧੩੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਘੁਮ੍ਹਾਰ, ਜਦ ਘੜਾ ਬਣਾਉਂਦਾ ਹੈ, ਤਦ ਇੱਕ ਹੱਥ ਅੰਦਰ ਰੱਖਕੇ ਉਸ ਨੂੰ ਆਸਰਾ ਦੇਂਦਾ ਹੈ ਅਰ ਦੂਜੇ ਨਾਲ ਬਥੂਆ ਮਾਰਕੇ ਉਸ ਦੇ ਚਿਬ ਕਢਦਾ ਹੈ। ਇਸੇ ਪ੍ਰਕਾਰ ਰਾਜਾ ਨੂੰ ਭੀ ਚਾਹੀਦਾ ਹੈ ਕਿ ਅੰਦਰਲਾ ਹੱਥ ਤਾਂ ਪ੍ਰਜਾ ਪਰ ਕ੍ਰਿਪਾ ਦਾ ਰਖੇ ਅਤੇ ਬਾਹਰ ਇਨਸਾਫ ਦੇ ਹਥ ਵਿਚੋਂ ਸਾਧਨਾਂ ਦਾ ਬਥੂਆ ਲੈਕੇ ਹਰ ਇਕ ਨੂੰ ਯਥਾ ਜੋਗ ਸਾਧਨਾਂ ਕਰੇ ਜਿਸ ਤੇ ਉਸ ਦੇ ਬਰਤਨ ਰੂਪੀ ਪਰਜਾ ਨੂੰ ਕਿਸੇ ਪ੍ਰਕਾਰ ਦੀ ਕਮੀ ਨਾ ਪਹੁੰਚੇ, ਜਿਸ ਰਾਜਾ ਦੇ ਵਿਚ ਇਹ ਸੁਭਾਵ ਹੈ ਉਸ ਦੀ ਪਰਜਾ ਕਦੇ ਭੀ ਦੁਖੀ ਨਹੀਂ ਹੁੰਦੀ ਅਤੇ ਉਸ ਤੇ ਉਪਦ੍ਰਵ ਭੀ ਨਹੀਂ ਹੋਣੇ ਪਾਉਂਦੇ ਤਾਂ ਤੇ ਰਾਜਾ ਨੂੰ ਐਸਾ ਗੁਣ ਧਾਰਨਾ ਅਵਸ਼ੇ ਹੈ।

ਦੋਹਰਾ

ਪ੍ਰਜਾ ਪੂਤ ਨ੍ਰਿਪ ਪਿਤਾ ਸਮ, ਪਾਲਨ ਕਰੇ ਸਦੀਵ॥
ਪੋਖਨ ਸਾਸਨ ਜੁਗਲ ਕਰੀ, ਸੁਖੀ ਕਰੇ ਨਿਜ ਜੀਵ।੧੩੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਪਿਤਾ ਆਪਣੇ ਪੁਤਰ ਦੀ ਸਦਾ ਹੀ ਸ਼ੋਭਾ ਅਰ ਉਨੱਤੀ ਚਾਹੁੰਦਾ ਹੈ, ਅਰ ਉਸ ਦੇ ਸੁਖ ਵਾਲੇ ਸਾਧਨਾਂ ਨੂੰ ਆਪਣੇ ਅਨੰਦ ਦਾ ਸਾਧਨ ਜਾਣਦਾ ਹੈ, ਅਰ ਉਸ ਦੇ ਸੁੱਖ ਲਈ ਸੈਂਕੜੇ ਕਸ਼ਟ ਸਹਾਰਕੇ ਉਪਾਯ ਕਰਦਾ ਹੈ, ਅਰ ਖਿਆਲ ਕਰਦਾ ਹੈ ਕਿ ਇਸ ਦੇ

ਸੁਖ ਤੇ ਹੀ ਮੇਰਾ ਸੁੱਖ ਹੈ, ਅਰ ਮੇਰਾ ਨਿਰਭਰ ਇਸੇ ਦੀ ਆਨੰਦਤਾਈ ਪਰ ਹੈ, ਪਰੰਤੂ ਜਦ ਉਹ ਬਾਲਕ ਕੋਈ ਮਨ ਮਤ ਕਰਕੇ ਉਲਟਾ ਚਲਦਾ ਹੈ, ਤਦ ਉਸ ਨੂੰ ਅਜੇਹੀ ਸਾਧਨਾ ਅਰਥਾਤ ਤਾੜਨਾ ਕਰਦਾ ਹੈ, ਜਿਸ ਤੇ ਉਸ ਵਿੱਚ ਕਦੇ ਭੀ ਉਸ ਅਪਰਾਧ ਦੇ ਕਰਨੇ ਦੀ ਇੱਛਾ ਉਤਪਤ ਨਾ ਹੋਵੇ।

ਇਸੇ ਪ੍ਰਕਾਰ ਰਾਜਾ ਨੂੰ ਚਾਹੀਦਾ ਹੈ ਕਿ ਆਪਣੀ ਪਰਜਾ ਲਈ ਜੋ ਸੁਖ ਦੇ ਸਾਧਨ ਹਨ, ਸੋ ਆਪਣੇ ਪਰ ਕਸ਼ਟ ਸਹਾਰ ਕੇ ਭੀ ਕਰੇ, ਜੈਸਾ ਕਿ ਸੜਕਾਂ, ਨਹਿਰਾਂ ਅਤੇ ਸੌਦਾਗਰੀ ਆਦਿਕ ਦਾ ਪ੍ਰਚਾਰ ਕਰਨੇ ਸੇ ਪ੍ਰਜਾ ਬਹੁਤ ਹੀ ਧਨ ਪਰਾਪਤ ਕਰਕੇ ਸੁੱਖ ਪਾਏ ਸਕਦੀ ਹੈ। ਇਸੇ ਤਰ੍ਹਾਂ ਵਿੱਦਿਯਾ ਦਾ ਪਰਬੰਧ ਅਜੇਹਾ ਕਰੇ, ਜੋ ਉਹ ਵਿੱਦਿਯਾ ਪਾਕੇ ਪਰਜਾ ਦੇ ਲੋਗ ਰਾਜਾ ਦੇ ਰਾਜ ਭਾਗ ਵਿਚ ਸਹਾਈ ਹੋਣ, ਅਰ ਉਨੱਤੀ ਦੇ ਉਪਾਇ ਸੋਚਣ। ਪਰੰਤੂ ਜਦ ਦੇਖੇ ਕਿ ਕਦੇਂ ਪਰਜਾ ਅਜੇਹੇ ਢੰਗ ਪਰ ਆਉਣ ਲਈ ਯਤਨ ਕਰਦੀ ਹੈ, ਜੋ ਰਾਜ ਦੇ ਅਮਨ ਵਿਚ ਖਲਲ ਪਾਉਣ ਦਾ ਸਾਧਨ ਹੈ, ਤਦ ਅਜੇਹਾ ਦੰਡ ਆਦਿਕ ਸਾਧਨ ਦੇਵੇ, ਜੋ ਮੁੜ ਕੇ ਕਦੇ ਨਾ ਕਰੇ।

ਦੋਹਰਾ

ਜਿਉਂ ਮਾਲੀ ਨਿਜ ਬਾਗ ਕੋ, ਕਰਤ ਸੋਧ ਭਲ ਭਾਂਤ॥
ਤਿਉਂ ਰਾਜਾ ਪਰਜਾ ਸਧੈ, ਲਖ ਕਰ ਸਭ ਬ੍ਰਿਤਾਂਤ।੧੩੪॥

ਇਸ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬਾਗਵਾਨ ਬਾਗ ਦੇ ਹਰ ਇੱਕ ਬੂਟੇ ਦੇ ਗੁਣਾਂ ਅਤੇ ਔਗੁਣਾਂ ਨੂੰ ਜਾਣਦਾ ਹੈ ਅਰ ਬਾਗ ਦੀ ਸੁੰਦ੍ਰਤਾ ਦੇ ਵਾਸਤੇ ਜਿਸ ੨ ਜਗ੍ਹਾਂ ਦੇ ਜੋ ਜੋ ਬੂਟਾ ਜੋਗ ਹੈ ਉਸੇ ਉਸੇ ਜਗ੍ਹਾਂ ਪਰ ਲਗਾ ਕੇ ਬਾਗ ਦਾ ਲਾਭ ਉਠਾਉਂਦਾ ਹੈ, ਪਰੰਤੂ ਜੇ ਉਹ ਚੰਬੇ, ਕੇਤਕੀ ਅਤੇ ਮੋਤੀਏ ਦੀ ਜਗ੍ਹਾਂ ਕਰੰਜੂਆਂ ਅਤੇ ਇਰੰਡ ਅਰ ਇਰੰਡ ਅਤੇ ਕਰੰਜੂਏ ਦੇ ਥਾਇ ਪਰ ਚੰਬਾ ਯਾ ਮੋਤੀਆ ਬੀਜ ਦੇਵੇ ਅਤੇ ਇਸੇ ਤਰ੍ਹਾਂ ਅੰਬ ਅਨਾਰ ਦੀ ਜਗਾ ਸਿੰਬਲ ਖੰਜੂਰ ਅਤੇ ਉਨ੍ਹਾਂ ਦੀ

ਜਗ੍ਹਾ ਅੰਬ ਅਨਾਰ ਲਗਾ ਦੇਵੇ ਤਦ ਉਸ ਬਾਗ ਦੀ ਸੋਭਾ ਅਰ ਮਨ ਭਾਉਂਦੇ ਫਲ ਅਰ ਫੁਲਾਂ ਦੀ ਪ੍ਰਾਪਤੀ ਨਹੀਂ ਹੁੰਦੀ। ਇਸੇ ਵਾਸਤੇ ਉਹ ਬਾਗਵਾਨ ਉਨ੍ਹਾਂ ਬਿਰਖਾਂ ਨੂੰ ਜਿਨ੍ਹਾਂ ਨੂੰ ਨਾ ਫਲ ਚੰਗਾ ਲਗਦਾ ਹੈ ਅਰ ਨਾ ਫੁਲ ਹੀ ਸੁਗੰਧੀ ਵਾਲੇ ਹੁੰਦੇ ਹਨ ਪੱਟ ਕੇ ਬਾਹਰ ਮਾਰਦਾ ਹੈ। ਇਸੇ ਪ੍ਰਕਾਰ ਰਾਜਾ ਬੀ ਅਪਣੀ ਪਰਜਾ ਨੂੰ ਬਾਗ ਸਮਾਨ ਜਾਣਕੇ ਆਪ ਨੂੰ ਉਸ ਦਾ ਬਾਗਵਾਨ ਸਮਝੇ, ਜਿਸ ਤੇ ਹਰ ਇੱਕ ਪੁਰਖ ਤਾਈਂ ਉਸ ਦੇ ਜੋਗ ਕੰਮ ਦੇਕੇ ਆਪਣਾ ਲਾਭ ਉਠਾਏ, ਅਰ ਆਪਣੇ ਰਾਜ ਰੂਪੀ ਬਾਗ ਨੂੰ ਸੁਭਾਇਮਾਨ ਕਰੇ। ਪਰੰਤੂ ਜੇ ਰਾਜਾ ਇਸ ਵਿਵੇਚਨ ਤੇ ਬਿਨਾਂ ਹਰ ਇੱਕ ਪੁਰਖ ਨੂੰ ਉਸ ਦੇ ਗੁਣ ਅਤੇ ਔਗੁਣ ਦੇਖੇ ਬਿਨਾਂ ਰਾਜ ਸਬੰਧੀ ਕੰਮ ਦੇਵੇਗਾ, ਤਦ ਰਾਜ ਬਿਵਹਾਰ ਵਿੱਚ ਬਹੁਤ ਸਾਰੀ ਗੜਬੜ ਮੱਚ ਜਾਵੇਗੀ। ਇਸ ਵਾਸਤੇ ਹਰ ਇੱਕ ਨੂੰ ਯਥਾ ਜੋਗ ਕੰਮ ਦੇਣਾ ਚਾਹੀਏ। ਇਸ ਤੇ ਬਿਨਾਂ ਜੋ ਲੋਗ ਰਾਜ ਵਿੱਚ ਹਾਨੀਕਾਰਕ ਹੋਣ, ਅਰ ਉਨ੍ਹਾਂ ਤੇ ਪਰਜਾ ਨੂੰ ਕੁਝ ਭੀ ਲਾਭ ਨਾ ਪਹੁੰਚੇ। ਉਹ ਉਪਾਧੀਆਂ ਦਾ ਕਾਰਨ ਹੋਣ ਤਾਂ ਉਨ੍ਹਾਂ ਨੂੰ ਪਰਜਾ ਤੇ ਜੁਦਾ ਕਰ ਦੇਵੇ, ਅਰ ਐਸਾ ਪਰਬੰਧ ਕਰੇ, ਜਿਸ ਤੇ ਉਹ ਦੁਖ ਨਾ ਦੇ ਸਕਣ, ਜੋ ਰਾਜਾ ਇਸ ਪ੍ਰਕਾਰ ਦੀ ਬੁਧਿ ਮੱਤ ਨਾਲ ਆਪਣੇ ਰਾਜ ਦਾ ਪ੍ਰਬੰਧ ਕਰੇਗਾ, ਸੋ ਸਦਾ ਹੀ ਨਿਸਤਾਪ ਰਹੇਗਾ।

ਦੋਹਰਾ

ਜੋ ਨ੍ਰਿਪ ਤੇਲੀ ਸਮ ਕਰੇ, ਰਕਤ ਪ੍ਰਜਾ ਕੋ ਪਾਨ॥
ਤਾਂ ਕੋ ਨਿਸਚੇ ਕਰ ਨਹੀਂ, ਰਹਿਤ ਰਾਜ ਕਲਯਾਨ।੧੩੫॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਤੇਲੀ ਤਿਲਾਂ ਨੂੰ ਕੋਹਲੂ ਦੇ ਵਿਚ ਪਾਕੇ ਪੀੜ ਦੇਂਦਾ ਹੈ ਅਰ ਉਨ੍ਹਾਂ ਵਿਚੋਂ ਤੇਲ ਕੱਢਕੇ ਖਲ ਨੂੰ ਸੁੱਟ ਦੇਂਦਾ ਹੈ ਜਿਸ ਤੇ ਉਹ ਫੇਰ ਉਗੱਨ ਜੋਗੀ ਨਹੀਂ ਰਹਿੰਦੀ।

ਇਸੇ ਤਰ੍ਹਾਂ ਜੋ ਰਾਜਾ ਅਪਣੀ ਪਰਜਾ ਨੂੰ ਤੇਲੀ ਵਾਂਗ ਅਧੀਨ ਕਰਕੇ ਉਨ੍ਹਾਂ ਦੇ ਧਨ ਰੂਪੀ ਤੇਲ ਨੂੰ ਜ਼ੁਲਮ ਨਾਲ ਖੋਹ ਲੈਂਦਾ ਹੈ ਉਸ ਰਾਜਾ ਦੀ ਪਰਜਾ

ਨ੍ਰਿਧਨ ਹੋਕੇ ਕੁਝ ਭੀ ਸਮਰਥਾ ਨਹੀਂ ਰੱਖਦੀ, ਅਰ ਸਮਯ ਬਨੇ, ਪਰ ਉਸ ਨੂੰ ਕਿਸੇ ਪ੍ਰਕਾਰ ਦੀ ਸਹਾਇਤਾ ਨਹੀਂ ਦੇਂਦੀ।

ਜਿਸ ਦੇ ਦ੍ਰਿਸ਼ਟਾਂਤ ਇਸ ਦੇਸ ਦੇ ਕਈ ਰਹੀਸਾਂ ਦੇ ਸਾਡੇ ਸੁਨਣੇ ਵਿੱਚ ਆਉਂਦੇ ਹਨ। ਜੈਸਾ ਕਿ ਇਕ ਅਮੀਰ ਦਾ ਇਹ ਕੰਮ ਸੀ ਕਿ ਆਪਣੇ ਰਾਜ ਵਿਚ ਧਨੀ ਨੂੰ ਲੁਟ ਲੈਂਦਾ ਸੀ। ਪਰੰਤੂ ਇਕ ਸ਼ਾਹੂਕਾਰ ਕਿਸੇ ਦਾਉ ਹੇਠ ਨਾ ਆਯਾ, ਜਿਸ ਨੂੰ ਉਹ ਲੁੱਟ ਨਾ ਸਕਿਆ। ਇੱਕ ਵੇਰ ਆਪਣੀ ਅਸਵਾਰੀ ਓਧਰ ਨੂੰ ਲੈ ਗਿਆ ਅਰ ਉਸ ਦੀ ਦੁਕਾਨ ਪਰ ਜਾਕੇ ਹੁਕਮ ਦਿਤਾ ਇਸ ਨੂੰ ਲੁਟ ਲਵੋ, ਜਿਸ ਪਰ ਸ਼ਾਹੂਕਾਰ ਨੇ ਆਖਿਆ ਕਿ ਜੀ ਮੈਂ ਕੋਈ ਗੁਨਾਹ ਨਹੀਂ ਕੀਤਾ, ਜਿਸ ਦਾ ਉੱਤਰ ਉਨ੍ਹਾਂ ਨੇ ਇਹ ਦਿਤਾ ਕਿ ਜੇ ਤੂੰ ਸਾਰੀ ਉਮਰ ਕੋਈ ਗੁਨਾਹ ਨਹੀਂ ਕਰੇਂ, ਰਮਤਾ ਕਿਹਾ ਮੈਂ ਤੈਨੂੰ ਛੱਡੀ ਰਖਾਂਗਾ, ਇਤਨਾ ਆਖਕੇ ਲੁੱਟ ਪੁੱਟ ਲੀਤਾ, ਅਰ ਉਹ ਰੋਂਦਾ ਹੀ ਰਹਿ ਗਿਆ। ਪਰੰਤੂ ਅੱਜ ਕੱਲ ਅਜੇਹੇ ਰਹੀਸਾਂ ਦਾ ਰਾਜ ਤਾਂ ਕਿਧਰੇ ਰਿਹਾ, ਨਾਮ ਤੱਕ ਭੀ ਗੁੰਮ ਹੁੰਦਾ ਜਾਂਦਾ ਹੈ, ਅਰ ਉਨ੍ਹਾਂ ਦੀ ਪਰਜਾ ਨੇ ਉਸ ਦੀ ਹਕੂਮਤ ਨੂੰ ਬੁਰੇ ਦਿਨਾਂ ਵਾਂਗੂੰ ਸਿਰੋਂ ਦੂਰ ਕਰਕੇ ਸੁੱਖ ਪਾਇਆ ਹੈ, ਇਸ ਵਾਸਤੇ ਰਾਜਾ ਨੂੰ ਚਾਹੀਦਾ ਹੈ ਕਿ ਅਨਿਯਾਇ ਡੰਡ ਨਾ ਦੇਵੇ।

ਦੋਹਰਾ

ਜੋ ਰਾਜਾ ਨਿਜ ਪ੍ਰਜਾ ਕੋ, ਕਰਤ ਹਵਾਲੇ ਔਰ॥
ਸੋ ਪਰ ਧਨ ਸਮ ਜਾਨ ਤਹਿ, ਲੂਟ ਲੇਤ ਅਤਿ ਦੌਰ।੧੩੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਰਾਜਾ ਆਪਣੀ ਪਰਜਾ ਨੂੰ ਕਿਸੇ ਦੂਸਰੇ ਦੇ ਹਵਾਲੇ ਕਰਕੇ ਇਹ ਚਾਹੇ ਕਿ ਇਹ ਇਸ ਦਾ ਪਰਬੰਧ ਕਰਨ ਅਰ ਮੈਂ ਆਪਣਾ ਅਨੰਦ ਭੋਗਾਂ, ਤਦ ਉਹ ਲੋਗ ਮਨ ਵਿੱਚ ਇਹ ਖਿਆਲ ਕਰਕੇ ਕਿ ਇਹ ਸਾਡੀ ਤਾਂ ਹੈ ਹੀ ਨਹੀਂ।

ਕਿੰਤੂ ਕੁਝ ਕਾਲ ਵਾਸਤੇ ਸਾਡੇ ਹੱਥ ਆ ਗਈ ਹੈ ਇਸ ਵਾਸਤੇ ਹੁਣ

ਵੇਲਾ ਹੈ ਕਿ ਜਿਤਨਾ ਹੋ ਸਕੇ ਇਸ ਨੂੰ ਤਾੜ ਲਈਏ ਉਹ ਲੋਗ ਲੁੱਟਣ ਲੱਗ ਜਾਂਦੇ ਹਨ, ਅਰ ਸੁੱਨੇ ਘਰ ਵਿੱਚ ਜਿਸ ਤਰ੍ਹਾਂ ਚੋਰ ਧਸਕੇ ਉਸ ਦਾ ਮਨ ਭਾਉਂਦਾ ਖੇਂਦਾ ਕਰਦਾ ਹੈ, ਇਸੇ ਤਰ੍ਹਾਂ ਰਾਜਾ ਨੂੰ ਉਪਰਾਮ ਦੇਖਕੇ ਉਹ ਲੋਗ ਉਸ ਦੇ ਪਰਜਾ ਰੂਪੀ ਘਰ ਨੂੰ ਮਨ ਭਾਉਂਦਾ ਲੁੱਟਨ ਲੱਗ ਜਾਂਦੇ ਹਨ। ਪਿਛਲੇ ਸਮਿਆਂ ਵਿਚ ਰਾਜੇ ਅਪਣੇ ਰਾਜ ਦੇ ਇਲਾਕਿਆਂ ਨੂੰ ਅਜਰੇ ਦੇਂਦੇ ਸਨ, ਜਿਸ ਤੇ ਉਹ ਕਿਸੇ ਨੇ ਕਿਸੇ ਐਹਿਲਕਾਰ ਨੂੰ ਇਹ ਆਖਦੇ ਸੇ ਕਿੰਤੂ ਸਾਨੂੰ ਇਤਨਾ ਰੁਪਯਾ ਦੇ ਦੇਂਦੇ ਅਰ ਇਹ ਪ੍ਰਗਨਾ ਇਤਨੇ ਚਿਰ ਤੇਰੇ ਹਵਾਲੇ ਹੈ ਸੋ ਜਿਤਨਾਂ ਤੂੰ ਇਸ ਪਾਸੋਂ ਲੈ ਲੈਵੇਂ ਸੋ ਤੇਰਾ ਹੈ ਇਸ ਪਰ ਉਹ ਲੋਗ ਜੋ ਨਗ੍ਰਾਂ ਦੀ ਦੁਰਦਿਸ਼ਾ ਕਰਦੇ ਹੁੰਦੇ ਸੇ ਸੋ ਕਥਨ ਤੇ ਬਾਹਰ ਹੈ ਜਿਸ ਤੇ ਦੁਖੀ ਲੋਗਾਂ ਦੀ ਦੁਖ ਦੀ ਆਹਾ ਅੱਗ ਦੇ ਅੰਗਾਰੇ ਸਮਾਨ ਤਪਕੇ ਆਸਮਾਨ ਨੂੰ ਜਾਂਦੀਆਂ ਸਨ ਅਰ ਜਿਸ ਦਾ ਫਲ ਇਹ ਹੋਆ ਜੋ ਇਹ ਰਸਮ ਹਮੇਸ਼ਾਂ ਦੇ ਵਾਸਤੇ ਦੂਰ ਹੋ ਗਈ, ਅੱਜ ਕੱਲ ਭਾਵੇਂ ਪਰਜਾ ਅਜੇਹੇ ਦੁੱਖ ਤੇ ਤਾਂ ਦੁੱਖੀ ਨਹੀਂ ਹੈ ਪਰੰਤੂ ਫਿਰ ਭੀ ਇਸ ਤਰ੍ਹਾਂ ਦਾ ਹਾਲ ਅਜੇ ਭੀ ਹੈ, ਜੋ ਕਈ ਕਿ ਰਾਜੇ ਮਹਾਰਾਜੇ ਅਤੇ ਨਵਾਬ ਆਪ ਤਾਂ ਰਾਜ ਦੇ ਕੰਮਕਾਰ ਵਲੋਂ ਹਥ ਧੋ ਛਡੇ ਹਨ, ਅਰ ਆਪਣੇ ਐਹਿਲਕਾਰਾਂ ਨੂੰ ਆਪਣੀ ਪਦਵੀ ਦੇ ਦਿਤੀ ਹੈ, ਜਿਸ ਤੇ ਪਰਜਾ ਨੂੰ ਕਈ ਪਰਕਾਰ ਦੇ ਕਲੇਸ਼ ਭੋਗਣੇ ਪੈਂਦੇ ਹਨ, ਇਸ ਵਾਸਤੇ ਜੋ ਰਾਜਾ ਆਪਣੀ ਪਰਜਾ ਦਾ ਆਪ ਪਰਬੰਧ ਨਹੀਂ ਕਰੇ, ਸੋ ਕਦੇ ਭੀ ਯਸ਼ ਨਹੀਂ ਲਏਗਾ।

ਦੋਹਰਾ

ਜਿਉਂ ਰਵਿ ਕ੍ਰਿਨ ਪ੍ਰਭਾਵ ਤੇ, ਲੇਤ ਨੀਰ ਧਰ ਸੈਨ।।
ਪੁਨ ਤਿਸ ਕੇ ਸੁਖ ਦੇਨ ਹਿਤ, ਬਰਖਤ ਹੋ ਘਨ ਗੋਨ।।੧੩੭।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਤਰ੍ਹਾਂ ਸੂਰਜ ਅਪਣੀਆਂ ਕਿਰਨਾ ਦਵਾਰੇ ਜਦ ਪ੍ਰਿਥਵੀ ਤੇ ਜਲ ਖਿੱਚਦਾ ਹੈ ਤਦ ਕਿਸੇ ਨੂੰ ਭੀ ਖਬਰ ਨਹੀਂ

ਹੁੰਦੀ ਅਰ ਨਾ ਕਿਸੇ ਪ੍ਰਕਾਰ ਦਾ ਕੋਈ ਬੁਰਾ ਹੀ ਖਿਆਲ ਕਰਦਾ ਹੈ ਪਰੰਤੂ ਜਦ ਉਹ ਧਰਤੀ ਸੁਕ ਜਾਂਦੀ ਹੈ ਅਰ ਉਸ ਦੇ ਹਰੇ ਹਰੇ ਪੌਦੇ ਅਰ ਸੁੰਦਰ ਸੁੰਦਰ ਫੂਲ ਕਮਲਾ ਜਾਂਦੇ ਹਨ ਤਦ ਸੂਰਜ ਆਪਣੀ ਗਰਮੀ ਦੀ ਸਮਰਥਾ ਨਾਲ ਅਜਿਹੀ ਘੱਟਾ ਅਕਾਸ਼ ਵਿੱਚ ਪੈਦਾ ਕਰਕੇ ਵਰਸਾਉਂਦਾ ਹੈ ਜੋ ਧਰਤੀ ਪਰ ਜਲ ਥਲ ਕਰ ਦੇਂਦਾ ਹੈ ਜਿਸ ਤੇ ਸਾਰੀ ਸੁਕੀ ਹੋਈ ਜਮੀਨ ਮੁੜ ਕੇ ਫੇਰ ਹਰੀ ਭਰੀ ਅਰ ਸੋਹਾਵਣੀ ਹੋ ਜਾਂਦੀ ਹੈ।

ਇਸੇ ਪ੍ਰਕਾਰ ਰਾਜਾ ਨੂੰ ਭੀ ਚਾਹੀਦਾ ਹੈ ਕਿ ਅਪਣੇ ਨਿਯਾਈ ਰੂਪੀ ਕ੍ਰਿਨ ਨਾਲ ਪ੍ਰਜਾ ਤੇ ਇਸ ਤਰ੍ਹਾਂ ਧਨ ਲੈਕੇ ਸੰਚਨ ਕਰੇ ਜਿਸ ਤੇ ਕੋਈ ਬੁਰਾ ਨਾ ਮੰਨੇ ਪਰ ਅਰ ਕਿਸੇ ਨੂੰ ਭੀ ਇਹ ਖਿਆਲ ਨਾ ਹੋਵੇ ਕਿ ਰਾਜਾ ਅਨਿਯਾਈ ਨਾਲ ਸਾਡੇ ਖ਼ੂਨ ਨਿਚੋੜਦਾ ਹੈ ਪਰੰਤੂ ਜਦ ਪਰਜਾ ਪਰ ਕੋਈ ਬਿਪਤਾ ਆਈ ਦੇਖੇ ਜੈਸਾ ਕਿ ਕੁਰ ਭਿੰਖ ਅਰਥਾਤ ਕਾਲਯਾ ਕਿਸੇ ਪਰਕਾਰ ਭੀ ਬੀਮਾਰੀ ਤਦ ਰਾਜਾ ਨੂੰ ਚਾਹੀਦਾ ਹੈ ਕਿ ਇਸ ਧਨ ਨੂੰ ਬੱਦਲ ਦੀ ਤਰ੍ਹਾਂ ਵਰਸਾ ਕੇ ਅਪਣੀ ਪ੍ਰਜਾ ਰੂਪੀ ਧਰਤੀ ਨੂੰ ਖ਼ੁਸ਼ ਕਰੇ ਜਿਸ ਰਾਜਾ ਵਿੱਚ ਅਜਿਹੇ ਗੁਣ ਹੌਣਗੇ ਸੋ ਜਰੂਰੀ ਹੈ ਕਿ ਅਪਣੇ ਨਾਮ ਨੂੰ ਸੰਸਾਰ ਪਰ ਨੇਕੀ ਨਾਲ ਛੱਡ ਜਾਏਗਾ ਅਰ ਦੂਸਰੇ ਉਸ ਤੇ ਸਿੱਖਿਆ ਲੈਣਗੇ।

ਜੋ ਦੇਖਣ ਅਤੇ ਸੁਨਣ ਵਿਚ ਹੋਰ ਹੁੰਦੇ ਹਨ ਅਤੇ ਜਦ ਮਨ ਦੇਕੇ ਉਨ੍ਹਾਂ ਪਰ ਵਿਚਾਰ ਕੀਤੀ ਜਾਂਦੀ ਹੈ ਤਦ ਉਹ ਹੋਰ ਹੀ ਭਾਵ ਪ੍ਰਗਟ ਕਰਦੇ ਇਸ ਵਾਸਤੇ ਜੋ ਰਾਜਾ ਸਰਵਨ ਨੇਤ੍ਰ ਅਤੇ ਮਨ ਨੂੰ ਸਵਾਧਾਨ ਰੱਖਕੇ ਰਾਜ ਪ੍ਰਬੰਧ ਕਰਦਾ ਹੈ ਸੋ ਕਦੇ ਭੀ ਧੋਖਾ ਨਹੀਂ ਖਾਂਦਾ ਅਰ ਜੋ ਇਨ੍ਹਾਂ ਤਿੰਨਾਂ ਵਿਚੋਂ ਕਿਸੇ ਇਕ ਇੰਦ੍ਰੇ ਨੂੰ ਭੀ ਸਿਥਲ ਕਰ ਦੇਂਦਾ ਹੈ ਉਸ ਨੂੰ ਹੁਸ਼ਿਯਾਰ ਮੰਤ੍ਰੀ ਯਾ ਨਕਟ ਵਾਸੀ ਧੋਖਾ ਦੇਕੇ ਨਿਯਾਇ ਤੇ ਅਨਿਯਾਈ ਕਰਾ ਸਕਦੇ ਹਨ ਅਰ ਉਸ ਨੂੰ ਪਤਾ ਨਹੀਂ ਲਗਦਾ ਕਿ ਮੈਂਨੇ ਅਨਿਯਾਇ ਕੀਤਾ ਹੈ ਤਾਂ ਤੇ ਰਾਜਾ ਨੂੰ ਸਦਾ ਹੀ ਸਵਾਧਾਨ ਰਹਿਣਾ ਚਾਹੀਦਾ ਹੈ॥

ਦੋਹਰਾ

ਨੈਨ ਕਾਨ ਜੁਗ ਭੂਪਕੇ, ਤੀਸਰ ਮਨ ਸਵ ਧਾਨ॥
ਦੇਖ ਸਨੇ ਅਰ ਮਨਨ, ਬਿਨ ਕਰੇ ਨਾ ਕਾਜ ਮਹਾਨ।੧੩੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਰਾਜਾ ਦੇ ਤਿੰਨ ਇੰਦਰੇ ਸਦਾ ਹੀ ਸਵਾਧਾਨ ਰਹਿਣੇ ਚਾਹੀਦੇ ਹਨ, ਜਿਨ੍ਹਾਂ ਵਿਚੋਂ ਪਹਿਲੇ ਨੇਤਰ ਦੂਜੇ ਕੰਨ ਅਤੇ ਤੀਜੇ ਮਨ। ਇਸ ਦਾ ਤਾਤਪਰਜ ਇਹ ਹੈ ਕਿ ਜੋ ਬਾਤ ਸੁਣੇ, ਉਸ ਪਰ ਇਤਨਾ ਹੀ ਵਿਸ਼ਵਾਸ ਨਾ ਕਰ ਲਵੇ ਕਿ ਜੋ ਕੁਛ ਇਸ ਪੁਰਖ ਨੇ ਕਿਹਾ ਹੈ, ਸੋ ਸਭ ਠੀਕ ਹੀ ਹੈ। ਕਿੰਤੂ ਉਸ ਨੂੰ ਆਪਣੇ ਨੇਤਰਾਂ ਨਾਲ ਖੁਦ ਭੀ ਦੇਖ ਲਏ, ਤਾਂ ਸਾਰਾ ਭੇਦ ਖੁਲ ਜਾਂਦਾ ਹੈ। ਇਸੇ ਤਰਾਂ ਜੋ ਨੇਤਰਾਂ ਨਾਲ ਦੇਖੇ, ਉਸ ਨੂੰ ਭੀ ਇਤਨਾ ਖਿਆਲ ਨਾ ਕਰਨਾ ਚਾਹੀਏ ਕਿ ਮੈਨੇ ਖੁਦ ਦੇਖ ਲੀਤਾ ਹੈ, ਇਸ ਵਾਸਤੇ ਇਸ ਲਈ ਇਹੋ ਕਾਰਜ ਕਰਨਾ ਜੋਗ ਹੈ ਕਿ ਉਸ ਪਰ ਅਛੇ-ਅਛੇ ਮਤਵਾਦੀਆਂ ਤੇ ਉਸ ਦੀ ਸਾਖੀ ਸੁਣੇ।

ਇਸ ਤੇ ਬਿਨਾਂ ਸੁਣਕੇ ਅਰ ਦੇਖਕੇ ਹੀ ਫੈਸਲਾ ਕਰਨਾ ਨਹੀਂ ਚਾਹੀਏ। ਕਿੰਤੂ ਇਸ ਤੇ ਅਗੇ ਵਿਚਾਰ ਕਰਨਾ ਭੀ ਇਕ ਉਸ ਵਸਤੂ ਦੇ ਸੱਤ ਅਤੇ ਅਸੱਤ ਨਿਤਾਰਨ ਲਈ ਤੀਸਰਾ ਸਾਧਨ ਹੈ, ਜਿਸ ਦਾ ਕਾਰਨ ਮਨ ਹੈ, ਕਿਉਂਕਿ ਬਹੁਤ ਸਾਰੇ ਪਦਾਰਥ ਅਰ ਰਾਜ ਪਰਬੰਧ ਦੇ ਕੰਮ ਅਜਿਹੇ ਭੀ ਹੁੰਦੇ ਹਨ।

ਦੋਹਰਾ

ਅੰਗ ਸਕਲ ਮਿਲ ਪੂਰਤੇ, ਉਦ ਹੇਤ ਕਰ ਕਾਰ॥
ਜਿਨ ਕੋ ਫਿਰ ਉਹ ਦੇਤ ਹੈ, ਯਥਾ ਜੋਗ ਸਤਿਕਾਰ।੧੩੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਤਰ੍ਹਾਂ ਸਾਰੇ ਸਰੀਰ ਦੇ ਅੰਗ ਆਪੋ ਆਪਣੀ ਜਗ੍ਹਾ ਪਰ ਕੰਮ ਕਰਕੇ ਅਰ ਦੁਖ ਸਹਾਰਕੇ ਇਕ ਪੇਟ ਨੂੰ ਭਰਦੇ ਹਨ, ਕਿਉਂਕਿ ਜਿਤਨੇ ਅੰਗ ਦੁਖ ਸਹਾਰਕੇ ਕਈ ਪਰਕਾਰ ਦੀ ਮੇਹਨਤ

ਅਤੇ ਮਜ਼ਦੂਰੀ ਕਰਦੇ ਹਨ, ਸੋ ਸਾਰੀ ਦਾ ਫਲ ਜਾਂ ਪ੍ਰਜੋਯਨ ਇਹ ਹੁੰਦਾ ਹੈ ਕਿ ਪੇਟ ਪੂਰਨਾ ਕੀਤੀ ਜਾਵੇ।

ਪਰੰਤੂ ਪੇਟ ਉਸ ਦੇ ਬਦਲੇ ਵਿੱਚ ਇਹ ਕਰਦਾ ਹੈ ਕਿ ਆਪਣੇ ਵਿਚੋਂ ਹਰ ਇਕ ਅੰਗ ਨੂੰ ਜਿਤਨਾ-ਜਿਤਨਾ ਜਿਸ ਦਾ ਅਧਿਕਾਰ ਹੈ। ਉਤਨਾ-ਉਤਨਾ ਰਸ ਪਹੁੰਚਾਇਕੇ ਉਨ੍ਹਾਂ ਨੂੰ ਤ੍ਰਿਪਤ ਕਰਦਾ ਹੈ, ਅਰ ਉਹਨਾਂ ਦੀ ਸਮਰਥਾ ਨੂੰ ਕਸ ਰਖਦਾ ਹੈ, ਜਿਸ ਤੇ ਸਾਰਾ ਸਰੀਰ ਰਿਸ਼ਟ ਪੁਸ਼ਟ ਹੋਕੇ ਸਭ ਪ੍ਰਕਾਰ ਸੁਖ ਪਾਉਂਦਾ ਹੈ। ਇਸੇ ਪ੍ਰਕਾਰ ਰਾਜ ਰੂਪੀ ਸਰੀਰ ਦਾ ਰਾਜਾ ਇਕ ਪੇਟ ਦੀ ਤਰ੍ਹਾਂ ਮੁਖੱਯਾ ਪਰਧਾਨ ਹੈ, ਅਰ ਹੋਰ ਸਾਰੇ ਪਰਜਾ ਦੇ ਯੋਗ ਟਿਕ ਟਿੰਗ ਅੰਗਾਂ ਦੇ ਸਮਾਨ ਹਨ, ਜਿਸ ਤੇ ਸਾਰੀ ਪਰਜਾ ਆਪਣੀ-ਆਪਣੀ ਜਗ੍ਹਾ ਤਕਲੀਫ ਸਹਾਰਕੇ ਰਾਜਾ ਦੇ ਖਜਾਨੇ ਨੂੰ ਭਰਦੀ ਹੈ, ਜਿਸ ਤੇ ਰਾਜਾ ਦਾ ਭੀ ਧਰਮ ਹੈ ਕਿ ਸਭ ਦੀ ਯਥਾ ਯੋਗ ਪਾਲਨਾ ਉਸ ਨਾਲ ਕਰੇ ਜਿਸ ਤੇ ਉਸ ਦੀ ਪਰਜਾ ਵਿਚ ਨਿਰਧਨਤਾ ਨਾ ਫੈਲਨੀ ਪਾਵੇ, ਜੋ ਰਾਜਾ ਪਰਜਾ ਨੂੰ ਆਪਣੇ ਅੰਗ ਜਾਣਕੇ ਉਸ ਦੀ ਪਾਲਣਾਂ ਨੂੰ ਅਪਣਾ ਮੁੱਖ ਧਰਮ ਜਾਣਦਾ ਹੈ, ਉਸ ਨੂੰ ਸੰਸਾਰਕ ਕਲੇਸ਼ ਕਦੇ ਭੀ ਪਰਾਪਤ ਨਹੀਂ ਹੁੰਦਾ।

ਪਰੰਤੂ ਕਈ ਰਾਈਸ ਅਜਿਹੇ ਹੋਏ ਹਨ, ਜਿਨ੍ਹਾਂ ਨੇ ਪਰਜਾ ਨੂੰ ਇਕ ਖੋਤੀ ਸਮਝਿਆ ਹੋਇਆ ਸੀ, ਅਰ ਆਪ ਨੂੰ ਇਕ ਬਲਵਾਨ ਸਾਨ੍ਹ ਜੈਸਾ ਕਿ ਫਟਾ ਨਾਲੇ ਪੈਲੀ ਨੂੰ ਖਾਂਦਾ ਹੈ ਨਾਲੇ ਲਤਾੜਦਾ ਹੈ ਅਤੇ ਨਾਲੇ ਬੜਕਾਂ ਮਾਰਦਾ ਹੈ ਇਸੇ ਤਰ੍ਹਾਂ ਕਈ ਰਈਸ ਭੀ ਅਪਣੀ ਪਰਜਾ ਨੂੰ ਕੇਵਲ ਦੁਖ ਸਾਧਨ ਹੀ ਬਣੇ ਹੋਏ ਸਨ। ਜਿਸ ਤੇ ਪਰਜਾ ਚਾਹੁੰਦੀ ਸੀ ਕਿ ਇਹ ਤੇਤੀਆ ਤਾਪ ਸਾਥੋਂ ਦੂਰ ਹੋਵੇ ਤਾਂ ਅਸੀ ਸੁੱਖ ਪਾਈਏ। ਇਸ ਵਾਸਤੇ ਰਈਸ ਨਾ ਪਰਜਾ ਆਪਣਾ ਬਲ ਸਮਝਣਾ ਚਾਹੀਦੀ ਹੈ।

ਦੋਹਰਾ

ਨਿਰਬਲ ਨਿਰਧਨ ਕ੍ਰਿਤ ਪਤਿ, ਲਖਤ ਤ੍ਰਿਆ ਦੁਖ ਹੇਤ॥
ਤਿਉਂ ਭੂਪਤ ਨਿਰ ਨਿਯਾਇ, ਗੁਨ ਪ੍ਰਜਾ ਕੋ ਦੁਖ ਦੇਤ।੧੪੦॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬਲਹੀਨ ਅਰਥਾਤ ਅਸਮਰਥ ਅਰ ਧਨ ਰਹਿਤ ਕੰਗਾਲ ਅਤੇ ਕਰੂਰ ਸੁਭਾਵ ਵਾਲੇ ਪਤੀ ਦੀ ਇਸਤ੍ਰੀ ਉਸ ਨੂੰ ਅਪਨੇ ਸਿਰ ਪਰ ਦੁਖ ਦਾ ਭਾਰ ਸਮਝਦੀ ਹੈ ਅਰ ਚਾਉਂਦੀ ਹੈ ਕਿ ਅਜੇਹੇ ਕੁਲਖਨ ਪੁਰਖ ਤੇ ਵਿਧਵਾ ਕਹਿਣਾ ਅੱਛਾ ਹੈ। ਇਸੀ ਪ੍ਰਕਾਰ ਜੋ ਰਾਜਾ ਚਾਰ ਪਰਕਾਰ ਕੀ ਸੈਨਾ ਤੇ ਹੀਨ ਨਿਰਬਲ ਹੈ ਜਿਸਤੇ ਪ੍ਰਜਾ ਦੇ ਸ਼ਤਰੂਆਂ ਨੂੰ ਨਹੀਂ ਰੋਕ ਸਕਦਾ ਅਰ ਇਸੇ ਤਰਾਂ ਧਨ ਹੀਨ ਹੈ ਅਰਥਾਤ ਖਜਾਨੇ ਖਾਲੀ ਰਖਦਾ ਹੈ ਜਿਸਤੇ ਪ੍ਰਜਾ ਨੂੰ ਕੋਈ ਦੂਰ ਭਿਖਯ ਅਦਿਕ ਕਲੇਸ਼ ਆਣ ਬਣੇ ਤੇ ਸਹਾਇਤਾ ਕਰਨ ਦੇ ਯੋਗ ਨਹੀਂ ਹੈ ਇਸੇ ਤਰ੍ਹਾਂ ਉਹ ਜ਼ਾਲਮ ਹੈ ਜਿਸ ਤੇ ਪਰਜਾ ਨੂੰ ਇਕ ਸਰਪ ਦੀ ਤਰ੍ਹਾਂ ਦੁਧ ਪੀਕੇ ਡੰਗ ਮਾਰਨ ਵਾਂਗ ਮਾਮਲਾ ਲੈਕੇ ਦੁੱਖ ਦੇਣ ਦਾ ਸਾਧਨ ਪਰਤੀਤ ਹੁੰਦਾ ਹੈ ਉਸ ਦੀ ਪਰਜਾ ਭੀ ਉਸ ਨੂੰ ਆਪਣੇ ਸਿਰ ਦੁੱਖ ਦਾ ਭਾਰ ਯਾ ਫਈਆ ਸਮਝ ਕੇ ਇਹ ਆਖਦੀ ਹੈ ਕਿ ਅਜੇਹੇ ਰਾਜਾ ਤੇ ਅਸੀਂ ਐਵੇਂ ਚੰਗੇ ਹਾਂ ਅਰ ਇਸ ਦੇ ਹੋਣ ਤੇ ਸਾਨੂੰ ਨਿਗੀ ਦੁੱਖ ਦੀ ਹੀ ਪ੍ਰਾਪਤੀ ਹੈ ਅਰ ਸੁੱਖ ਕੁਝ ਭੀ ਨਹੀਂ ਇਸ ਵਾਸਤੇ ਰਾਜਾ ਨੂੰ ਚਾਹੀਦਾ ਹੈ ਕਿ ਪਰਜਾ ਦੇ ਦੁੱਖ ਸੁੱਖ ਨੂੰ ਆਪਣਾ ਦੁੱਖ ਸੁੱਖ ਸਮਝੇ ਅਰ ਜਿਸ ਤਰ੍ਹਾਂ ਪ੍ਰਜਾ ਦੀ ਸਾਰੀ ਸੰਪਤਾ ਰਾਜਾ ਦਾ ਧਨ ਹੈ। ਇਸੇ ਤਰ੍ਹਾਂ ਰਾਜਾ ਦੀ ਭੀ ਸਾਰੀ ਬਿਭੂਤੀ ਪ੍ਰਜਾ ਦੇ ਸੁੱਖ ਦਾ ਸਾਧਨ ਹੋਣੀ ਚਾਹੀਦੀ ਹੈ। ਜਿਸ ਰਾਜਾ ਦਾ ਪ੍ਰਜਾ ਪਾਲਨ ਸੁਭਾਵ ਪਰ ਕਿੱਤੂ ਸਿੱਧ ਹੈ ਸੋ ਕਦੇ ਭੀ ਬੁਰਾ ਨਾਮ ਛੱਡਕੇ ਸੰਸਾਰ ਤੇ ਨਹੀਂ ਜਾਂਦਾ ਹੈ।

ਦੋਹਰਾ

ਜਿਉਂ ਰਵਿ ਲੈ ਜਲ ਭੂਮ ਤੇ, ਹੋ ਬਾਦਲ ਬਰਸਾਤ॥
ਤਿਉਂ ਕਣ ਪ੍ਰਜਾ ਸੰਚਕੇ, ਕਰੇ ਭੂਪ ਹਿਤ ਦਾਤ।੧੪੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਸੂਰਜ ਜਦ ਆਪਣੀ ਕ੍ਰਿਨਾਂ ਨਾਲ ਪ੍ਰਿਥਵੀ ਉਪਰੋਂ ਜਲ ਨੂੰ ਖਿਚਦਾ ਹੈ ਤਦ ਕਿਸੇ ਨੂੰ ਭੀ

ਦਿਖਾਈ ਨਹੀਂ ਦੇਂਦਾ ਅਰਥਾਤ ਸੁਭਾਵ ਕਈ ਲੈਕੇ ਆਕਾਸ਼ ਵਿਚ ਸੰਚਨ ਕਰੀ ਜਾਂਦਾ ਹੈ ਅਰ ਜਿਸ ਸਮਯ ਪ੍ਰਥਵੀ ਖੁਸ਼ਕ ਹੋਕੇ ਇਕ ਡਰੌਣੀ ਸ਼ਕਲ ਵਿੱਚ ਬਣ ਜਾਂਦੀ ਹੈ ਅਰ ਦੁਰਭਿਖ ਆਦਿਕ ਦਾ ਸਾਧਨ ਹੋ ਜਾਂਦੀ ਹੈ ਤਦ ਉਹ ਸੂਰਜ ਦੀ ਗਰਮੀ ਉਸੇ ਬਲ ਨੂੰ ਇਕ ਬਦਲ ਦੀ ਸੂਰਤ ਵਿੱਚ ਬਣਾਕੇ ਵਰਖਾ ਕਰ ਦੇਂਦੀ ਹੈ ਜਿਸ ਨਾਲ ਸਭ ਦੇ ਮਨ ਪਰਫੁਲਤ ਹੋਕੇ ਧੰਨ ਧੰਨ ਕਰਨ ਲੱਗ ਜਾਂਦੇ ਹਨ ਇਸੇ ਪ੍ਰਕਾਰ ਰਾਜਾ ਨੂੰ ਭੀ ਚਾਹੀਦਾ ਹੈ ਕਿ ਆਪਣੀ ਤੇਜ ਰੂਪੀ ਕਿਰਨਾਂ ਦੇ ਪ੍ਰਤਾਪ ਨਾਲ ਪ੍ਰਜਾ ਤੇ ਮਾਮਲਾ ਇਸ ਤਰ੍ਹਾਂ ਉਗਰਾਹੇ ਜਿਸ ਤੇ ਕਿਸੇ ਨੂੰ ਭੀ ਦੁਖ ਪ੍ਰਤੀਤ ਨਾ ਹੋਵੇ ਅਰ ਉਸ ਧਨ ਨੂੰ ਲੈਕੇ ਅਪਨੇ ਖਜ਼ਾਨੇ ਵਿਚ ਸੰਗਤ ਕਰ ਰਖੇ ਉਹ ਧਨ ਜਦ ਆਪਣੀ ਪ੍ਰਜਾ ਪਰ ਕੋਈ ਦੁਰਭਿਖ ਆਦਿਕ ਦਾ ਕਸ਼ਟ ਪਾਵੇ ਤਦ ਉਸ ਨੂੰ ਦਾਨ ਦੇ ਢੰਗ ਪਰ ਦੇ ਦੇਵੇ।

ਸਰਕਾਰ ਅੰਗਰੇਜ਼ੀ ਨੇ ਭੀ ਇਹੋ ਤਰੀਕਾ ਰਖਿਆ ਹੋਇਆ ਹੈ ਕਿ ਜੈਸਾ ਕਿ ਸੜਕਾਂ ਅਤੇ ਤਾਲੀਮ ਦਾ ਸਾਰਾ ਭਾਰ ਪ੍ਰਜਾ ਦੇ ਸਿਰ ਪਰ ਹੀ ਹੈ ਪਰੰਤੂ ਰਾਜਾ ਨੂੰ ਕੁਝ ਭੀ ਮਾਲੂਮ ਨਹੀਂ ਹੁੰਦਾ ਜਿਸ ਤੋਂ ਲੋਗ ਆਖਦੇ ਹਨ ਕਿ ਧਨ ਅੰਗਰੇਜ਼ੀ ਬਾਦਸ਼ਾਹੀ ਹੈ, ਜਿਸ ਨੇ ਸੜਕਾਂ ਅਤੇ ਮਦੱਰਸਿਆਂ ਨੂੰ ਬਣਾਂ ਕੇ ਪਰਜਾ ਨੂੰ ਕਿਹਾ ਸੁਖ ਦਿਤਾ ਹੈ ਅਰ ਇਤਨਾ ਰੁਪਯਾ ਖਰਚ ਹੋ ਰਿਹਾ ਹੈ ਪਰੰਤੂ ਲੋਕਾਂ ਨੂੰ ਪਤਾ ਨਹੀਂ ਲਗਦਾ ਕਿ ਇਹ ਰੁਪਯਾ ਤਾਂ ਸਾਡੇ ਪਾਸੋਂ ਹੀ ਨਿਕਲਦਾ ਹੈ ਜਿਸ ਤਰ੍ਹਾਂ ਬਦਲ ਦੇ ਬਰਸਨੇ ਪਰ ਲੋਕ ਆਖਦੇ ਹਨ ਧੰਨ ਪ੍ਰਮੇਸ਼ਵਰ ਹੈ ਜੋ ਇਤਨਾ ਜਲ ਅਪਣੀ ਕੁਦਰਤ ਨਾਲ ਵਰਸਾ ਕੇ ਸੰਸਾਰ ਨੂੰ ਸੁਖ ਦੇਂਦਾ ਹੈ ਕਿੰਤੂ ਉਹ ਇਹ ਨਹੀਂ ਜਾਣਦੇ ਕਿ ਉਹ ਜਲ ਇਸੇ ਜਗ੍ਹਾਂ ਤੇ ਹੀ ਲੀਤਾ ਗਿਆ ਹੈ ਜਿਸ ਪਰ ਹੁਣ ਬਰਸ ਰਿਹਾ ਹੈ ਹੋਰ ਕਿਤੋਂ ਨਹੀਂ ਆਯਾ ਜੋ ਰਾਜਾ ਅਪਣੀ ਪ੍ਰਜਾ ਨਾਲ ਅਜਿਹਾ ਵਰਤਾਓ ਕਰਦਾ ਹੈ ਸੋ ਸਦਾ ਹੀ ਯਸ਼ ਦਾ ਪਾਤ੍ਰ ਹੁੰਦਾ ਹੈ।

ਦੋਹਰਾ

ਜਿਉਂ ਰਜਨੀ ਸਸ ਦੁਹਨ ਮਹਿ, ਮਿਲ ਕਰ ਹੋਤ ਅਨੰਦ॥

ਤਿਉਂ ਨ੍ਰਿਪ ਪ੍ਰਜਾ ਜੁਗਲ ਤੇ, ਰਹਤ ਸਕਲ ਸੁਖ ਕੰਦ।੧੪੨॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਚੰਦਰਮਾਂ ਤੇ ਬਿਨਾਂ ਜੋ ਰਾਤ੍ਰੀ ਹੈ ਸੋ ਕਾਲੀ ਬੋਲੀ ਅਤੇ ਮਹਾਂ ਡਰਾਉਣੀ ਪ੍ਰਤੀਤ ਹੁੰਦੀ ਹੈ ਅਰ ਇਸੇ ਤਰਾਂ ਰਾਤ੍ਰੀ ਦੇ ਬਿਨਾ ਜੋ ਚੰਦਰਮਾਂ ਹੈ ਸੋ ਦਿਨ ਨੂੰ ਬਹੁਤ ਨਿਕਾ ਅਰ ਉਦਾਸ ਪ੍ਰਤੀਤ ਹੁੰਦਾ ਹੈ ਤਦ ਰਾਤ੍ਰੀ ਦੀ ਸੂਰਤ ਬਹੁਤ ਹੀ ਸੁੰਦਰ ਪ੍ਰਤੀਤ ਹੁੰਦੀ ਹੈ ਅਰ ਚੰਦਰਮਾਂ ਰਾਤ੍ਰ ਦੇ ਪ੍ਰਤਾਪ ਅਪਣੀਆਂ ਸੁੰਦਰ ਕ੍ਰਿਨਾਂ ਕਰਕੇ ਅੰਮ੍ਰਿਤ ਵਰਸਾਉਂਦਾ ਅਰ ਸੁਭਾਇਮਾਨ ਹੁੰਦਾ ਹੈ।

ਇਸੇ ਤਰ੍ਹਾਂ ਪਰਜਾ ਇਕ ਰਾਤ੍ਰੀ ਦੇ ਸਮਾਨ ਹੈ ਅਰ ਰਾਜਾ ਉਸ ਦਾ ਪਤੀ ਚੰਦਰਮਾਂ ਸਮਾਨ ਹੈ। ਰਾਜਾ ਤੇ ਬਿਨਾ ਪਰਜਾ ਅਪਣੇ ਨਿਯਾਇ ਰੂਪੀ ਅੰਧੇਰੇ ਨਾਲ ਅਤਿਯੰਤ ਹੀ ਡਰਾਉਣੀ ਸ਼ਕਲ ਵਿੱਚ ਹੋਕੇ ਦੁਖਦਾਯੀ ਹੁੰਦੀ ਹੈ ਅਰ ਰਾਜਾ ਭੀ ਪ੍ਰਜਾ ਹੀਨ ਹੋਕੇ ਇਕ ਨਿਰਧਨਤਾ ਦੇ ਸਵਾਂਗ ਵਿੱਚ ਹੋਕੇ ਮਹਾਂ ਅਸੋਭ ਦਿਸਦਾ ਹੈ ਕਿਉਂਕਿ ਜਿਸ ਦੇਸ ਦਾ ਰਾਜਾ ਨਾ ਹੋਵੇ ਸੋ ਦੇਸ ਅਤਿਯੰਤ ਹੀ ਉਪਦ੍ਰਵਾਂ ਦੇ ਅੰਧੇਰੇ ਨਾਲ ਬੁਰਾ ਦੁਖਦਾਯੀ ਦਿਸਦਾ ਹੈ ਕਿਉਂਕਿ ਕਈ ਉਹ ਰਾਜਕੁਮਾਰ ਜੋ ਰਾਜ ਤੇ ਅਪਣੇ ਅਨਿਯਾਇ ਕਰਕੇ ਗਿਰ ਗਏ ਹਨ ਸੋ ਬੁਰੀ ਹਾਲਤ ਵਿੱਚ ਦੇਖੇ ਗਏ ਹਨ, ਇਸ ਵਾਸਤੇ ਰਾਜਾ ਪ੍ਰਜਾ ਦਾ ਅਰ ਪ੍ਰਜਾ ਰਾਜਾ ਦੀ ਵਡਾਈ ਅਰ ਬਲ ਹੈ। ਜੋ ਰਾਜਾ ਅਪਣੀ ਪ੍ਰਜਾ ਦੇ ਉਪੱਦ੍ਰਾ ਰੂਪੀ ਅੰਧੇਰੇ ਨੂੰ ਦੂਰ ਕਰਕੇ ਅਪਣੇ ਨਿਯਾਇ ਦੀ ਕ੍ਰਿਨਾਂ ਨਾਲ ਪ੍ਰਜਾ ਪਰ ਲਾਭ ਦਾ ਅੰਮ੍ਰਿਤ ਵਰਸਾਉਂਦਾ ਹੈ ਜੋ ਰਾਜਾ ਕਦੇ ਭੀ ਦੁਖ ਨਹੀਂ ਪਾਏਗਾ।

ਦੋਹਰਾ

ਜੋ ਭੂਪਤ ਨਿਜ ਪ੍ਰਜਾ ਕੀ, ਸੁਨਤ ਨਹੀਂ ਫਰਯਾਦ॥

ਸੋ ਤਿਸ ਤੇ ਨਿਰਆਸ ਹੋ, ਕਰਤ ਈਸ ਕੋ ਯਾਦ।੧੪੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਚੌਕੀਦਾਰ ਦਾ ਕੰਮ ਆਪਣੇ ਨਗਰ ਦੀ ਰੱਖਿਯਾ ਅਰ ਚੋਰਾਂ ਤੋਂ ਬਚਾਉਣੇ ਦਾ ਹੈ, ਪਰੰਤੂ ਜੋ ਚੌਕੀਦਾਰ ਅਪਣੇ ਇਸ ਧਰਮ ਨੂੰ ਪੂਰਾ ਨਹੀਂ ਕਰਦਾ ਅਰ ਰਾਤ ਨੂੰ ਪੈਰ ਪਸਾਰ ਕੇ ਸੌ ਰਹਿੰਦਾ ਹੈ ਤਦ ਉਹ ਨਗਰ ਉਸ ਤੇ ਵੱਡੇ ਹਾਕਮ ਪਾਸ ਜਾਕੇ ਅਪਣੇ ਸੁੱਖ ਦੀ ਫਰਯਾਦ ਕਰਦਾ ਹੈ ਜਿਸ ਦਾ ਫਲ ਇਹ ਹੁੰਦਾ ਹੈ ਕਿ ਉਸ ਦਾ ਪਤੀ ਉਸ ਨੂੰ ਹਟਾਕੇ ਕਿਸੇ ਹੋਰ ਦੇ ਹਵਾਲੇ ਉਸ ਨਗਰ ਨੂੰ ਕਰ ਦਿੰਦਾ ਹੈ। ਇਸੇ ਤਰ੍ਹਾਂ ਰਾਜਾ ਭੀ ਇੱਕ ਦੇਸ ਦਾ ਜਿਸ ਨੂੰ ਪ੍ਰਮੇਸ਼ਵਰ ਨੇ ਉਸ ਦੀ ਰਖਿਯਾ ਵਾਸਤੇ ਨੀਯਤ ਕੀਤਾ ਹੈ ਚੌਕੀਦਾਰ ਅਰਥਾਤ ਖਬਰ ਰਖਣੀ ਹੈ ਪਰੰਤੂ ਜੋ ਰਾਜਾ ਪਰਜਾ ਨੂੰ ਭੁਲਾਕੇ ਆਪਣੇ ਭੋਗਾਂ ਦੇ ਅਨੰਦ ਵਿੱਚ ਮਸਤ ਹੋਕੇ ਪੈ ਜਾਂਦਾ ਹੈ ਉਸਦੀ ਪ੍ਰਜਾ ਅਤਿਯੰਤ ਹੀ ਦੁਖੀ ਹੋਕੇ ਫਿਰ ਵੱਡੇ ਸ਼ਹਿਨਸ਼ਾਹ ਅਰ ਪੁਰਖ ਅਗੇ ਪ੍ਰਾਰਥਨਾ ਕਰਦੀ ਹੈ ਅਰ ਆਖਦੀ ਹੈ ਕਿ ਸਾਡੇ ਮਾਲਕ ਪਾਲਕ ਆਪ ਇਕ ਭੇਡੀਏ ਨੂੰ ਸਾਡੇ ਪ੍ਰਜਾ ਰੂਪੀ ਬਕਰੀਆਂ ਦੇ ਆਈਯੜ ਵਿਚੋਂ ਲੱਭ ਜਿਸ ਤੇ ਇਹ ਫਲ ਹੈ ਕਿ ਅਕਾਲ ਪੁਰਖ ਉਸ ਹਥੋਂ ਅਧਿਕਾਰ ਖੋਹ ਕੇ ਕਿਸੇ ਦੂਸਰੇ ਦੇ ਹੱਥ ਦੇ ਦੇਂਦਾ ਹੈ। ਇਸ ਤੇ ਸਾਨੂੰ ਅੱਜ ਕੱਲ ਕਈ ਦ੍ਰਿਸਟਾਂਤ ਮਿਲਦੇ ਹਨ ਕਿ ਪ੍ਰਜਾ ਦੇ ਇੰਤਜਾਮ ਨੂੰ ਖਰਾਬ ਕਰਨ ਦੇ ਕਾਰਨ ਕਈ ਹਿੰਦੂਸਤਾਨ ਦੇ ਰਈਸਾਂ ਦੇ ਅਧਿਕਾਰ ਖੋਹੇ ਗਏ ਹਨ ਜਿਸ ਪਰ ਉਹ ਇਕ ਆਮ ਆਦਮੀਆਂ ਵਾਂਗ ਦੇਖੇ ਜਾਂਦੇ ਹਨ। ਇਸ ਵਾਸਤੇ ਜੋ ਰਾਜਾ ਚਾਹੁੰਦਾ ਹੈ ਕਿ ਮੈਂ ਅਪਣੇ ਰਾਜ ਭਾਗ ਦੇ ਸੁਖ ਦਾ ਖੁਦ ਅਧਿਕਾਰੀ ਰਹਾਂ ਤਦ ਉਹ ਪ੍ਰਜਾ ਦਾ ਇੰਤਜਾਮ ਅਰ ਨਿਯਾਇ ਕਰਤਾ ਦਾ ਕਦੇ ਭੀ ਤਿਆਗ ਨਾ ਕਰੇ ਜੋ ਰਾਜਾ ਅਪਣੀ ਪ੍ਰਜਾ ਨੂੰ ਆਪਣੇ ਅੰਗਾਂ ਦੇ ਤੁਲ ਜਾਣ ਕੇ ਉਸ ਦੀ ਰਖਿਆ ਕਰੇਗਾ ਸੋ ਰਾਜਾ ਕਦੇ ਭੀ ਕਿਸੇ ਉਪਦ੍ਰਵ ਤੇ ਨਹੀਂ ਡਰੇਗਾ।

ਦੋਹਰਾ

ਜੋ ਰਾਜਾ ਨਿਜ ਪ੍ਰਜਾ ਕੀ, ਲੇਤ ਨਾ ਰੰਚਕ ਸਾਰ।।
ਸੋ ਮਾਲਕ ਬਿਨ ਖੇਤ ਜਿਉਂ, ਹੋਵਤ ਤੁਰਤ ਉਜਾਰ।।੧੪੪।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪਰਕਾਰ ਕ੍ਰਿਸਾਨ ਆਪਣੇ ਕਾਮਿਆਂ ਨੂੰ ਖੇਤੀ ਦੇ ਸੰਭਾਲਨੇ ਲਈ ਆਗਿਆ ਦੇਂਦਾ ਹੈ ਅਰ ਜਦ ਤਕ ਆਪ ਭੀ ਉਸ ਦੀ ਨਿਗਰਾਨੀ ਕਰਦਾ ਹੈ ਤਦੋਂ ਤਕ ਉਹ ਖੇਤ ਕਦੇ ਭੀ ਖਰਾਬ ਨਹੀਂ ਹੁੰਦਾ।

ਪਰੰਤੂ ਜਿਸ ਵਕਤ ਉਹ ਖੇਤ ਦੀ ਖਬਰ ਲੈਨੀ ਛਡ ਦਿੰਦਾ ਹੈ ਅਰ ਆਪਨੇ ਕਮੀਯਾਂ ਦੇ ਕੰਮ ਦਾ ਭੀ ਕਦਰ ਨਹੀਂ ਕਰਦਾ ਤਦ ਉਸ ਦਾ ਫਲ ਇਹ ਹੁੰਦਾ ਹੈ ਜੋ ਖੇਤ ਥੋੜੇ ਹੀ ਚਿਰ ਵਿਚ ਉਜੜ ਜਾਂਦਾ ਹੈ ਅਰ ਉਹ ਹਥ ਮਲਦਾ ਹੀ ਰਹਿ ਜਾਂਦਾ ਹੈ ਜਿਸ ਦਾ ਫਲ ਇਹ ਹੁੰਦਾ ਹੈ ਕਿ ਨਿਰਧਨਤਾ ਆਦਿਕ ਦੇ ਦੁੱਖ ਉਸ ਪਰ ਆਏ ਪੈਂਦੇ ਹਨ।

ਇਸੇ ਪ੍ਰਕਾਰ ਜੋ ਰਾਜਾ ਅਪਣੀ ਖੇਤੀ ਰੂਪੀ ਪ੍ਰਜਾ ਪਰ ਹਰ ਵੇਲੇ ਖਿਆਲ ਰਖਦਾ ਹੈ ਅਤੇ ਉਸ ਦੇ ਹਿਤ ਦੇ ਉਪਾਏ ਸੋਚਦਾ ਰੈਂਹਦਾ ਹੈ ਇਸ ਤੇ ਬਿਨਾ ਅਪਣੇ ਐਹਿਲਕਾਰਾਂ ਨੂੰ ਯਥਾ ਯੋਗ ਕੰਮ ਪਰ ਲਾਉਂਦਾ ਹੈ ਅਰ ਉਨ੍ਹਾਂ ਦੇ ਕੰਮ ਨੂੰ ਦੇਖਕੇ ਉਤਸ਼ਾਹ ਦੇਂਦਾ ਹੈ ਸੋ ਰਾਜਾ ਕਦੇ ਭ;ੀ ਅਪਯਸ਼ ਦਾ ਪਾਤਰ ਨਹੀਂ ਹੁੰਦਾ, ਕਿੰਤੂ ਸੰਸਾਰ ਪਰ ਸਦਾ ਹੀ ਯਸ਼ ਦਾ ਅਤੇ ਸੁੱਖ ਦਾ ਭਾਗੀ ਹੁੰਦਾ ਹੈ ਅਰ ਅਪਣੀ ਪ੍ਰਜਾ ਰੂਪੀ ਖੇਤੀ ਤੇ ਬਹੁਤ ਹੀ ਲਾਭ ਉਠਾਉਂਦਾ ਹੈ।

ਪਰੰਤੂ ਜੋ ਰਾਜਾ ਆਪਣੀ ਪ੍ਰਜਾ ਨੂੰ ਵਿਸਾਰਕੇ ਅਪਣੇ ਹੀ ਅਨੰਦ ਵਿੱਚ ਅਨੰਦ ਰੈਂਹਦਾ ਹੈ ਅਤੇ ਅਪਣੇ ਐਹਿਲਕਾਰਾਂ ਦੇ ਕੰਮ ਪਰ ਕੁਝ ਭੀ ਧਿਆਨ ਨਹੀਂ ਦੇਂਦਾ, ਜਿਸ ਤੇ ਉਨ੍ਹਾਂ ਨੂੰ ਰਾਜ ਪ੍ਰਬੰਧ ਕਰਨ ਦਾ ਹੌਸਲਾ ਵਧੇ ਅਰ ਰਾਜਾ ਦੇ ਪਰਸੰਨ ਕਰਨ ਲਈ ਰਾਜਾ ਦੇ ਕੰਮਾਂ ਪਰ ਆਪਣਾ ਅਮੋਲਕ ਸਮਾਂ ਦੇਣ ਸੋ ਰਾਜਾ ਅੰਤ ਨੂੰ ਅਪਯਸ਼ ਦਾ ਭਾਗੀ ਅਰ ਪ੍ਰਜਾ ਨੂੰ ਭਾਰ ਪ੍ਰਤੀਤ ਹੁੰਦਾ ਹੈ। ਇਸ ਵਾਸਤੇ ਰਾਜਾ ਨੂੰ ਚਾਹੀਦਾ ਹੈ ਕਿ ਆਪਣੇ ਰਾਜ ਦੇ ਹਰ ਇਕ ਕਾਰਜ ਨੂੰ ਅਪਣੀ ਦਰਿਸ਼ਟੀ ਗੋਚਰ ਰਖੇ ਅਤੇ ਉਸ ਦਾ ਪ੍ਰਬੰਧ ਅੱਛੇ ਮੰਤ੍ਰੀਆਂ ਦੇ ਹੱਥ ਦੇਵੇ ਅਰ ਫਿਰ ਉਨ੍ਹਾਂ ਪਰ

ਭੀ ਅਪਣੀ ਦਰਿਸ਼ਟੀ ਰਖੇ ਜਿਸ ਤੇ ਉਸ ਦਾ ਦੇਸ ਸੁਖੀ ਵਸੇ।

ਦੋਹਰਾ

ਜਿਉਂ ਲੁਹਾਰ ਲੁਹਿ ਪਿੰਡ ਕੋ, ਤਾਇ ਕੂਟ ਜਲ ਦੇਤ॥
ਤਿਉਂ ਪ੍ਰਜਾ ਸਾਸਨ ਕਰੇ, ਪੁਨ ਨ੍ਰਿਪ ਸਾਰੇ ਹੇਤ॥੧੪੫॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਲੋਹਾਰ ਲੋਹੇ ਦੇ ਡਲੇ ਨੂੰ ਪਹਿਲੇ ਅੱਗ ਵਿਚ ਪਾਕੇ ਤਾਉਂਦਾ ਹੈ ਅਰ ਫਿਰ ਵਿਦਾਨ ਨਾਲ ਕੁਟਦਾ ਹੈ ਅਤੇ ਮਗਰੋਂ ਜਲ ਦੇਕੇ ਉਸ ਨੂੰ ਠੰਡਾ ਕਰ ਦੇਂਦਾ ਹੈ ਤਦ ਉਹ ਅਜਿਹਾ ਵਤੇ ਸਿਰ ਰੈਂਹਦਾ ਹੈ ਜੋ ਬਹੁਤ ਚੰਗਾ ਸ਼ਸਤ੍ਰ ਬਣ ਕੇ ਸੋਭਾ ਪਾਉਂਦਾ ਹੈ। ਇਸੇ ਤਰਾਂ ਰਾਜਾ ਨੂੰ ਭੀ ਚਾਹੀਦਾ ਹੈ ਕਿ ਅਪਣੀ ਪ੍ਰਜਾ ਨੂੰ ਅਜਿਹੇ ਤੇਜ਼ ਪ੍ਰਤਾਪ ਨਾਲ ਡਰ ਦੇਕੇ ਅਰ ਦੰਡ ਰੂਪੀ ਵਿਦਾਨ ਨਾਲ ਸਾਧਨਾ ਦੇਵੇ ਪਰੰਤੂ ਸਾਥ ਹੀ ਫਿਰ ਆਪਣੇ ਨਿਯਾਇ ਦੇ ਪ੍ਰਭਾਵ ਨਾਲ ਪਰੇਮ ਰੂਪੀ ਜਲ ਉਸ ਪਰ ਵਰਸਾਏ ਜਿਸ ਤੇ ਪ੍ਰਜਾ ਦੇ ਚਿੱਤ ਨੂੰ ਉਸ ਪਹਿਲੀ ਸਾਧਨਾ ਵਾਲੀ ਤਪਤ ਤੇ ਸ਼ਾਂਤੀ ਵਿੱਚ ਲਿਆਵੇ ਕਿਉਂਕਿ ਜੋ ਲੋਹਾਰ ਤਤੇ ਲੋਹੇ ਦੇ ਪਿੰਨੇ ਨੂੰ ਕੁਟਕੇ ਪਾਣੀ ਵਿਚ ਨਾ ਪਾਵੇ ਤਦ ਉਹ ਤਿੜਕ ਜਾਂਦਾ ਹੈ ਅਰ ਫਟਕੇ ਟੁਕੜੇ ਟੁਕੜੇ ਹੋ ਜਾਂਦਾ ਹੈ ਜਿਸ ਤੇ ਉਸ ਦੇ ਮਨੋਰਥ ਨੂੰ ਪੂਰਾ ਨਹੀਂ ਕਰਦਾ। ਇਸੀ ਪ੍ਰਕਾਰ ਜੇ ਕਰਕੇ ਰਾਜਾ ਭੀ ਅਪਣੀ ਪ੍ਰਜਾ ਨੂੰ ਧੀਰਜ ਅਤੇ ਦਿਲਾਸਾ ਨਹੀਂ ਦੇਵੇਗਾ ਤਦ ਉਸ ਦੀ ਪ੍ਰਜਦਾ ਉਸ ਨੂੰ ਜ਼ਾਲਮ ਸਮਝਕੇ ਉਸ ਦੇ ਭਲੇ ਨੂੰ ਨਹੀਂ ਚਾਹੇਗੀ, ਤਾਤਪਰਜ ਇਹ ਰਾਜਾ ਅਪਣੀ ਵਰਤਾਓ ਬਸਨ ਅਤੇ ਦਯਾ ਨਾਲ ਅਪਣੀ ਪ੍ਰਜਾ ਪਰ ਕਰਦਾ ਹੈ ਸੋ ਕਦੇ ਭੀ ਦੁਖੀ ਨਹੀਂ ਹੁੰਦਾ।

ਦੋਹਰਾ

ਸੁਰ ਮਾਸ ਗਨਕਾ ਬਸੈ, ਜਿਸ ਰਾਜਾ ਮਨ ਮਾਹਿ॥
ਤਿਸ ਕੋ ਜੀਵਨ ਜਗਤ ਮਹਿ, ਰਹਤ ਅਧਕ ਕਰ ਨਾਹਿ॥੧੪੬॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਰਾਜਾ ਦੇ ਮਨ ਵਿਚ

ਸ਼ਰਾਬ ਦਾ ਪੀਣਾ, ਮਾਸ ਦਾ ਖਾਣਾ ਅਤੇ ਗਨਕਾ ਦਾ ਪ੍ਰੇਮ ਅਧਿਕ ਕਰਕੇ ਮਨ ਵਿਚ ਨਿਵਾਸ ਕਰ ਰਿਹਾ ਹੈ ਉਸ ਰਾਜਾ ਦੀ ਜਿੰਦਗੀ ਇਸ ਸੰਸਾਰ ਪਰ ਬਹੁਤ ਚਿਰ ਨਹੀਂ ਰਹੇਗੀ ਕਿਉਂਕਿ ਸ਼ਰਾਬ ਨਾਲ ਕਈ ਰੋਗ ਇਸ ਸਰੀਰ ਨੂੰ ਅਜੇਹੇ ਲਗ ਜਾਂਦੇ ਹਨ ਜਿਨ੍ਹਾਂ ਦਾ ਦੂਰ ਹੋਣਾ ਅਤੀ ਕਠਨ ਹੈ। ਦਿਮਾਗ ਵਿੱਚ ਕਮਜੋਰੀ ਅਰ ਮੇਦ੍ਹੇ ਵਿਚ ਖਰਾਬੀ ਅਤੇ ਬੀਰਜ ਆਦਿਕ ਵਿਚ ਅਸ਼ਕਤਤਾ ਇਸ ਦੇ ਸੁਭਾਵਕ ਗੁਣ ਹਨ ਜਿਸ ਤੇ ਉਸ ਦੇ ਪੀਣੇ ਵਾਲੇ ਕਈ ਆਦਮੀ ਸੰਤਾਨ ਰਹਿਤ ਰਹਿ ਜਾਂਦੇ ਹਨ, ਇਸ ਵਾਸਤੇ ਇਹ ਮਹਾਂ ਰੋਗ ਦੀ ਖਾਨ ਹੈ।

ਜੋ ਰਾਜਾ ਨਿਰਾ ਮਾਸ ਕਬਾਬ ਦੇ ਖਿਯਾਲ ਵਿਚ ਹੀ ਲਗ ਕੇ ਹਰ ਵੇਲੇ ਸ਼ਿਕਾਰ ਖੇਡਦਾ ਫਿਰਦਾ ਹੈ ਉਸ ਦਾ ਮਨ ਰਾਜ ਕਾਜ ਤੇ ਉਦਾਸ ਹੋਕੇ ਬਾਹਰ ਮੁਖੀ ਹੋ ਜਾਏਗਾ ਅਤੇ ਰਾਜ ਨੀਤੀ ਦੇ ਕੰਮਾਂ ਵਿਚ ਘੱਟ ਲਗੇਗਾ।

ਇਸੇ ਤਰ੍ਹਾਂ ਤੀਸਰੇ ਗਣਕਾ ਇਕ ਐਸੀ ਵਸਤੂ ਹੈ ਜਿਸਦੇ ਦੁਖਾਂ ਦਾ ਕੋਈ ਅੰਤ ਨਹੀਂ ਹੈ ਜੈਸਾ ਕਿ ਇਕ ਕਵੀ ਨੇ ਕਥਨ ਕੀਤਾ ਹੈ ਯਥਾ :-

ਦੋਹਰਾ

ਜਪ ਤਪ ਬ੍ਰਿਤ ਬਤ ਅਵਸ ਜਸ, ਵਿਦਯਾ ਸੁਕਲ ਉਦਾਰ॥
ਸੀਅਰ ਕਟੇ ਗਨਕਾ ਸਕਲ, ਜੈਸੇ ਲਤਾ ਕੁਠਾਰ।।੧੪੭॥

ਇਸ ਦਾ ਭਾਵ ਇਹ ਹੈ ਕਿ ਜਪ ਤਪ ਕਰਨੇ ਵਾਲਾ ਪੁਰਖ ਧਨ, ਸੰਪਦਾ ਦਾ ਮਾਲਕ ਵੱਡੀ ਉਮਰ ਵਾਲਾ ਅਤੇ ਯਸ਼ ਤੇ ਵਿਦਿਯਵਾਨ ਭੀ ਹੋਵੇ ਅਤੇ ਚਿੱਤ ਦਾ ਉਦਾਰ ਅਤੇ ਲੋਕਾਂ ਵਿਚ ਤੇਜ ਪ੍ਰਤਾਪ ਰਖਦਾ ਹੋਵੇ। ਅਜੇਹੇ ਗੁਣਾਂ ਨੂੰ ਗਣਕਾ ਦੀ ਸੰਗਤ ਇਸ ਪ੍ਰਕਾਰ ਦੂਰ ਕਰ ਦੇਂਦੀ ਹੈ ਜਿਸ ਪ੍ਰਕਾਰ ਕੋਮਲ ਬਿਰਖ ਦੀ ਟਾਣੀ ਨੂੰ ਖਵਾੜੀ ਕੱਟ ਦੇਂਦੀ ਹੈ। ਇਸ ਵਾਸਤੇ ਜਿਸ ਰਾਜਾ ਵਿਚ ਅਜੇਹੇ ਵਿਸ਼ੇ ਹੋਣ ਕਦੇ ਭੀ ਰਾਜ ਕਾਜ ਨੂੰ ਅਛੀ ਤਰ੍ਹਾਂ ਨਹੀਂ ਕਰ ਸਕਦਾ।

ਇਸ ਵਾਸਤੇ ਰਾਜਾ ਨੂੰ ਚਾਹੀਦਾ ਹੈ ਕਿ ਆਪਣੇ ਆਚਾਰੋਂ ਵਿਹਾਰ ਨੂੰ

ਅੱਛਾ ਰਖੇ ਜਿਸ ਦੇ ਪ੍ਰਤਾਪ ਨਾਲ ਉਸ ਦਾ ਰਾਜ ਕਾਜ ਠੀਕ ਰਹੇ ਅਤੇ ਪ੍ਰਜਾ ਸੁਖੀ ਰਹੇ।

ਦੋਹਰਾ

ਰਾਜ ਕਾਜ ਦੇ ਔਰ ਕੋ, ਕਰੇ ਕੇਲ ਨਿਜ ਰਾਜ।,
ਤੌ ਉਸ ਕਾ ਪ੍ਰਜਾ ਵਿਖੇ, ਹੋਵਤ ਬਹੁਤ ਕੁਕਾਜ।੧੪੮॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜੋ ਰਾਜਾ ਅਪਣੇ ਸਮੇਂ ਨੂੰ ਨਿਰਾ ਸੰਸਾਰਕ ਰੰਗ ਤਮਾਸ਼ੇ ਅਤੇ ਕਈ ਪ੍ਰਕਾਰ ਦੇ ਕੌਤਕਾਂ ਵਿੱਚ ਖਰਚ ਕਰਦਾ ਹੈ, ਅਪਣੇ ਰਾਜ ਦੇ ਸਾਰੇ ਕੰਮ ਆਪਣੇ ਮੰਤ੍ਰੀਆਂ ਦੇ ਸਪੁਰਦ ਕਰ ਦੇਂਦਾ ਹੈ ਤਾਂ ਨਿਸਚੇ ਕਰਕੇ ਉਸ ਰਾਜੇ ਦੇ ਦੇਸ ਵਿੱਚ ਕਈ ਤਰ੍ਹਾਂ ਦੇ ਉਪਦ੍ਰਵ ਹੋਣੇ ਲੱਗ ਜਾਂਦੇ ਹਨ ਕਿਉਂਕਿ ਜਿਸ ਪ੍ਰਕਾਰ ਘਰ ਦੇ ਮਾਲਕ ਨੂੰ ਸੁਤਾ ਪਿਆ ਦੇਖਕੇ ਘਰ ਦੀਆਂ ਬਿਲੀਆਂ ਹੀ ਦੁੱਧ ਪੀ ਜਾਂਦੀਆਂ ਹਨ, ਇਸ ਤਰ੍ਹਾਂ ਉਸ ਰਾਜਾ ਨੂੰ ਰਾਜ ਦੇ ਕੰਮਾਂ ਤੇ ਉਪਰਾਮ ਦੇਖਕੇ ਘਰ ਦੇ ਨੌਕਰ ਹੀ ਉਸ ਦੀ ਸਾਰੀ ਰਾਜ ਸੰਪਦਾ ਨੂੰ ਲੁੱਟਨ ਲੱਗ ਜਾਂਦੇ ਹਨ ਜਿਸ ਤੇ ਉਹ ਜਾਣਦੇ ਹਨ ਕਿ ਭਰੇ ਹੋਏ ਸਰੋਵਰ ਵਿਚੋਂ ਹੁਣ ਜਿਥੋਂ ਤੱਕ ਹੋ ਸਕੇ ਲਾਭ ਉਠਾ ਲਈਏ। ਇਸ ਵਾਸਤੇ ਰਾਜਾ ਨੂੰ ਚਾਹੀਦਾ ਹੈ ਕਿ ਹਰ ਇਕ ਮੁਲਾਜ਼ਮ ਪਰ ਖਿਆਲ ਰਖੇ ਤੇ ਉਨ੍ਹਾਂ ਦੇ ਵਡੇ ਕੰਮ ਪਰ ਸ਼ਲਾਘਾ ਅਤੇ ਮੰਦ ਕਰਮਾਂ ਪਰ ਉਪੇਖਯਾ ਕਰੇ। ਜੋ ਰਾਜਾ ਅਪਣੇ ਦੇਸ ਕਾ ਆਪ ਰਾਖਾ ਹੋ ਉਸ ਦਾ ਦੇਸ ਕਦੇ ਭੀ ਦੁਖੀ ਨਹੀਂ ਹੁੰਦਾ।

ਦੋਹਰਾ

ਚੁਗਲ ਸ੍ਵਾਰਥੀ ਜਨੋ ਕੇ, ਬਚਨ ਧਰੇ ਨ੍ਰਿਪ ਕਾਨ॥
ਤਿਸ ਰਾਜਾ ਕਾ ਜਗਤ ਮਹਿ, ਹੋਵਤ ਹੈ ਯਸ਼ ਹਾਨ।੧੪੯॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਫੁਲਾਂ ਦੇ ਬੂਟੇ ਦੀ ਜੜ੍ਹਾਂ ਵਿਚ ਹਮੇਸ਼ਾਂ ਹੀ ਭੂੰਡ ਅਤੇ ਕੀੜੇ ਰਹਿੰਦੇ ਹਨ ਜਿਨ੍ਹਾਂ ਦਾ ਕੰਮ ਇਹ ਹੁੰਦਾ ਹੈ

ਕਿ ਉਸ ਦੀ ਜੜਾਂ ਦਾ ਹੌਲੀ ਹੌਲੀ ਕਲਰ ਖਾਂਦੇ ਰਹਿੰਦੇ ਹਨ ਅਰ ਉਸਦੀ ਸਾਇਆ ਹੇਠ ਸੁੱਖ ਪਾਉਂਦੇ ਹਨ, ਪਰੰਤੂ ਜੇ ਕਦੇ ਉਹ ਕੀੜੇ ਫੁਲਾਂ ਪਰ ਆ ਪਹੁੰਚਣ ਤਦ ਉਸ ਦੀ ਸੁੰਦਰਤਾ ਨੂੰ ਨਾਸ ਕਰ ਦੇਂਦੇ ਹਨ, ਇਸ ਵਾਸਤੇ ਉਹ ਫੁਲਾਂ ਦਾ ਬੂਟਾ ਉਨ੍ਹਾਂ ਤੇ ਬਚਨੇ ਲਈ ਇਹ ਯਤਨ ਕਰਦਾ ਹੈ ਜੋ ਅਪਣੇ ਸੁਖਾਂ ਦੇ ਪਤੇ ਉਨ੍ਹਾਂ ਥੋਂ ਉਲਟ ਰਖਦਾ ਹੈ ਜਿਸ ਪਰ ਉਹ ਚੜ੍ਹਕੇ ਉਸ ਦਾ ਨੁਕਸਾਨ ਨਹੀਂ ਕਰ ਸਕਦੇ। ਇਸੇ ਪ੍ਰਕਾਰ ਅਕਸਰ ਕਰਕੇ ਰਾਜਿਆਂ ਪਾਸ ਦੋ ਪ੍ਰਕਾਰ ਦੇ ਹੀ ਆਦਮੀ ਸਮੀਪਤਾ ਚਾਹੁੰਦੇ ਹਨ ਇਕ ਤਾਂ ਓਹ ਜੋ ਕਿਸੇ ਨਾ ਕਿਸੇ ਦੀ ਚੁਗਲੀ ਨਿੰਦਾ ਉਸ ਦੇ ਕੰਨਾਂ ਤਕ ਪਹੁੰਚਾਉਂਦੇ ਹਨ। ਦੂਜੇ ਅਪਣੇ ਸ੍ਵਾਰਥ ਨੂੰ ਪੂਰਾ ਕਰਨ ਵਾਲੇ। ਪਰੰਤੂ ਰਾਜਾ ਨੂੰ ਚਾਹੀਦਾ ਹੈ ਕਿ ਉਨ੍ਹਾਂ ਤੇ ਅਪਣੇ ਭੇਦ ਰੂਪੀ ਪੱਤ੍ਰ ਛਿਪਾ ਰਖੇ, ਅਰ ਉਨ੍ਹਾਂ ਦੇ ਕਹਿਣੇ ਪਰ ਹੀ ਨਿਰਭਰ ਨਾ ਕਰ ਬੈਠੇ। ਜੋ ਰਾਜਾ ਦੂਸਰੇ ਖੁਸ਼ਾਮਦੀਆਂ ਹੱਥ ਆਕੇ ਉਲਟ ਪੁਲਟ ਕਰਨ ਲਗ ਜਾਏਗਾ ਤਦ ਉਸ ਦਾ ਯਸ਼ ਜੋ ਇਕ ਫੁਲ ਸਮਾਨ ਸੁਗੰਧਤ ਅਰ ਸੁੰਦ੍ਰ ਹੈ ਸੋ ਅਪਣੀ ਆਭਾ ਘੱਟ ਕਰ ਦੇਵੇਗਾ।

ਦੋਹਰਾ

ਰਾਜ ਭਗਤ ਪਰ ਸਵਾਰਥ, ਨਿਯਾਇ ਵਿਗ ਵਿਦਵਾਨ॥
ਹੈ ਮੰਤ੍ਰੀ ਜਿਸ ਭੂਪ ਕੇ, ਕਬਹੁ ਨਾ ਹੋਵਤ ਹਾਨ॥੧੫੦॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਰਾਜਾ ਸਦਾ ਹੀ ਆਪਣੇ ਮੰਤ੍ਰੀ ਐਸੇ ਰਖੇ ਜੋ ਭਗਤ ਹੋਣ, ਜਿਸ ਦਾ ਭਾਵ ਕਿ ਰਾਜਾ ਨੂੰ ਲੁੱਟਕੇ ਅਪਣਾ ਘਰ ਭਰਨੇ ਹਾਰ ਨਾ ਹੋਣ, ਕਿੰਤੂ ਰਾਜਾ ਦੀ ਪ੍ਰਜਾ ਦੀ ਪਾਲਨ ਰੂਪ ਭਗਤੀ ਅਰਥਾਤ ਸੇਵਾ ਕਰਨੇ ਵਾਲੇ ਹੋਣ, ਦੂਸਰਾ ਪ੍ਰਜਾ ਦੇ ਗਲੇ ਕੱਟਕੇ ਅਪਣਾ ਕੰਮ ਸਵਾਰਨ ਵਾਲੇ ਨਾ ਹੋਣ ਕਿੰਤੂ ਆਪ ਦੁਖ ਸਹਾਰਕੇ ਦੂਜੇ ਦਾ ਭਲਾ ਕਰ ਸਕਣ। ਇਸ ਤੇ ਅਗੇ ਕਾਨੂੰਨ ਦੇ ਗਿਯਾਤਾ ਹੋਣ ਅਤੇ ਵਿੱਦਿਯਾ ਵਿਚ ਸੰਪੰਨ ਹੋਣੇ ਚਾਹੀਦੇ ਹਨ, ਜਿਸ ਰਾਜਾ ਨੂੰ ਸਲਾਹ ਦੇਣੇ ਵਾਲੇ ਅਜਿਹੇ ਪੁਰਖ ਹੋਣ ਉਸ ਦੇ ਰਾਜ ਦੀ ਕਦੇ ਭੀ

ਹਾਨੀ ਨਹੀਂ ਹੁੰਦੀ। ਅੱਜ ਕਲ ਕਈ ਰਾਜਿਆਂ ਦੇ ਤਾਰੀਖਾਂ ਵਿੱਚ ਹਾਲ ਪੜ੍ਹਨ ਤੇ ਮਲੂਮ ਹੁੰਦਾ ਹੈ ਕਿ ਕਈ ਵੇਰ ਰਾਜੇ ਅਨੀਤੀ ਵਿੱਚ ਭੀ ਪ੍ਰਵਿਰਤ ਹੋ ਜਾਂਦੇ ਹਨ, ਪ੍ਰੰਤੂ ਉਨ੍ਹਾਂ ਦੇ ਮੰਤ੍ਰੀ ਉਨ੍ਹਾਂ ਨੂੰ ਜ਼ੋਰ ਨਾਲ ਰੋਕ ਦੇਂਦੇ ਹਨ ਜਿਸ ਤੇ ਕੋਈ ਉਪਦ੍ਰਵ ਨਹੀਂ ਸੀ। ਇਸ ਵਾਸਤੇ ਰਾਜਾ ਨੂੰ ਐਸੇ ਮੰਤ੍ਰੀ ਜ਼ਰੂਰ ਰਖਣੇ ਚਾਹੀਦੇ ਹਨ ਜੋ ਪ੍ਰਜਾ ਪਾਲਕ ਅਤੇ ਨਿਯਾਇਕਾਰੀ ਹੋਣ।

ਦੋਹਰਾ

ਸਮਯ ਸਮਯ ਪਰ ਭੂਪ, ਜਬ ਕਰੇ ਰਾਜ ਕੇ ਕਾਜ॥
ਸੁਖੀ ਰਹਤ ਪ੍ਰਜਾ ਸਭੇ, ਕਰਤ ਅਕੰਟਕ ਰਾਜ।੧੫੧॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਰਾਜਾ ਨੂੰ ਚਾਹੀਦਾ ਹੈ ਕਿ ਆਪਣੇ ਸਮਯ ਦਾ ਸਾਰਾ ਵਿਭਾਗ ਕਰ ਲੇਵੇ ਅਰ ਜਿਸ - ਜਿਸ ਸਮਯ ਵਿੱਚ ਜੋ -ਜੋ ਕੰਮ ਕਰਨਾ ਹੈ ਉਸੇ ਸਮਯ ਵਿੱਚ ਉਸ ਨੂੰ ਕਰਕੇ ਅਪਣਾ ਇੰਤਜ਼ਾਮ ਠੀਕ ਰਖੇ, ਜੈਸਾ ਕਿ ਜਦ ਕਚਿਹਰੀ ਦਾ ਵਕਤ ਹੋਵੇ ਤਦ ਅਦਾਲਤ ਦੇ ਤਖਤ ਪਰ ਬੈਠਕੇ ਸਾਰੇ ਰਾਜ ਕਾਜ ਦਾ ਕੰਮ ਐਸਾ ਕਰੇ ਜਿਸ ਤੇ ਸਭ ਲੋਗ ਏਹੋ ਸਮਝਣ ਕਿ ਸਾਡਾ ਇਨਸਾਫ ਹੋਇਆ ਹੈ।

ਇਸੇ ਤਰ੍ਹਾਂ ਜਦ ਸ਼ਸਤ੍ਰ ਵਿੱਦਿਯਾ ਚਲਾਉਨ ਵੱਲ ਜਾਏ ਤਦ ਸੂਰਬੀਰਾਂ ਵਿਚ ਪਹਿਲਾ ਨਾਮ ਪਾਏ ਜਦ ਸ਼ਸਤ੍ਰ ਵਿੱਦਿਯਾ ਵੱਲ ਖਿਯਾਲ ਕਰੇ ਤਦ ਸਭਨਾਂ ਵਿਦਵਾਨਾਂ ਵਿਚੋਂ ਸਿਰੋਮਣੀ ਹੋਕੇ ਦਿਖਾਏ। ਫਿਰ ਜਦ ਸ਼ਿਕਾਰ ਚੜ੍ਹੇ ਤਦ ਉਸਦੇ ਚਮਤਕਾਰ ਥੋ ਭੀ ਅਛੀ ਤਰ੍ਹਾਂ ਪੂਰਾ ਕਰਨੇ ਵਿਚ ਨਿਪੁੰਨ ਹੋਵੇ।

ਪਰੰਤੂ ਐਸਾ ਨਾ ਕਰੇ ਜੋ ਇਕ ਵਹਿਣ ਵਿੱਚ ਹੀ ਅਪਣੀ ਸਾਰੀ ਜ਼ਿੰਦਗੀ ਦਾ ਅਮੋਲਕ ਸਮਾਂ ਖੋਹ ਬੈਠੇ ਯਾ ਆਪਣੇ ਸਮੇਂ ਨੂੰ ਯਥਾ ਯੋਗ ਨਾ ਵਰਤੇ ਜੈਸਾ ਕਿ ਸੌਣੇ ਦੇ ਵੇਲੇ ਸ਼ਿਕਾਰ ਅਤੇ ਸ਼ਿਕਾਰ ਦੇ ਵੇਲੇ ਅਹਾਰ ਕਰਕੇ ਉਲਟ ਪੁਲਟ ਕੰਮ ਕਰ ਦੇਵੇ ਅਰ ਪ੍ਰਜਾ ਜੋ ਉਸ ਦੇ ਇਨਸਾਫ਼ ਦੀ ਪਿਆਸੀ ਹੈ ਸੋ ਬੈਠੀ ਬੂਹੇ ਅਗੇ

ਕੁਰਲਾਵੇ।

ਇਸ ਵਾਸਤੇ ਜੋ ਰਾਜਾ ਸਾਰੇ ਕੰਮ ਆਪਣੇ - ਆਪਣੇ ਕੰਮ ਸਮੇਂ ਪਰ ਵਿਚਾਰ ਨਾਲ ਕਰਦਾ ਹੈ ਉਸ ਦੀ ਪ੍ਰਜਾ ਸਦਾ ਹੀ ਸੁਖੀ ਰਹਿੰਦੀ ਹੈ।

ਦੋਹਰਾ

ਜਿਉਂ ਜਹਾਜ਼ ਪਤਿ ਤਾਹਿ ਕੋ, ਸਾਭਰ ਸਦ ਪਰਕਾਰ।।
ਤਿਉਂ ਭੂਪਤ ਨਿਜ ਰਾਜ ਕਾ, ਕਰਤਾ ਰਹੇ ਉਧਾਰ।।੧੫੨।।

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਜਹਾਜ਼ ਦੇ ਚਲਾਉਣ ਵਾਲਾ ਸਮੁੰਦ੍ਰ ਘੁੰਮਣ ਤੇ ਮਗਰਮੱਛਾਂ ਦੀਆਂ ਟਕਰਾਂ ਤੇ ਅਤੇ ਕਈ ਤਰ੍ਹਾਂ ਦੇ ਤੁਫਾਨਾਂ ਥੋਂ ਜਹਾਜ਼ ਨੂੰ ਬਚਾਕੇ ਅਰਾਮ ਨਾਲ ਅਪਣੇ ਮੰਜ਼ਲ ਪਹੁੰਚਾਉਣ ਦਾ ਯਤਨ ਕਰਦਾ ਹੈ ਅਰ ਜੇ ਉਹ ਬੇਖਬਰ ਹੋਕੇ ਸੌਂ ਰਹੇ ਤਦ ਉਸ ਦਾ ਫਲ ਇਹ ਹੈ ਕਿ ਪਹਾੜਾਂ ਨਾਲ ਟੱਕਰ ਕੇ ਘੁੰਮਣਘੇਰ ਵਿਚ ਪਾਕੇ ਯਾ ਮਛ ਅਤੇ ਤੁਫਾਨਾਂ ਦੇ ਸਦਮਿਆਂ ਨਾਲ ਜਹਾਜ਼ ਦੇ ਟੁੱਕੜੇ - ਟੁਕੜੇ ਹੋ ਜਾਂਦੇ ਹਨ ਜਿਸ ਨਾਲ ਹਜ਼ਾਰਾਂ ਦਾ ਮਾਲ ਅਤੇ ਸੈਂਕੜੇ ਜਾਨਾਂ ਦਾ ਘਾਣ ਹੋ ਜਾਂਦਾ ਹੈ।

ਇਸੀ ਪਰਕਾਰ ਰਾਜਾ ਨੂੰ ਭੀ ਚਾਹੀਦਾ ਹੈ ਕਿ ਅਪਨੇ ਰਾਜਾ ਰੂਪੀ ਮੰਤ੍ਰੀਆਂ ਦੁਆਰੇ ਅਪਣੇ ਖਿਯਾਲ ਨਾਲ ਚਲਾਏ ਕਿਉਂਕਿ ਅਕਸਰ ਇਕ ਰਾਜਾ ਦੇ ਰਾਜ ਰੂਪੀ ਜਹਾਜ਼ ਨੂੰ ਉਸ ਦੇ ਸ਼ਤ੍ਰੂਆਂ ਦੇ ਮਗਰਮੱਛ ਤੋੜਨ ਲਈ ਤਕਦੇ ਰਹਿੰਦੇ ਹਨ ਅਰ ਦੁਰਭਿਖ ਆਦਿਕ ਘੁੰਮਣਘੇਰ ਉਜਾੜਨਾ ਚਾਹੁੰਦੇ ਹਨ।

ਧਾੜਵੀ ਆਦਿਕ ਚਟਾਨਾਂ ਉਸ ਦੇ ਖੰਡਨ ਕਰਨ ਲਈ ਲੱਗੀਆਂ ਰਹਿੰਦੀਆਂ ਹਨ। ਇਸੇ ਤਰ੍ਹਾਂ ਹਰ ਇਕ ਬੁਰੀ ਸਮਰਥਾ ਉਸ ਦੇ ਰਾਜ ਦੀ ਹਾਨੀ ਲਈ ਤਿਆਰ ਰਹਿੰਦੀ ਹੈ, ਪਰੰਤੂ ਰਾਜਾ ਨੂੰ ਚਾਹੀਦਾ ਹੈ ਕਿ ਸਵਾਧਾਨ ਰਹੇ, ਅਰ ਉਨ੍ਹਾਂ ਦ੍ਰਿਸ਼ਟਾਤਾਂ ਨੂੰ ਅਪਣੇ ਸਾਹਮਣੇ ਰਖੇ ਕਿ ਜਿਸ ਰਾਜਾ ਦਾ ਰਾਜ ਕਿਸ ਕਾਰਨ ਨਾਲ ਨਾਸ ਹੋਇਆ ਅਰ ਕਿਸ-ਕਿਸ ਦਾ ਦੇਸ ਕਿਉਂ ਉਜੜ ਗਿਆ।

ਜਿਨ੍ਹਾਂ-ਜਿਨ੍ਹਾਂ ਵਿਖਯਾਂ ਉਪਦ੍ਰਵਾਂ ਨੇ ਉਨ੍ਹਾਂ ਦੇ ਰਾਜ ਨੂੰ ਹਾਨੀ ਪਹੁੰਚੀ ਹੋਵੇ ਉਨ੍ਹਾਂ ਨੂੰ ਆਪਣੇ ਰਾਜ ਵਿਚ ਦੇਖਣ ਨਾ ਕਰਨ ਦੇਵੇ ਜਿਸ ਤੇ ਉਸ ਦਾ ਰਾਜ ਦਾ ਜਹਾਜ਼ ਅਪਣੇ ਪਰਜਾ ਦੇ ਮੁਸਾਫਰਾਂ ਨੂੰ ਸਰਬ ਪ੍ਰਕਾਰ ਨਾਲ ਸੁੱਖ ਦੇ ਕਿਨਾਰੇ ਪਰ ਪਹੁੰਚਾ ਸਕਦਾ ਹੈ। ਜੋ ਰਾਜਾ ਅਪਣੇ ਰਾਜ ਦੀ ਆਪ ਨਿਯਾਇ ਅਤੇ ਨੀਤੀ ਨਾਲ ਪਰਬੰਧ ਕਰਦਾ ਹੈ ਉਸ ਦਾ ਰਾਜ ਸਦਾ ਦੇ ਲਈ ਅੱਟਲ ਰਹਿੰਦਾ ਹੈ।

ਦੋਹਰਾ

ਜਿਉਂ ਤਰਵਰ ਸਿਰ ਦੁਖ ਸਹੈ, ਔਰਨ ਕੋ ਫਲ ਦੇਤ॥
ਤਿਉਂ ਰਾਜਾ ਨਿਜ ਕਸ਼ਟ ਸਹੇ, ਪ੍ਰਜਾ ਦੁਖ ਹਰ ਸੇਤ॥੧੫੩॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਬਿਰਖ ਅਪਣੇ ਸਿਰ ਪਰ ਸਾਰੀ ਸਰਦੀ ਗਰਮੀ ਅਤੇ ਝੱਖੜ ਝੋਲੇ ਸਹਾਰਦਾ ਹੈ ਅਰ ਦੂਸਰੇ ਪੁਰਖ ਜੋ ਉਸ ਦੀ ਸਰਨ ਆਂਵਦੇ ਹਨ ਉਨ੍ਹਾਂ ਨੂੰ ਠੰਢੀ ਸ਼ਾਇਆ ਅਤੇ ਅਪਣੇ ਫਲਾਂ ਨਾਲ ਸੁਖ ਪਰਾਪਤ ਕਰਦਾ ਹੈ। ਇਸੇ ਤਰ੍ਹਾਂ ਰਾਜਾ ਨੂੰ ਭੀ ਚਾਹੀਦਾ ਹੈ ਕਿ ਆਪ ਕਈ ਪ੍ਰਕਾਰ ਦੇ ਕਲੇਸ਼ ਸਹਾਰ ਕੇ ਰਾਜ ਨੂੰ ਸੁਖ ਪਰਦਾਨ ਕਰੇ ਜੋ ਰਾਜਾ ਆਪਣੇ ਸੁੱਖ ਲਈ ਪ੍ਰਜਾ ਨੂੰ ਜਾਣਦਾ ਹੈ ਸੋ ਸਦਾ ਹੀ ਅਨੰਤ ਨੂੰ ਕਸ਼ਟ ਪਾਉਂਦਾ ਹੈ ਅਰ ਜੋ ਆਪਣੇ ਆਪ ਨੂੰ ਪ੍ਰਜਾ ਦੇ ਸੁੱਖ ਵਾਸਤੇ ਖਿਆਲ ਕਰਦਾ ਹੈ ਸੋ ਸਦਾ ਹੀ ਸੁਖੀ ਰਹਿੰਦੀ ਹੈ।

ਦੋਹਰਾ

ਜਿਉਂ ਬਾਦਲ ਊਚਾ ਰਹੇ, ਗਰਜਤ ਹੈ ਜਸ ਦੇਤ॥
ਤਿਉਂ ਰਾਜਾ ਧਨ ਸੰਚਦੇ, ਪ੍ਰਜਾ ਤੇ ਯਸ਼ ਲੇਤ॥੧੫੪॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਪ੍ਰਕਾਰ ਜਲ ਨੂੰ ਸੰਚਨ ਕਰਕੇ ਸਭ ਤੇ ਉਚਾ ਹੋਕੇ ਗਰਜਦਾ ਹੈ ਅਰ ਸਭ ਲੋਗ ਉਸ ਨੂੰ ਸ਼ਕਾਲਤਾ ਦਾ ਕਾਰਨ ਜਾਣਦੇ ਹਨ ਉਸ ਦਾ ਇਹੋ ਕਾਰਨ ਹੈ ਕਿ ਉਹ ਜਲ ਨੂੰ ਸੁਕੀਆਂ ਜ਼ਮੀਨਾਂ

ਪਰ ਵਰਸਾ ਕੇ ਹਰੀਆਂ ਕਰਦਾ ਹੈ ਜਿਸ ਤੇ ਉਸ ਦੀ ਹਰ ਵੇਲੇ ਚਾਹ ਰਹਿੰਦੀ ਹੈ। ਇਸੀ ਪ੍ਰਕਾਰ ਲਾਭ ਵਾਸਤੇ ਪ੍ਰਦਾਨ ਕਰਦਾ ਹੈ ਸੋ ਰਾਜਾ ਸਭ ਪਰ ਤੇਜ ਪ੍ਰਤਾਪ ਨਾਲ ਬ੍ਰਾਜਦਾ ਹੈ ਅਰ ਕਈ ਨਿਰਧਨ ਉਸ ਦੇ ਦਾਨ ਨੂੰ ਪਾਕੇ ਧਨਵਾਨ ਅਤੇ ਕਈ ਨਿਰਬਲ ਬਲਵਾਨ ਹੋ ਜਾਂਦੇ ਹਨ। ਜੋ ਰਾਜਾ ਆਪਣੇ ਸੁਭਾਵ ਨੂੰ ਬੱਦਲ ਦੀ ਤਰ੍ਹਾਂ ਵਰਤਾਓ ਵਿੱਚ ਲਿਆਉਂਦਾ ਹੈ ਸੋ ਰਾਜਾ ਕਦੇ ਭੀ ਅਪਯਸ਼ ਦਾ ਭਾਗੀ ਨਹੀਂ ਹੁੰਦਾ।

ਦੋਹਰਾ

ਵਿਦ੍ਵਾਨ ਅਰ ਨਿਆਇ ਯਤ, ਲੋਭ ਹੀਨ ਪ੍ਰਧਾਨ॥
ਜਿਸ ਰਾਜਾ ਪਹਿ ਮੰਤ੍ਰੀ, ਕੋਨ ਕਰੇ ਤਿਹ ਹਾਨ।੧੫੫॥

ਇਸ ਨੀਤੀ ਬਚਨ ਦਾ ਭਾਵ ਇਹ ਹੈ ਕਿ ਜਿਸ ਰਾਜਾ ਦੇ ਪਾਸ ਵਿਦਵਾਨ ਅਤੇ ਨਿਆਇਕਾਰੀ ਲੋਭ ਲੇਸ ਰਹਤ ਮੰਤ੍ਰੀ ਅਰਥਾਤ ਐਹਲਕਾਰ ਹਨ ਫਿਰ ਉਸ ਰਾਜਾ ਦੀ ਕੌਨ ਹਾਨੀ ਕਰ ਸਕਦਾ ਹੈ, ਜਿਸ ਤੇ ਰਾਜਾ ਦਾ ਪਰਮ ਧਰਮ ਹੈ ਕਿ ਜੋਗ ਪੁਰਖਾਂ ਨੂੰ ਆਪਣੇ ਰਾਜ ਦੇ ਅਧਿਕਾਰੀ ਬਣਾਏ ਜਿਸ ਤੇ ਕਦੇ ਭੀ ਰਾਜ ਕਰਨ ਵਿਚ ਹਾਨੀ ਨਾ ਹੋਵੇਗੀ। ਜੋ ਰਾਜਾ ਅਪਣੇ ਰਾਜ ਦੇ ਲਾਇਕ ਅਧਿਕਾਰੀ ਨਹੀਂ ਰੱਖਦਾ। ਓਹ ਕਦੇ ਭੀ ਪਰਜਾ ਪਾਲਨ ਨੂੰ ਅਛੀ ਤਰ੍ਹਾਂ ਕਰਕੇ ਪਰਜਾ ਤੇ ਯਸ਼ ਦਾ ਪਾਤ੍ਰ ਨਹੀਂ ਬਨ ਸਕਦਾ।

***** ਸਮਾਪਤ *****

ਚੋਣਵੀਆਂ ਪੁਸਤਕਾਂ ਦੀ ਸੂਚੀ

ਲੜੀ ਨੰ:	ਪੁਸਤਕ ਦਾ ਨਾਂ	ਲੇਖਕ ਦਾ ਨਾਂ
੧.	ਸਿੰਘ ਸਭਾ ਦਾ ਮੋਢੀ ਅਰਥਾਤ ਜੀਵਨ ਬ੍ਰਿਤਾਂਤ ਗਿਆਨੀ ਦਿੱਤ ਸਿੰਘ ਜੀ (੧੯੫੧ਈ:)	ਸ੍ਰ. ਦਲਜੀਤ ਸਿੰਘ, ਅੰਮ੍ਰਿਤਸਰ
੨.	ਜੀਵਨ ਚਰਿਤਰ ਗਿਆਨੀ ਦਿੱਤ ਸਿੰਘ ਜੀ (੧੯੬੨ਈ:)	ਗਿਆਨੀ ਅਮਰ ਸਿੰਘ ਗੁਲਾਬ ਜਨਰਲ ਸਟੋਰ, ਅੰਮ੍ਰਿਤਸਰ
੩.	ਸ਼ੀਰੀਂ ਫ਼ਰਹਾਦ ਕ੍ਰਿਤ ਭਾਈ ਦਿੱਤ ਸਿੰਘ ਗਿਆਨੀ (੧੯੬੩ ਈ:)	ਸੰਪਾਦਕ ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ
੪.	ਗਿਆਨੀ ਦਿੱਤ ਸਿੰਘ ਰਚਨਾਵਲੀ (੧੯੭੭ ਈ:)	ਸੰਪਾਦਕ ਸ੍ਰ. ਸ਼ਮਸ਼ੇਰ ਸਿੰਘ ਅਸ਼ੋਕ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ
੫.	ਸਿੰਘ ਸਭਾ ਲਹਿਰ ਦੇ ਮੋਢੀ ਗਿਆਨੀ ਦਿੱਤ ਸਿਘ ਜੀ (ਜੀਵਨੀ) (੧੯੯੫ ਈ:)	ਕੈਪਟਨ ਧਰਮ ਸਿੰਘ, ਪਿੰਡ ਬਡਾਲਾ
੬.	ਗਿਆਨੀ ਦਿੱਤ ਸਿੰਘ ਜੀਵਨ ਤੇ ਰਚਨਾ (੧੯੮੭ ਈ:)	ਡਾ: ਨਰਿੰਦਰ ਸਿੰਘ ਕਪੂਰ, ਪਟਿਆਲਾ
੭.	ਗਿਆਨੀ ਦਿੱਤ ਸਿੰਘ ਜੀਵਨ ਅਤੇ ਰਚਨਾ (੧੯੯੮ ਈ:)	ਸੰਪਾਦਕ ਗਿਆਨੀ ਗੁਰਦਿੱਤ ਸਿੰਘ ਧਰਮ ਪ੍ਰਚਾਰ ਕਮੇਟੀ, ਸ਼੍ਰੀ ਅੰਮ੍ਰਿਤਸਰ
੮.	ਭਾਈ ਦਿੱਤ ਸਿੰਘ ਗਿਆਨੀ ਜੀਵਨ, ਰਚਨਾ ਤੇ ਸ਼ਖਸੀਅਤ (2003 ਈ:)	ਡਾ: ਕਰਨੈਲ ਸਿੰਘ ਸੋਮਲ ਮੋਹਾਲੀ

****

ਜ਼ਰੂਰੀ ਸੂਚਨਾ

ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਪੰਜਾਬੀ ਦੇ ਪਹਿਲੇ ਪ੍ਰੋਫੈਸਰ, ਸਿੱਖ ਧਰਮ/ਇਤਿਹਾਸ ਦੇ ਮਹਾਨ ਵਿਦਵਾਨ, ਉੱਚ ਕੋਟੀ ਦੇ ਕਵੀ, ਪ੍ਰਸਿੱਧ ਲੇਖਕ, ਉੱਘੇ ਡਿਵੇਟਰ, ਉੱਤਮ ਵਿਆਖਿਆਕਾਰ, ਸ੍ਰੇਸ਼ਟ ਟੀਕਾਕਾਰ ਅਤੇ ਸਰਬੋਤਮ ਉਪਦੇਸ਼ਕ, ਪੰਜਾਬੀ ਪੱਤਰਕਾਰੀ ਦੇ ਪਿਤਾਮਾ, ਖਾਲਸਾ ਅਖਬਾਰ, ਲਹੌਰ ਦੇ ਐਡੀਟਰ, ਸ੍ਰੀ ਗੁਰੂ ਸਿੰਘ ਸਭਾ, ਅੰਮ੍ਰਿਤਸਰ ਅਤੇ ਲਹੌਰ ਦੇ ਬਾਨੀ, ਖਾਲਸਾ ਦੀਵਾਨ ਲਹੌਰ ਅਤੇ ਖਾਲਸਾ ਕਾਲਜ, ਅੰਮ੍ਰਿਤਸਰ ਦੇ ਮੋਢੀ ਸਨ ਜਿਨ੍ਹਾਂ ਨੇ ਆਪਣੇ ਛੋਟੇ ਜਿਹੇ ਜੀਵਨ ਕਾਲ (੧੮੫੦-੧੯੦੧ ਈ:) ਦੌਰਾਨ ਪੰਜਾਬੀ ਮਾਂ ਬੋਲੀ ਦੀ ਝੋਲੀ ੭੧ ਪੁਸਤਕਾਂ ਨਾਲ ਭਰਕੇ ਉਸ ਦੀ ਗੋਦੀ ਨੂੰ ਹਰਾ ਭਰਾ ਕਰਕੇ ਆਪਣੇ ਖ਼ੂਨ ਨਾਲ ਸਿੱਖੀ ਦੇ ਬੂਟੇ ਨੂੰ ਸਿੰਜਿਆ ਅਤੇ ਖਾਲਸਾ ਪੰਥ ਦੀ ਨਿਸ਼ਕਾਮ ਸੇਵਾ ਅੰਤਮ ਸੁਆਸਾਂ ਤੱਕ ਨਿਭਾਈ।

ਅਜਿਹੀ ਲਾਸਾਨੀ ਸ਼ਖਸੀਅਤ ਦੀਆਂ ਕ੍ਰਿਤਾਂ ਦੀ ਪੁਨਰ-ਛਾਪ ਦੀ ਪ੍ਰਕਾਸ਼ਨਾ "ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਰਚਨਾਵਲੀ ਭਾਗ ਪਹਿਲਾ ਤੋਂ ਗਿਆਰ੍ਹਵਾਂ" ਦੇ ਰੂਪ ਵਿੱਚ ਸੰਪਾਦਿਤ ਅਤੇ ਪ੍ਰਕਾਸ਼ਿਤ ਕਰਨ ਉਪਰੰਤ ਸੰਗਤਾਂ ਵਿੱਚ ਮੁਫ਼ਤ ਵੰਡਣ ਦਾ ਨਿਮਾਣਾ ਜਿਹਾ ਉਪਰਾਲਾ ਸ੍ਰ: ਪ੍ਰੀਤਮ ਸਿੰਘ ਐਮ.ਏ. ਵਲੋਂ ਜਨਵਰੀ ੨੦੦੫ ਈ: ਤੋਂ ਕੀਤਾ ਗਿਆ ਹੈ। ਪ੍ਰਮਾਤਮਾਂ ਦੀ ਅਪਾਰ ਕ੍ਰਿਪਾ ਸਦਕਾ ਇਸ ਰਚਨਾਵਲੀ ਦੀ ਲੜੀ ਦੇ ਬਾਕੀ ਰਹਿੰਦੇ ਪੰਜ ਭਾਗ (ਬਾਰ੍ਹਵਾਂ ਤੋਂ ਸੋਲ੍ਹਵਾਂ) ਵੀ ਸੰਗਤਾਂ ਦੇ ਰੂ-ਬ-ਰੂ ਕਰਨ ਦੇ ਉੱਦਮ ਜਾਰੀ ਹਨ ਜਿਸ ਨਾਲ ਗਿਆਨੀ ਜੀ ਦੀਆਂ ਇੱਕ ਸਦੀ ਤੋਂ ਵੀ ਵੱਧ ਪੁਰਾਣੀਆਂ ਅਨਮੋਲ ਰਚਨਾਵਾਂ, ਜਿਨ੍ਹਾਂ ਨੂੰ ਅੱਜ ਤੱਕ ਅਣਗੌਲਿਆ ਕਰ ਛਡਿਆ ਸੀ, ਨੂੰ ਪੁਨਰ-ਛਾਪ ਰੂਪ ਵਿੱਚ ਮੁੜ ਇੱਕੀਵੀਂ ਸਦੀ ਦੌਰਾਨ ਆਮ ਲੋਕਾਂ ਤੱਕ ਪੁੱਜਦਾ ਕੀਤਾ ਜਾ ਰਿਹਾ ਹੈ।

ਸੰਗਤਾਂ ਅਤੇ ਆਮ ਲੋਕਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਪੰਥ ਰਤਨ ਭਾਈ ਦਿੱਤ ਸਿੰਘ ਗਿਆਨੀ ਜੀ ਦੀਆਂ ਮਹਾਨ ਅਤੇ ਦੁਰਲੱਭ ਕ੍ਰਿਤਾਂ/ਲਿਖਤਾਂ ਬਤੌਰ ਪੁਨਰ-ਛਾਪ ਰੂਪ ਵਿੱਚ ਹੇਠ ਦਿੱਤੇ ਪਤੇ ਉੱਤੇ ਉਪਲਬਧ ਹਨ ਜਿਨਾਂ ਤੋਂ ਪੂਰਾ-ਪੂਰਾ ਲਾਭ ਉਠਾਇਆ ਜਾ ਸਕਦਾ ਹੈ।


ਚੇਅਰਮੈਨ,

ਭਾਈ ਦਿੱਤ ਸਿੰਘ ਗਿਆਨੀ ਮੈਮੋਰੀਅਲ ਚੈਰੀਟੇਬਲ ਟੱਰਸਟ (ਰਜਿ:)

ਪ੍ਰਬੰਧਕੀ ਦਫ਼ਤਰ ਨੰ: ੪੧੬, ਸੈਕਟਰ ੬੪, ਐਸ.ਏ.ਐਸ. ਨਗਰ (ਮੋਹਾਲੀ)

ਜ਼ਿਲ੍ਹਾ ਐਸ.ਏ.ਐਸ. ਨਗਰ (ਪੰਜਾਬ) - ੧੬੦੦੬੨

ਲੇਖਕ, ਸੰਪਾਦਕ ਅਤੇ ਪ੍ਰਕਾਸ਼ਕ



ਲੇਖਕ	:	ਪ੍ਰੀਤਮ ਸਿੰਘ ਐਮ. ਏ. (ਅਰਥ ਸ਼ਾਸਤਰ ਅਤੇ ਲੋਕ ਪ੍ਰਸ਼ਾਸਨ)
ਜਨਮ	:	੫-੧੦-੧੯੪੨ ਈ :
ਵਲਦੀਕ	:	ਪੁੱਤਰ ਸ: ਈਸ਼ਰ ਸਿੰਘ ਵਲਦ ਸ: ਕਿਸ਼ਨ ਸਿੰਘ
ਪਿੰਡ	:	ਅੰਧੇੜੀ ਜ਼ਿਲ੍ਹਾ ਸੰਗਰੂਰ (ਪੰਜਾਬ)
ਕਿੱਤਾ	:	ਜੌਇੰਟ ਡਾਇਰੈਕਟਰ (ਰਿਟਾ:) ਅਰਥ ਅਤੇ ਅੰਕੜਾ ਸੰਗਠਨ ਡਿਪਾਰਟਮੈਂਟ ਆਫ ਪਲਾਨਿੰਗ ਪੰਜਾਬ ਸਰਕਾਰ ਚੰਡੀਗੜ੍ਹ
ਰਿਟਾ.	:	੩੧-੧੦-੨000 ਈ
ਮੌਜੂਦਾ ਪਤਾ	:	ਮਕਾਨ ਨੰ:- ੪੧੬, ਫੇਜ਼ ੧੦ ਐਸ. ਏ. ਐਸ. ਨਗਰ (ਮੋਹਾਲੀ) ਪੰਜਾਬ -੧੬00੬੨
ਟੈਲੀਫੋਨ	:	0੧੭੨-੨੨੧੨0੨0